# ਐਸੇ ਜਨ ਵਿਰਲੇ ਸੰਸਾਰੇ

( ਗਿਆਨੀ ਸੰਤ ਸਿੰਘ ਜੀ ਮਸਕੀਨ)



ਗਿਆਨੀ ਗੁਰਵਿੰਦਰ ਸਿੰਘ ਕੋਮਲ

# ਐਸੇ ਜਨ ਵਿਰਲੇ ਸੰਸਾਰੇ

## ਇਸੇ ਕਲਮ ਤੋਂ

- *ਗੁਰੂ ਭਰੋਸਾ—ਪ੍ਰਭੂ ਭਰੋਸਾ* (2005)
- *ਲੋਅ ਸ਼ਹੀਦਾਂ ਦੇ ਸਿਦਕ ਦੀ* (ਕਾਵਿ-ਸੰਗ੍ਰਹਿ) (2007)
- *ਹੰਝੂ ਤੇ ਹਾਸੇ* (ਕਾਵਿ-ਸੰਗ੍ਰਹਿ) (2007)
- *ਮਸਕੀਨ ਜੀ ਦੀਆਂ ਸੁਣਾਈਆਂ ਅਨੁਭਵੀ ਗਾਥਾਵਾਂ* - ਭਾਗ-1 (2009)

# ਐਸੇ ਜਨ ਵਿਰਲੇ ਸੰਸਾਰੇ

[ਗਿਆਨੀ ਸੰਤ ਸਿੰਘ ਜੀ ਮਸਕੀਨ]

ਗਿਆਨੀ ਗੁਰਵਿੰਦਰ ਸਿੰਘ ਕੋਮਲ

ਸਿੰਘ ਬ੍ਰਦਰਜ਼
ਅੰਮ੍ਰਿਤਸਰ

AISE JAN VIRLE SAṄSĀRE

*by*

GIANI GURWINDER SINGH KOMAL
Village Panwan, P.O. Kala Afghana,
Teh. Batala, Distt. Gurdaspur (Pb.) - 143 513
Tele. : 01871-265025 Mobile : 98147-81144
E-mail: komalkomalgs@yahoo.co.in
gskomal65@gmail.com

©
ਸਭ ਹੱਕ ਲੇਖਕ ਦੇ ਰਾਖਵੇਂ ਹਨ।
ਬਿਨਾਂ ਆਗਿਆ ਕੋਈ ਨਾ ਛਾਪੇ।

ISBN-81-7205-365-7

ਪਹਿਲੀ ਵਾਰ ਫ਼ਰਵਰੀ 2006
ਦੂਸਰੀ ਵਾਰ ਨਵੰਬਰ 2006
ਤੀਸਰੀ ਵਾਰ ਨਵੰਬਰ 2009

**ਮੁੱਲ : 100-00 ਰੁਪਏ**

*ਪ੍ਰਕਾਸ਼ਕ :*

**ਸਿੰਘ ਬ੍ਰਦਰਜ਼**

•

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ - 143 006

•

S.C.O. 223-24, ਸਿਟੀ ਸੈਂਟਰ, ਅੰਮ੍ਰਿਤਸਰ - 143 001
*E-mail :* singhbrc@vsnl.com
*Website :* www.singhbrothers.com

*ਪ੍ਰਿੰਟਰਜ਼ :*

ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ

# ਸਮਰਪਿਤ

ਪਰਮ ਆਦਰਨੀਯ ਮਸਕੀਨ ਜੀ ਦੇ
ਸਭ ਸਨੇਹੀਆਂ ਨੂੰ !

# ਤਤਕਰਾ


*ਪ੍ਰੇਮ ਸੰਦੇਸ਼* —ਗਿਆਨੀ ਜਸਵੰਤ ਸਿੰਘ ਜੀ ਪ੍ਰਵਾਨਾ 9

*ਅਤਿ ਮਸਕੀਨੀ* —ਗਿਆਨੀ ਰਣਜੀਤ ਸਿੰਘ ਜੀ ਗੌਹਰ 11

*ਲਿਖਤ ਤੇ ਲੇਖਕ* —ਭਾਈ ਬਖ਼ਸ਼ੀਸ਼ ਸਿੰਘ ਜੀ ਰਾਗੀ 14

*ਲੇਖਕ ਵੱਲੋਂ* 16

*ਗਿਆਨੀ ਸੰਤ ਸਿੰਘ ਜੀ ਮਸਕੀਨ* —ਬੀਬੀ ਜਗੀਰ ਕੌਰ ਜੀ 20

*'ਗੁਰਮਤਿ ਵਿਦਿਆ ਮਾਰਤੰਡ' ਸਨਮਾਨ*
—ਭਾਈ ਜੋਗਿੰਦਰ ਸਿੰਘ ਜੀ ਵੇਦਾਂਤੀ 22

*ਭਾਈ ਗੁਰਦਾਸ ਐਵਾਰਡ* —ਬੀਬੀ ਜਗੀਰ ਕੌਰ ਜੀ 22

*ਸਨਮਾਨ-ਪੱਤਰ* —ਭਾਈ ਜਸਪਾਲ ਸਿੰਘ ਜੀ ਸਚਦੇਵ 23

- ਬੁਰਲੇ ਤੋਂ ਵਿਸ਼ਵ ਯਾਤਰਾ 25
- ਮਸਕੀਨ ਜੀ ਤੇ ਚਾਕਰ ਜੀ 33
- ਨਾਚੁ ਰੇ ਮਨ ਗੁਰ ਕੈ ਆਗੈ 36
- ਗ਼ੁਲਾਮੀ ਗੁਰੂ ਜੀ ਦੀ 39
- ਮਸਕੀਨ ਜੀ ਦੀ ਮਾਇਆ 'ਤੇ ਫ਼ਤਹਿ 43
- ਕਥਾ ਪ੍ਰਭਾਵ 49
- ਪੂਰਬਲੀ ਕਮਾਈ 54
- ਮਸਕੀਨ ਜੀ ਵੱਲੋਂ ਇਕ ਦਰਵੇਸ਼ ਨਾਲ ਅਨੋਖਾ ਪਿਆਰ 58
- ਨਿੰਦਕਾਂ ਦਾ ਵੀ ਭਲਾ 62
- ਵੈਰਾਗ ਦੀਆਂ ਨਦੀਆਂ 67


+

- ਐਸੇ ਜਨ ਵਿਰਲੇ ਸੰਸਾਰੇ 73
- ਮਸਕੀਨ ਜੀ ਤੋਂ ਗੁਰਮਤਿ ਰੰਗਣ 77
- ਗਿਆਨੀ ਸੰਤ ਸਿੰਘ ਜੀ ਮਸਕੀਨ ਗੁਰਮਤਿ ਪ੍ਰਚਾਰ ਵਹੀਰ ਅਤੇ ਗਿਆਨੀ ਰਣਜੀਤ ਸਿੰਘ ਗੌਹਰ 81
- ਸੇਵਾ ਦੀ ਮੂਰਤ—ਮਾਤਾ ਸੁੰਦਰ ਕੌਰ ਜੀ 84


## ਵਿਦਵਾਨਾਂ ਦੀ ਦ੍ਰਿਸ਼ਟੀ ਤੋਂ ਮਸਕੀਨ ਜੀ


- ਨਾ ਝੂਠ ਨਾ ਖ਼ੁਸ਼ਾਮਦ —ਭਾਈ ਅਮਰਜੀਤ ਸਿੰਘ ਖੋਸਾ —ਭਾਈ ਸਤਵਿੰਦਰ ਪਾਲ ਸਿੰਘ ਜੰਗੀ 88
- ਮਾਨਵਤਾ ਦੇ ਸਾਂਝੇ ਮਸਕੀਨ ਜੀ —ਭਾਈ ਬਖਸ਼ੀਸ਼ ਸਿੰਘ ਰਾਗੀ (ਬਟਾਲਾ) 92
- ਬ੍ਰਹਮ ਗਿਆਨ ਅਵਸਥਾ ਦੇ ਮਾਲਕ —ਗਿਆਨੀ ਜਸਵਿੰਦਰ ਸਿੰਘ ਦਰਦੀ 96
- ਗਿਆਨ ਪੁੰਜ—ਗਿ: ਸੰਤ ਸਿੰਘ ਜੀ 'ਮਸਕੀਨ' —ਗਿਆਨੀ ਜੋਗਿੰਦਰ ਸਿੰਘ ਆਜ਼ਾਦ 102
- ਮਸਕੀਨ ਜੀ ਦੀ ਆਖ਼ਰੀ ਕਥਾ —ਲੇਖਕ 111

# ਤੀਜੀ ਛਾਪ ਬਾਰੇ

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਗੁਰਮਤਿ ਵਿੱਦਿਆ ਮਾਰਤੰਡ', ਤਖ਼ਤ ਸ੍ਰੀ ਪਟਨਾ ਸਾਹਿਬ ਤੋਂ 'ਪੰਥ ਰਤਨ', ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਭਾਈ ਗੁਰਦਾਸ ਐਵਾਰਡ' ਅਤੇ ਹੋਰ ਬੇਅੰਤ ਪੰਥਕ ਜਥੇਬੰਦੀਆਂ, ਸਿੰਘ ਸਭਾਵਾਂ ਅਤੇ ਮਾਨਵਤਾ ਨੂੰ ਸਮਰਪਿਤ ਸੰਸਥਾਵਾਂ ਵੱਲੋਂ ਅਨੰਤ ਸਨਮਾਨਾਂ ਨਾਲ ਸਨਮਾਨਿਤ ਸਿੱਖ ਪੰਥ ਦੀ ਸਰਬ ਪ੍ਰਵਾਨਿਤ, ਮਾਇਆਨਾਜ਼ ਪਰਮ ਅਨੰਦਿਤ ਹਸਤੀ ਗਿਆਨੀ ਸੰਤ ਸਿੰਘ ਮਸਕੀਨ ਜੀ ਦੀ ਉੱਚੀ ਸੁੱਚੀ ਪਰਉਪਕਾਰੀ ਸ਼ਖ਼ਸੀਅਤ ਬਾਰੇ ਇਸ ਪੁਸਤਕ ਦੀ ਤੀਸਰੀ ਛਾਪ ਪਾਠਕਾਂ ਦੇ ਹੱਥਾਂ ਵਿਚ ਪਹੁੰਚ ਰਹੀ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਮੁਖਾਰਬਿੰਦ ਤੋਂ ਜਿਨ੍ਹਾਂ ਰੰਗ ਰੱਤੜੇ ਗੁਰਸਿੱਖਾਂ ਦੀ ਬਾਬਤ ਇਹ ਬਚਨ ਉਚਾਰਣ ਕੀਤੇ ਹਨ ਕਿ ਜਿਹੜੇ ਵਡਭਾਗੇ ਮਨੁੱਖ ਆਪਣੇ ਹਿਰਦੇ ਦੇ ਸਿੰਘਾਸਣ 'ਤੇ ਸਤਿਗੁਰੂ ਜੀ ਦਾ ਅਦਬ ਆਦਰ ਬਿਠਾਉਂਦੇ ਨੇ, ਪਰਮਾਤਮਾ ਇਸ ਜਗਤ ਅੰਦਰ ਉਨ੍ਹਾਂ ਦਾ ਮਾਣ-ਸਨਮਾਨ ਕਰਾਉਂਦਾ ਹੈ। ਗੁਰਵਾਕ ਹੈ:

**ਜਿਨ੍ ਨਾਨਕੁ ਸਤਿਗੁਰੁ ਪੂਜਿਆ ਤਿਨ ਹਰਿ ਪੂਜ ਕਰਾਵਾ॥**

*(ਆਸਾ ਮਹਲਾ ੪, ਪੰਨਾ 450)*

ਆਦਰਣੀਯ ਮਸਕੀਨ ਜੀ ਅਜਿਹੇ ਗੁਰੂ ਸੁਆਰੇ ਗੁਰਸਿੱਖਾਂ ਦੀ ਸ਼੍ਰੇਣੀ ਅੰਦਰ ਸੁਸ਼ੋਭਿਤ ਹਨ। ਨਿਰਛਲ ਤੇ ਨਿਸ਼ਕਪਟ ਵਿਸ਼ਾਲ ਹਿਰਦੇ ਦੇ ਮਾਲਕ, ਆਪਣੇ ਸਤਿਗੁਰੂ ਜੀ ਲਈ ਡੂੰਘੀ ਭਾਵਨਾ ਰੱਖਣ ਵਾਲੇ, ਸਿੱਖੀ ਗੌਰਵਤਾ ਨਾਲ ਸਮਰਪਿਤ, ਨਾਮ ਦੇ ਪਰਮ-ਰਸੀਏ, ਗੁਰ-ਸ਼ਬਦ ਦੇ ਖੋਜੀ, ਸੱਚ ਦੀ ਤੜਪ ਰੱਖਣ ਵਾਲੇ, ਗੁਰਬਾਣੀ ਦੇ ਚਾਨਣੇ ਵਿਚ ਰੌਸ਼ਨ ਜ਼ਮੀਰ ਵਾਲੇ, ਹਉਮੈ ਤੋਂ ਬੇਲਾਗ, ਪੰਥਕ ਏਕਤਾ ਦੇ ਮੁੱਦਈ, ਕਥਨੀ ਕਰਨੀ ਦੇ ਧਨੀ, ਗੁਰਮਤਿ ਪ੍ਰਚਾਰ ਦੇ ਚਾਓ ਨਾਲ ਸਰਸ਼ਾਰ ਤੇ ਮਨੁੱਖਤਾ ਦੇ ਸੱਚੇ-ਸੁੱਚੇ ਹਮਦਰਦ ਸਨ ਮਹਾਂਪੁਰਸ਼ ਗਿਆਨੀ ਸੰਤ ਸਿੰਘ ਜੀ ਮਸਕੀਨ।

ਮੈਨੂੰ ਇਸ ਗੱਲ ਦੀ ਪ੍ਰਸੰਨਤਾ ਹੈ ਕਿ ਸੱਚ ਦੇ ਮੁਤਲਾਸ਼ੀਆਂ ਤੇ ਗੁਰਮਤਿ ਪਰਾਇਣ ਗੁਰਸਿੱਖਾਂ ਦੀ ਚਾਹਤ ਕਰਕੇ ਇਹ ਪੁਸਤਕ *ਐਸੇ ਜਨ ਵਿਰਲੇ ਸੰਸਾਰੇ* ਆਪਣੀ ਤੀਜੀ ਛਾਪ ਦੇ ਰੂਪ ਵਿਚ 'ਸਿੰਘ ਬ੍ਰਦਰਜ਼' ਰਾਹੀਂ ਸੰਗਤਾਂ ਦੇ ਸਨਮੁੱਖ ਹੋ ਰਹੀ ਹੈ। ਅਰਦਾਸ ਹੈ ਕਿ ਸਤਿਗੁਰੂ ਜੀ ਆਪਣਾ ਮਿਹਰ ਭਰਿਆ ਹੱਥ ਸਾਡੇ ਸਭਨਾਂ ਦੇ ਸਿਰ 'ਤੇ ਰੱਖ ਕੇ ਗੁਰਮਤਿ ਗਾਡੀ ਰਾਹ ਦਾ ਬੋਧ ਅਤੇ ਇਸ 'ਤੇ ਤੁਰਨ ਦਾ ਚਾਓ ਬਖ਼ਸ਼ਣ। 'ਸਿੰਘ ਬ੍ਰਦਰਜ਼' ਦੀ ਗੁਰੂ ਸਾਹਿਬ ਸਦਾ ਚੜ੍ਹਦੀ ਕਲਾ ਬਣਾਈ ਰੱਖਣ!

*ਗੁਰ-ਸੰਗਤਾਂ ਦੀ ਚਰਨ-ਰਜ*

ਮਿਤੀ: 9-11-09

**ਗਿਆਨੀ ਗੁਰਵਿੰਦਰ ਸਿੰਘ ਕੋਮਲ**
ਬੈਂਕੋਕ (ਥਾਈਲੈਂਡ)
ਪੰਜਾਬ ਫ਼ੋਨ: 01871-265025
ਬੈਂਕੋਕ ਫ਼ੋਨ: 0066-858247535
E-mail: komalkomalgs@yahoo.co.in
gskomal65@gmail.com

# ਪ੍ਰੇਮ ਸੰਦੇਸ਼

ਗੁਰਮਤਿ ਵਿਚ ਪ੍ਰਚਾਰਕ ਦਾ ਬੜਾ ਉੱਚਾ ਥਾਂ ਹੈ। ਗੁਰੂ ਨਾਨਕ ਦੇਵ ਜੀ ਨੇ ਥਾਂ ਥਾਂ ਜਾ ਕੇ ਆਪ ਪ੍ਰਚਾਰ ਕੀਤਾ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਜਿਥੇ ਅਸੀਂ ਗੁਰੂ ਨਾਨਕ ਦੇਵ ਜੀ ਨੂੰ ਦਸਾਂ ਪਾਤਸ਼ਾਹੀਆਂ ਵਿੱਚੋਂ ਪਹਿਲੇ ਗੁਰੂ ਮੰਨਦੇ ਹਾਂ, ਉਥੇ ਸਿੱਖ ਧਰਮ ਦੇ ਉਹ ਪਹਿਲੇ ਕੀਰਤਨੀਏ ਤੇ ਪਹਿਲੇ ਪ੍ਰਚਾਰਕ ਵੀ ਸਨ। ਗੁਰੂ ਅਮਰਦਾਸ ਜੀ ਨੇ ਬਾਈ ਮੰਜੀਆਂ ਦੀ ਜੋ ਬਖ਼ਸ਼ਿਸ਼ ਕੀਤੀ ਤੇ ਬਵੰਜਾ ਪੀੜ੍ਹੇ ਇਸਤਰੀਆਂ ਨੂੰ ਬਖ਼ਸ਼ੇ, ਇਹ ਸਾਰੇ ਸਿੱਖ ਧਰਮ ਦੇ ਪ੍ਰਚਾਰਕ ਹੀ ਸਨ। ਮੰਜੀਦਾਰ ਮੰਜੀ 'ਤੇ ਬੈਠ ਕੇ ਪ੍ਰਚਾਰ ਕਰਦਾ ਸੀ। ਬੀਬੀਆਂ ਪੀੜ੍ਹੇ 'ਤੇ ਬੈਠ ਕੇ ਗੁਰਮਤਿ ਦਾ ਉਪਦੇਸ਼ ਕਰਦੀਆਂ ਸਨ।

ਅੱਜ ਤਕ ਗੁਰਮਤਿ ਦੇ ਪ੍ਰਚਾਰਕਾਂ ਤੇ ਲੇਖਕਾਂ ਨੇ ਜੋ ਬੋਲ ਕੇ ਤੇ ਲਿਖ ਕੇ ਸਿੱਖ ਪੰਥ ਦੀ ਸੇਵਾ ਕੀਤੀ ਹੈ, ਉਹ ਸ਼ਲਾਘਾਯੋਗ ਹੈ। ਏਸੇ ਲੜੀ ਵਿਚ ਹੀ ਨੌਜਵਾਨ ਪ੍ਰਚਾਰਕ ਗਿਆਨੀ ਗੁਰਵਿੰਦਰ ਸਿੰਘ ਕੋਮਲ ਹਨ, ਜਿਨ੍ਹਾਂ 'ਤੇ ਛੋਟੀ ਉਮਰ ਵਿਚ ਹੀ ਸਤਿਗੁਰਾਂ ਨੇ ਅਪਾਰ ਕਿਰਪਾ ਕੀਤੀ ਹੈ। ਬੜੀ ਸੁੰਦਰ ਕਥਾ ਕਰਦੇ ਹਨ। ਗੁਰਬਾਣੀ ਅਤੇ ਗੁਰ-ਇਤਿਹਾਸ ਬੜੀ ਮਿੱਠੀ ਤੇ ਸਰਲ ਜ਼ਬਾਨ ਨਾਲ ਸੰਗਤਾਂ ਨੂੰ ਸੁਣਾਉਂਦੇ ਹਨ ਅਤੇ ਸੰਗਤਾਂ ਦੀ ਪ੍ਰਸੰਨਤਾ ਲੈਂਦੇ ਹਨ।

ਜਿਥੇ ਕਥਾ ਰਾਹੀਂ ਸੇਵਾ ਕਰ ਰਹੇ ਹਨ, ਉਥੇ ਦਾਤੇ ਨੇ ਅਪਾਰ ਕਿਰਪਾ ਕਰ ਕੇ ਇਨ੍ਹਾਂ ਦੇ ਹੱਥ ਵਿਚ ਕਲਮ ਵੀ ਫੜਾ ਦਿੱਤੀ ਹੈ ਅਤੇ ਇਨ੍ਹਾਂ ਲਿਖਣਾ ਵੀ ਸ਼ੁਰੂ ਕਰ ਦਿੱਤਾ ਹੈ। ਲੇਖਕ ਦੇ ਸਾਹਮਣੇ ਪਹਿਲਾਂ ਕਾਫ਼ੀ ਮੁਸ਼ਕਲਾਂ ਆਉਂਦੀਆਂ ਹਨ, ਪਰ ਅਕਾਲ ਪੁਰਖ ਨੇ ਇਨ੍ਹਾਂ ਦੇ ਆਪ ਹੀ ਰਾਹ-ਪੈਂਡੇ ਸੁਖਾਲੇ ਕਰ ਦਿੱਤੇ ਹਨ। ਪਹਿਲੀ ਪੁਸਤਕ *ਗੁਰੂ ਭਰੋਸਾ—ਪ੍ਰਭੂ ਭਰੋਸਾ* ਲਿਖਣ ਲਈ ਗੁਰਮਤਿ ਦੇ ਪਾਠਕਾਂ ਨੇ ਕਾਫ਼ੀ ਹੁੰਗਾਰਾ ਦਿੱਤਾ ਹੈ, ਅਤੇ ਇਨ੍ਹਾਂ ਦੀ ਹੌਸਲਾ-ਅਫ਼ਜ਼ਾਈ ਕੀਤੀ ਹੈ। ਸੰਗਤਾਂ ਦੀਆਂ ਅਸੀਸਾਂ ਸਦਕਾ ਹੀ ਫ਼ੌਰਨ ਦੂਸਰੀ ਪੁਸਤਕ ਹੋਂਦ ਵਿਚ ਆਈ ਹੈ। ਇਸ ਪੁਸਤਕ ਦਾ ਨਾਂ ਹੈ: *ਐਸੇ ਜਨ ਵਿਰਲੇ ਸੰਸਾਰੇ*।

ਇਹ ਪੁਸਤਕ ਗਿਆਨੀ ਸੰਤ ਸਿੰਘ ਜੀ ਮਸਕੀਨ ਦੇ ਜੀਵਨ ਨਾਲ

ਸੰਬੰਧਤ ਹੈ। ਗਿਆਨੀ ਸੰਤ ਸਿੰਘ ਜੀ ਮਸਕੀਨ ਬਾਰੇ ਮੈਂ ਜੋ ਵੀ ਲਿਖਾਂ, ਇਸ ਤੋਂ ਵੀ ਕਿਤੇ ਵੱਧ ਉਨ੍ਹਾਂ ਦੇ ਜਿਊਂਦਿਆਂ ਹੀ ਕਿਹਾ ਗਿਆ ਹੈ ਤੇ ਲਿਖਿਆ ਗਿਆ ਹੈ। ਮੈਂ ਸੋਚ ਰਿਹਾ ਸਾਂ ਕਿ ਉਨ੍ਹਾਂ ਦੇ ਜਾਣ ਤੋਂ ਬਾਅਦ ਜੋ ਵੀ ਕਿਹਾ ਗਿਆ ਹੈ ਇਹ ਤਾਂ ਉਨ੍ਹਾਂ ਦੇ ਹੁੰਦਿਆਂ ਹੀ ਕਿਹਾ ਗਿਆ ਹੈ। ਆਖਣ ਵਾਲਿਆਂ ਕੁਝ ਵੀ ਨਵਾਂ ਨਹੀਂ ਆਖਿਆ।

ਹਰ ਪੱਖੋਂ ਗੁਰਮਤਿ ਦੇ ਜਾਣੂੰ, ਪੂਰਨ ਵਿਦਵਾਨ ਅਤੇ ਅਨਮਤਾਂ ਦੇ ਜਾਣਕਾਰ, ਉਦਾਰਚਿਤ, ਪਰਉਪਕਾਰੀ, ਪੰਥ ਰਤਨ, ਕਰਨੀ ਕਥਨੀ ਦੇ ਸੂਰੇ, ਪੂਰਨ ਗੁਰਸਿੱਖ, ਸਭ ਕੁਝ ਕਿਹਾ ਗਿਆ ਹੈ। ਸਟੇਜ ਦੇ ਧਨੀ, ਜਾਦੂ ਕਲਾਮ, ਸਭ ਕੁਝ ਆਖਿਆ ਗਿਆ ਹੈ।

ਇਕ ਗੱਲ ਮੇਰੇ ਕੰਨੀਂ ਨਹੀਂ ਪਈ, ਨਾ ਕਿਤੇ ਲਿਖਿਆ-ਪੜ੍ਹਿਆ ਹੈ; ਮਨ ਚਾਹੁੰਦਾ ਹੈ ਕਿ ਉਹ ਮੈਂ ਲਿਖ ਦੇਵਾਂ, ਉਹ ਇਹ ਕਿ ਜਿਥੇ ਉਹ ਕਮਾਲ ਦੇ ਵਕਤਾ ਸਨ, ਉਥੇ ਉਨ੍ਹਾਂ ਵਰਗਾ ਸ੍ਰੋਤਾ ਵੀ ਲੱਭਣਾ ਮੁਸ਼ਕਿਲ ਹੈ। ਉਹ ਸਭ ਨੂੰ ਸੁਣਦੇ ਸਨ, ਬੜੇ ਧਿਆਨ ਨਾਲ ਸੁਣਦੇ ਸਨ ਤੇ ਘੰਟਿਆਂ-ਬੱਧੀ ਸੁਣਦੇ ਸਨ। ਉਨ੍ਹਾਂ ਦਾ ਸੁਣਨਾ ਵੀ ਪ੍ਰਚਾਰਕਾਂ ਲਈ ਇਕ ਅਸੀਸ ਹੀ ਸੀ। ਭਾਈ ਸੰਤੋਖ ਸਿੰਘ ਜੀ ਨੇ ਜੋ ਚੌਦਾਂ ਗੁਣ ਵਕਤੇ ਦੇ ਤੇ ਚੌਦਾਂ ਗੁਣ ਸ੍ਰੋਤੇ ਦੇ ਲਿਖੇ ਹਨ, ਉਨ੍ਹਾਂ ਵਿਚ ਇਹ ਅਠਾਈ ਗੁਣ ਮੌਜੂਦ ਸਨ। ਫਿਰ ਉਨ੍ਹਾਂ ਨੇ ਗੁਣਾਂ ਦਾ ਗੁਮਾਨ ਕਦੀ ਨਹੀਂ ਕੀਤਾ। ਉਹ ਪ੍ਰਚਾਰਕ ਸ਼੍ਰੇਣੀ ਵਾਸਤੇ ਪ੍ਰੇਰਨਾ-ਸ੍ਰੋਤ ਸਨ। ਫਿਰ ਜੋ ਕੋਲ ਸੀ ਸਭ ਕੁਝ ਦੇ ਗਏ ਹਨ, ਨਾਲ ਕੁਝ ਨਹੀਂ ਲੈ ਗਏ।

ਪ੍ਰਚਾਰਕ ਸ਼੍ਰੇਣੀ ਜੇ ਉਨ੍ਹਾਂ ਦੀ ਦੇਣ ਨੂੰ ਸੰਭਾਲ ਲਵੇ ਤਾਂ ਬਹੁਤ ਚੰਗਾ ਹੋਵੇਗਾ। ਆਮ ਮਨੁੱਖ ਤਾਂ ਚਾਹੁੰਦਾ ਹੈ ਕਿ ਮੇਰੇ ਵਰਗਾ ਕੋਈ ਨਾ ਹੋਵੇ ਪਰ ਉਨ੍ਹਾਂ ਦੀ ਲਾਲਸਾ ਸੀ ਕਿ ਅਨੇਕਾਂ ਮਸਕੀਨ ਹੋਣ। ਮਸਕੀਨ ਜੀ ਦੀ ਸਿਫ਼ਤ ਕਰ ਕੇ ਵੀ ਪੂਰੀ ਸਿਫ਼ਤ ਨਹੀਂ ਹੋਣੀ। "ਮੰਨੇ ਕੀ ਗਤਿ ਕਹੀ ਨ ਜਾਇ॥ ਜੇ ਕੋ ਕਹੈ ਪਿਛੈ ਪਛੁਤਾਇ॥" ਗਿਆਨੀ ਗੁਰਵਿੰਦਰ ਸਿੰਘ ਜੀ ਕੋਮਲ ਨੇ ਆਪ ਉਨ੍ਹਾਂ ਬਾਰੇ ਜੋ ਜਾਣਿਆ ਹੈ, ਨਾਲ ਰਹਿ ਕੇ ਨੇੜੇ ਹੋ ਕੇ ਵੇਖਿਆ ਹੈ, ਉਹ ਲਿਖਿਆ ਹੈ ਅਤੇ ਸੁਹਿਰਦ ਸੱਜਣਾਂ ਦੇ ਲੇਖ ਵੀ ਇਸ ਪੁਸਤਕ ਵਿਚ ਲਿਖੇ ਹਨ। ਇਨ੍ਹਾਂ ਦੀ ਕੀਤੀ ਘਾਲ ਸਤਿਗੁਰੂ ਥਾਇ ਪਾਏ ਤੇ ਹੋਰ ਲਿਖਣ ਦਾ ਸਤਿਗੁਰੂ ਬਲ ਬਖ਼ਸ਼ਣ।

*ਸ਼ੁਭ ਚਿੰਤਕ :*

**ਗਿਆਨੀ ਜਸਵੰਤ ਸਿੰਘ ਪ੍ਰਵਾਨਾ**

ਜਲੰਧਰ

19-12-2005

# ਅਤਿ ਮਸਕੀਨੀ

ਸ੍ਰੀ ਗੁਰੂ ਦੇਵ ਜੀ ਦੇ ਮਹਾਨ ਰਸ-ਲਬਰੇਜ਼ ਬਚਨ ਹਨ :

**ਸਾਧ ਕੀ ਸੋਭਾ ਅਤਿ ਮਸਕੀਨੀ ॥**
**ਸੰਤ ਵਡਾਈ ਹਰਿ ਜਸੁ ਚੀਨੀ ॥** *(ਧਨਾਸਰੀ ਮਹਲਾ ੫, ਪੰਨਾ 676)*

ਇਹਨਾਂ ਪੰਕਤੀਆਂ ਦਾ ਅੰਤਰੀਵੀ-ਭਾਵ ਜਿਹੜੇ ਮਹਾਨ ਗੁਰਸਿੱਖਾਂ ਤੇ ਮਹਾਨ ਪੁਰਖਾਂ ਦੀ ਜ਼ਿੰਦਗੀ 'ਤੇ ਢੁੱਕਦਾ ਹੈ, ਅਜੋਕੇ ਯੁਗ ਅੰਦਰ ਅਗਰ ਕੋਈ ਐਸਾ ਪੁਰਖ ਦੇਖਣ ਵਿਚ ਆਇਆ ਹੈ ਤਾਂ ਉਹ ਹਨ ਗਿਆਨੀ ਸੰਤ ਸਿੰਘ ਜੀ ਮਸਕੀਨ।

ਆਪ ਜੀ ਦੇ ਬੋਲਾਂ ਨੇ ਨਾ ਕੇਵਲ ਸਿੱਖ ਜਗਤ ਦੇ ਹਿਰਦਿਆਂ ਨੂੰ ਗੁਰੂ ਨਾਲ ਜੋੜਿਆ ਹੈ, ਬਲਕਿ ਸੰਸਾਰ ਦੇ ਹੋਰ ਵੀ ਬਹੁਤ ਸਾਰੇ ਧਰਮਾਂ ਦੇ ਲੋਕ ਰੱਬੀ ਰਸ ਵਿੱਚ ਸਰਸ਼ਾਰ ਆਪ ਜੀ ਦੇ ਬੋਲਾਂ ਦੁਆਰਾ ਪ੍ਰਭੂ ਨਾਲ ਜੁੜੇ ਹਨ। ਅਜੋਕੇ ਵਿਗਿਆਨ ਦੇ ਸਮੇਂ ਵਿਚ ਸੱਚ-ਆਧਾਰਿਤ ਬੋਲ ਹੀ ਚੱਲ ਸਕਦੇ ਹਨ। ਜਿਥੇ ਆਪ ਜੀ ਦੇ ਬੋਲ ਸੱਚ ਤੇ ਗਿਆਨ-ਵਿਗਿਆਨ ਦੀ ਕਸੌਟੀ 'ਤੇ ਖਰੇ ਹਨ, ਉਥੇ ਮਹਾਨ ਰੱਬੀ ਰਸ ਨਾਲ ਵੀ ਭਰੇ ਹਨ। ਇਹ ਸਤਿਗੁਰੂ ਜੀ ਦੀਆਂ ਮੁਕੱਦਸ ਪੰਕਤੀਆਂ ਵੀ ਆਪ ਜੀ ਦੇ ਜੀਵਨ 'ਤੇ ਢੁੱਕਦੀਆਂ ਹਨ :

**ਬਾਬਾ ਬੋਲਨਾ ਕਿਆ ਕਹੀਐ ॥**
**ਜੈਸੇ ਰਾਮ ਨਾਮ ਰਵਿ ਰਹੀਐ ॥** *(ਰਾਗ ਗੋਂਡ ਕਬੀਰ ਜੀ, ਪੰਨਾ 870)*

ਸੰਸਾਰ 'ਤੇ ਉਹ ਹਿਰਦਾ ਹੀ ਮਹਾਨ ਹੈ ਜਿਹੜਾ ਪ੍ਰਭੂ-ਪਿਆਰ ਨਾਲ ਭਰਿਆ ਹੋਵੇ। ਗੁਰਮਤਿ ਅਨੁਸਾਰ ਪ੍ਰਭੂ-ਪ੍ਰੀਤ ਤੋਂ ਖ਼ਾਲੀ ਹਿਰਦਾ ਰੱਖਣ ਵਾਲਾ ਮਨੁੱਖ ਮੁਰਦਿਆਂ ਵਿਚ ਸ਼ੁਮਾਰ ਹੁੰਦਾ ਹੈ :

**ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥**
**ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥**
*(ਗਉੜੀ ਬਾਵਨ ਅਖਰੀ ਮਹਲਾ ੫, ਪੰਨਾ 253)*

ਜਿਥੇ ਮਸਕੀਨ ਜੀ ਦਾ ਹਿਰਦਾ ਪ੍ਰਭੂ-ਪਿਆਰ ਤੇ ਗੁਰੂ-ਪਿਆਰ ਵਿਚ ਗੁੱਧਾ

ਹੋਇਆ ਹੈ, ਉਥੇ ਮਾਨਵਤਾ ਦੇ ਪਿਆਰ ਲਈ ਵੀ ਅਥਾਹ ਤੜਪ ਹੈ। ਬਹੁਤ ਸਾਰੇ ਬਿਮਾਰਾਂ ਦਾ ਇਲਾਜ ਆਪ ਜੀ ਨੇ ਹੱਥੀਂ ਕਰਵਾਇਆ ਅਤੇ ਇਸ ਸੇਵਾ ਵਿਚ ਬੜੀ ਖ਼ੁਸ਼ੀ ਮਹਿਸੂਸ ਕੀਤੀ। ਬਹੁਤ ਸਾਰੇ ਨਿਮਾਣੇ ਤੇ ਨਿਤਾਣੇ ਵਕਤ ਦੀ ਗਰਦਿਸ਼ ਵਿਚ ਘਿਰੇ ਹੋਏ ਰਾਗੀ-ਪ੍ਰਚਾਰਕਾਂ ਨੂੰ ਗੁਰੂ ਦਾ ਰੂਪ ਜਾਣ ਕੇ ਸੇਵਾ ਕੀਤੀ ਤੇ ਸਮਾਜ ਵਿਚ ਸਨਮਾਨਯੋਗ ਥਾਂ ਬਣਾ ਦਿੱਤੀ।

ਸੁਭਾਅ ਐਸਾ ਮਿੱਠਾ ਕਿ ਕਿਸੇ ਦੀ ਕਉੜੱਤਣ ਪੋਹ ਹੀ ਨਹੀਂ ਸਕੀ। ਆਪ ਜੀ ਦਾ ਹਿਰਦਾ ਹਮੇਸ਼ਾ ਗੁਰੂ-ਪਿਆਰ ਦੀ ਮਿਠਾਸ ਨਾਲ ਭਰਿਆ ਰਿਹਾ। ਦੂਜਿਆਂ ਦਾ ਜੀਵਨ ਸੁਆਰਨ ਵਿਚ ਆਪ ਜੀ ਨੂੰ ਅਥਾਹ ਖ਼ੁਸ਼ੀ ਮਹਿਸੂਸ ਹੁੰਦੀ। ਵਿਸ਼ਾਲਤਾ ਤੇ ਫ਼ਰਾਖ਼ਦਿਲੀ ਇਤਨੀ ਜ਼ਿਆਦਾ, ਅਗਰ ਕੋਈ ਮਨੁੱਖ ਹੌਲੇ ਬੋਲ ਵੀ ਬੋਲ ਗਿਆ ਤਾਂ ਕਦੀ ਇਤਰਾਜ਼ ਨਹੀਂ ਕੀਤਾ, ਸਗੋਂ ਧੀਰਜ ਨਾਲ ਸਹਿ ਲੈਂਦੇ ਰਹੇ। ਪਾਤਸ਼ਾਹ ਜੀ ਦਾ ਬਖ਼ਸ਼ਿਸ਼ ਭਰਿਆ ਬਚਨ ਹੈ:

**ਬ੍ਰਹਮ ਗਿਆਨੀ ਕੈ ਧੀਰਜੁ ਏਕ ॥**
**ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥**

*(ਗਉੜੀ ਸੁਖਮਨੀ ਮ: ੫, ਪੰਨਾ 272)*

ਦਲੇਰੀ ਦੇ ਪ੍ਰਤੱਖ ਪ੍ਰਮਾਣ ਸਨ। ਗੁਰਬਾਣੀ-ਵਿਚਾਰ ਕਰਦਿਆਂ ਦਲੇਰਾਨਾ ਅੰਦਾਜ਼ ਨਾਲ ਗੁਰੂ ਭਰੋਸੇ ਵਿਚ ਪ੍ਰਬੰਧਕੀ ਨਿਜ਼ਾਮ ਜਾਂ ਹੋਰ ਕਿਸੇ ਖ਼ਾਮੀ ਨੂੰ ਐਸਾ ਉਘਾੜਦੇ ਰਹੇ ਕਿ ਸੰਗਤਾਂ ਸਰਵਣ ਕਰ ਕੇ ਅਸ਼-ਅਸ਼ ਕਰ ਉਠਦੀਆਂ ਸਨ। ਮਨ, ਬਚਨ ਤੇ ਕਰਮਾਂ ਕਰਕੇ ਸੱਚ ਦੀ ਆਵਾਜ਼ ਬਹਾਦਰੀ ਨਾਲ ਬੁਲੰਦ ਕਰਦੇ ਰਹੇ। ਸੱਚਾਈ ਕਹਿਣ ਲੱਗਿਆਂ ਕਦੀ ਝਿਜਕ ਨਹੀਂ ਰੱਖੀ। ਪਾਖੰਡ ਤੇ ਵਿਖਾਵੇ ਨਾਲ ਕਦੇ ਸਮਝੌਤਾ ਨਹੀਂ ਕੀਤਾ। ਸਤਿਗੁਰੂ ਜੀ ਵੱਲੋਂ ਬ੍ਰਹਮ ਗਿਆਨੀ ਬਾਰੇ ਦਰਸਾਏ ਲੱਛਣ ਆਪ ਜੀ ਦੇ ਅੰਦਰੋਂ ਝਲਕਦੇ ਸਨ:

**ਮਨਿ ਸਾਚਾ ਮੁਖਿ ਸਾਚਾ ਸੋਇ ॥**
**ਅਵਰੁ ਨ ਪੇਖੈ ਏਕਸੁ ਬਿਨੁ ਕੋਇ ॥**
**ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ ॥੧॥**

*(ਸਲੋਕੁ, ਪੰਨਾ 272)*

ਮਸਕੀਨ ਜੀ ਪ੍ਰਤੀ ਮੈਂ ਤਾਂ ਆਪਣੇ ਪਿਆਰ ਨੂੰ ਇਸ ਤਰ੍ਹਾਂ ਪ੍ਰਗਟਾਉਂਦਾ ਹਾਂ:

ਦਰਸੇਨੈਂ ਰਾਹ ਮਸਕੀਨੀ ਦਾ ਤੇ ਹਰ ਇਕ ਦਾ ਦੁੱਖ ਹਰ ਲੈਨੈਂ।
ਕੋਈ ਹੌਲੇ ਬੋਲ ਵੀ ਆਖੇ ਤਾਂ ਤੂੰ ਨਾਲ ਅਦਬ ਦੇ ਜਰ ਲੈਨੈਂ।
ਵਡਿਆਈਆਂ ਤੇਰੀਆਂ ਬਹੁਤ ਬਹੁਤ ਹਿੱਕ ਜੀਹ ਨਿਮਾਣੀ ਕੀ ਆਖੇ,
ਕੋਈ ਰੋੜ ਤੇਰੇ ਪਗ ਛੂਹ ਜਾਵੇ ਤੂੰ ਉਸ ਨੂੰ 'ਗੌਹਰ' ਕਰ ਲੈਨੈਂ।

ਹਥਲੀ ਪੁਸਤਕ ਮਸਕੀਨ ਜੀ ਦੇ ਅਤਿ ਪਿਆਰੇ ਸ਼ਾਗਿਰਦ—ਜਿਸ ਨੂੰ ਮਸਕੀਨ ਜੀ ਗੁਰਮੁਖ ਜੀਵੜਾ ਕਹਿੰਦੇ ਰਹੇ, ਗਿਆਨੀ ਗੁਰਵਿੰਦਰ ਸਿੰਘ ਕੋਮਲ ਵੱਲੋਂ ਉਸ ਪਿਆਰੇ ਮਹਾਂਪੁਰਖ ਦੀ ਯਾਦ ਨੂੰ ਤਾਜ਼ਾ ਕਰਨ ਦਾ ਅਤੇ ਉਹਨਾਂ ਦੇ ਅੰਦਰ ਉਜਾਗਰ ਹੋਏ ਰੱਬੀ ਗੁਣਾਂ ਦੀ ਮਹਿਕ ਨੂੰ ਸਿੱਖ ਸੰਗਤਾਂ ਦੇ ਸਾਹਮਣੇ ਰੱਖਣ ਦੇ ਉਪਰਾਲੇ ਦੀ ਸ਼ੁਰੂਆਤ ਹੈ। ਗੁਰੂ ਕਰੇ ਜ਼ੋਰ-ਇ-ਕਲਮ ਔਰ ਜ਼ਿਆਦਾ ਹੋ। ਪ੍ਰਭੂ ਤੌਫ਼ੀਕ ਦੇਵੇ, ਇਹ ਕਲਮ ਇਸੇ ਤਰ੍ਹਾਂ ਗੁਰੂ ਅਤੇ ਗੁਰੂ-ਪਿਆਰਿਆਂ ਦੀ ਮਹਿਮਾ ਗੁਣਾਨੁਵਾਦ ਰਸ ਵਿਚ ਭਿੱਜ ਕੇ ਕਰਦੀ ਰਹੇ।

ਮੇਰੀਆਂ ਸ਼ੁਭ ਕਾਮਨਾਵਾਂ !

**ਗਿਆਨੀ ਰਣਜੀਤ ਸਿੰਘ ਗੌਹਰ**

*(ਮੁੱਖ ਸੇਵਾਦਾਰ)*

01-11-05 ਗਿਆਨੀ ਸੰਤ ਸਿੰਘ ਜੀ ਮਸਕੀਨ ਗੁਰਮਤਿ ਪ੍ਰਚਾਰ ਵਹੀਰ

# ਲਿਖਤ ਤੇ ਲੇਖਕ

ਇਸ ਪੁਸਤਕ ਅੰਦਰ ਗਿਆਨੀ ਗੁਰਵਿੰਦਰ ਸਿੰਘ ਜੀ ਕੋਮਲ ਨੇ ਗਿਆਨੀ ਸੰਤ ਸਿੰਘ ਜੀ ਮਸਕੀਨ ਦੇ ਪਰਉਪਕਾਰੀ ਜੀਵਨ ਦੇ ਨੇੜਿਓਂ ਦੇਖੇ ਗੁਣਾਂ ਨੂੰ ਲਿਖਤ ਰੂਪ ਦਿੱਤਾ ਹੈ। ਸਿੱਖ ਪੰਥ ਅੰਦਰ ਮਸਕੀਨ ਜੀ ਵਰਗੀ ਹੋਰ ਕੋਈ ਸ਼ਖ਼ਸੀਅਤ ਅਜੇ ਨਜ਼ਰ ਨਹੀਂ ਆਉਂਦੀ। ਕਥਾ ਦਾ ਦੈਵੀ ਪ੍ਰਭਾਵ ਤਾਂ ਸੰਗਤਾਂ ਕਬੂਲਦੀਆਂ ਹੀ ਸਨ, ਪਰ ਉਹਨਾਂ ਦੀ ਆਪਣੀ ਸ਼ਖ਼ਸੀਅਤ ਦਾ ਇਕ ਖ਼ਾਸ ਪ੍ਰਭਾਵ ਸੀ। ਸੱਚੀ ਗੱਲ ਹੈ ਕਿ ਮਸਕੀਨ ਜੀ ਦੇ ਜੀਵਨ ਤੋਂ ਪਤਾ ਲੱਗਦਾ ਹੈ ਕਿ ਜੇਕਰ ਸੱਚ ਅੰਦਰ ਪ੍ਰਗਟ ਹੋ ਜਾਵੇ ਤਾਂ ਮਨੁੱਖ ਸਰੂਰ ਅਤੇ ਅਨੰਦ ਵਿਚ ਹਮੇਸ਼ਾ ਪ੍ਰਸੰਨ ਚਿੱਤ ਰਹਿੰਦਾ ਹੈ।

ਸਤਿਗੁਰੂ ਜੀ ਨੇ ਉਹਨਾਂ ਦੀ ਘਾਲਣਾ ਪ੍ਰਵਾਨ ਕਰ ਲਈ ਸੀ। ਉਹਨਾਂ ਦੇ ਭੋਗ ਸਮੇਂ ਪ੍ਰੇਮੀ ਸੰਗਤਾਂ ਦਾ ਵਿਸ਼ਾਲ ਇਕੱਠ ਗਵਾਹ ਹੈ ਕਿ ਸਤਿਗੁਰੂ ਆਪ ਜੀ 'ਤੇ ਕਿੰਨੇ ਪ੍ਰਸੰਨ ਸਨ:

**ਜੈ ਜੈ ਕਾਰੁ ਹੋਆ ਜਗ ਅੰਤਰਿ ਪਾਰਬ੍ਰਹਮੁ ਮੇਰੋ ਤਾਰਣ ਤਰਣ ॥**

*(ਬਿਲਾਵਲੁ ਮਹਲਾ ੫, ਪੰਨਾ 827)*

ਤਥਾ:

**ਹਰਿ ਮਨਿ ਤਨਿ ਵਸਿਆ ਸੋਈ ॥**
**ਜੈ ਜੈ ਕਾਰੁ ਕਰੇ ਸਭੁ ਕੋਈ ॥** *(ਸੋਰਠਿ ਮਹਲਾ ੫, ਪੰਨਾ 629)*

ਮਸਕੀਨ ਜੀ ਦੀ ਸ਼ੈਲੀ ਬਹੁਤ ਪਿਆਰੀ ਹੈ। ਕਥਾ ਸੁਣਨ ਸਮੇਂ ਮਨ ਅੰਦਰ ਹੋਰ ਅੱਗੇ ਜਾਣਨ ਦੀ ਜਗਿਆਸਾ ਬਣੀ ਰਹਿੰਦੀ ਹੈ। ਅਕੇਵਾਂ-ਥਕੇਵਾਂ ਸਭ ਉੱਡ ਜਾਂਦੇ ਹਨ।

ਇਹ ਪੁਸਤਕ ਇਕ ਜੀਵਨੀ ਨਹੀਂ ਹੈ, ਸਗੋਂ ਮਸਕੀਨ ਜੀ ਦੇ ਜੀਵਨ ਅੰਦਰ ਪ੍ਰਗਟ ਹੋਏ ਸਤਿਗੁਰੂ ਜੀ ਦੇ ਬਖ਼ਸ਼ੇ ਅਨੇਕਾਂ ਗੁਣਾਂ ਦਾ ਕੁਝ ਕੁ ਖ਼ੁਲਾਸਾ ਹੈ। ਲੇਖਕ ਨੇ ਕਾਫ਼ੀ ਲੰਬਾ ਸਮਾਂ ਮਸਕੀਨ ਜੀ ਦੀ ਸੰਗਤ ਵਿਚ ਗੁਜ਼ਾਰਿਆ ਹੈ। ਇਕ ਪੁਸਤਕ ਪਹਿਲਾਂ ਵੀ ਸੰਗਤਾਂ ਦੀ ਭੇਟ ਕਰ ਚੁੱਕੇ ਹਨ—*ਗੁਰੂ ਭਰੋਸਾ—ਪ੍ਰਭੂ ਭਰੋਸਾ*। ਇਸ ਤੋਂ ਪਤਾ ਲੱਗਦਾ ਹੈ ਕਿ ਗਿਆਨੀ ਸੰਤ ਸਿੰਘ ਜੀ ਮਸਕੀਨ

ਦੀ ਸੰਗਤ ਵਿਚ ਜਿਹੜਾ ਵੀ ਵਿਦਿਆਰਥੀ ਬਣ ਕੇ ਆਇਆ, ਉਸ ਦੀ ਝੋਲੀ ਅੰਦਰ ਮਸਕੀਨ ਜੀ ਨੇ ਬਹੁਤ ਕੁਝ ਪਾ ਦਿੱਤਾ ਹੈ।

ਗਿਆਨੀ ਗੁਰਵਿੰਦਰ ਸਿੰਘ ਕੋਮਲ ਵਡਭਾਗੇ ਪੁਰਸ਼ ਹਨ, ਜਿਹਨਾਂ ਨੂੰ ਮਸਕੀਨ ਜੀ ਦੀ ਪਰਉਪਕਾਰੀ ਸੰਗਤ ਮਿਲੀ ਹੈ। ਪਾਰਸ ਛੋਹ ਤੋਂ ਬਿਨਾਂ ਲੋਹੇ ਦਾ ਕੰਚਨ ਹੋਣਾ ਅਸੰਭਵ ਹੈ। *ਗੁਰੂ ਭਰੋਸਾ—ਪ੍ਰਭੂ ਭਰੋਸਾ* ਪੁਸਤਕ ਅਤੇ ਮਸਕੀਨ ਜੀ ਦੇ ਅੰਦਰਲੇ ਗੁਣਾਂ ਨੂੰ ਚਿਤਰਨ ਵਾਲੀ ਇਹ ਪੁਸਤਕ *ਐਸੇ ਜਨ ਵਿਰਲੇ ਸੰਸਾਰੇ* ਇਸ ਦਾ ਪ੍ਰਤੱਖ ਪ੍ਰਮਾਣ ਹਨ ਕਿ ਚੰਦਨ ਦੇ ਨੇੜੇ ਰਹਿਣ ਵਾਲੇ ਨੂੰ ਸੁਗੰਧੀ ਅਵੱਸ਼ ਮਿਲਦੀ ਹੈ, ਜੇਕਰ ਕੋਈ ਚਾਹਤ ਕਰੇ।

ਮੈਂ ਦੇਖਿਆ ਹੈ ਕਿ ਕੋਮਲ ਜੀ ਨੂੰ ਲਿਖਣ ਦਾ ਸ਼ੌਕ ਤਾਂ ਪਹਿਲਾਂ ਤੋਂ ਹੀ ਸੀ, ਪਰ ਵਿਚਾਰਾਂ ਅੰਦਰ ਨਿਖਾਰ ਮਸਕੀਨ ਜੀ ਦੀ ਸੰਗਤ ਕਰਕੇ ਹੀ ਆਇਆ ਹੈ। ਸਾਹਿਤ ਸਭਾ ਕਲਕੱਤਾ ਦੇ ਪ੍ਰਧਾਨ ਸ: ਹਰਦੇਵ ਸਿੰਘ ਗਰੇਵਾਲ ਨੇ ਕੋਮਲ ਜੀ ਬਾਰੇ ਪੁਸਤਕ *ਵਾਹ ਕਲਕੱਤਿਆ* ਵਿਚ ਲਿਖਿਆ ਸੀ :

> 'ਕੋਮਲ' ਕਵੀ ਗੁਣਵਾਨ, ਸਿੱਖ ਸਾਹਿਤ ਦਾ ਗਿਆਨ,
> ਲਗਨ ਉਸ ਦੀ ਮਹਾਨ, ਵੱਡੇ ਪੈਂਡੇ ਮਾਰੇ ਜੀ।
> ਗੁਰਵਿੰਦਰ ਸਿੰਘ ਗਿਆਨੀ ਉਹਨੂੰ ਕਹਿਣ ਸਾਰੇ ਜੀ।

ਕਵਿਤਾ ਜੈਸਾ ਸੂਖਸ਼ਮ ਹੁਨਰ ਵੀ ਆਪ ਜੀ ਨੂੰ ਸਤਿਗੁਰੂ ਜੀ ਨੇ ਬਖ਼ਸ਼ਿਆ ਹੈ। ਕਲਕੱਤੇ ਰਹਿੰਦਿਆਂ ਹੀ ਇਹਨਾਂ ਨੂੰ ਮਸਕੀਨ ਜੀ ਦੀ ਨੇੜਤਾ ਪ੍ਰਾਪਤ ਹੋ ਗਈ ਸੀ। ਕੋਮਲ ਜੀ ਦੇਸ਼ ਤੋਂ ਬਾਹਰ ਥਾਈਲੈਂਡ, ਹਾਂਗਕਾਂਗ, ਸਿੰਗਾਪੁਰ, ਮਲੇਸ਼ੀਆ ਅਤੇ ਕੈਨੇਡਾ ਵਿਖੇ ਵੀ ਜਾ ਕੇ ਸੰਗਤਾਂ ਨੂੰ ਕਥਾ ਸ੍ਰਵਣ ਕਰਾ ਕੇ ਆਏ ਹਨ। ਮਸਕੀਨ ਜੀ ਦੀਆਂ ਪਿਆਰ ਭਰੀਆਂ ਯਾਦਾਂ ਨੂੰ ਅਤੇ ਦੈਵੀ ਗੁਣਾਂ ਨੂੰ ਸਿੱਖ ਸੰਗਤਾਂ ਸਾਹਮਣੇ ਰੱਖਦੀ ਇਹ ਪੁਸਤਕ ਇਕ ਬਹੁਤ ਹੀ ਸਲਾਹੁਣਯੋਗ ਉਪਰਾਲਾ ਹੈ। ਪ੍ਰੇਮੀ ਸੰਗਤਾਂ ਨੂੰ 'ਗੁਰਮਤਿ ਵਿਦਿਆ ਮਾਰਤੰਡ', 'ਪੰਥ ਰਤਨ' ਗਿਆਨੀ ਸੰਤ ਸਿੰਘ ਜੀ ਮਸਕੀਨ ਬਾਰੇ ਇਸ ਪੁਸਤਕ ਵਿੱਚੋਂ ਬਹੁਤ ਕੁਝ ਨਵਾਂ ਜਾਨਣ ਲਈ ਮਿਲੇਗਾ।

**ਭਾਈ ਬਖ਼ਸ਼ੀਸ਼ ਸਿੰਘ ਰਾਗੀ**

4-11-05 ਮਲਕਵਾਲ, (ਬਟਾਲਾ)

ਬਹੁਤ ਹੀ ਸੁੰਦਰ ਵਿਚਾਰ ਭੇਜੇ ਹਨ, ਜਿਨ੍ਹਾਂ ਨੂੰ 'ਵਿਦਵਾਨਾਂ ਦੀ ਦ੍ਰਿਸ਼ਟੀ ਤੋਂ ਮਸਕੀਨ ਜੀ' ਸਿਰਲੇਖ ਹੇਠ ਪੁਸਤਕ ਦਾ ਹਿੱਸਾ ਬਣਾਇਆ ਗਿਆ ਹੈ। ਗੁਰੂ-ਸੁਆਰੇ ਇਹਨਾਂ ਵੱਡੇ ਵੀਰਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ।

ਇਟਾਵਾ (ਯੂ.ਪੀ.) ਵਿਖੇ ਇੱਕ ਅਨੰਦ ਕਾਰਜ ਸਮੇਂ ਮਸਕੀਨ ਜੀ ਵੱਲੋਂ 17-2-05 ਈ: ਨੂੰ ਸੰਗਤਾਂ ਨੂੰ ਸੁਣਾਈ ਕਥਾ ਵੀ 'ਮਸਕੀਨ ਜੀ ਦੀ ਆਖ਼ਰੀ ਕਥਾ' ਵਜੋਂ ਦੇ ਦਿੱਤੀ ਗਈ ਹੈ। ਅਜੇ ਮਸਕੀਨ ਜੀ ਨੂੰ ਗੁਰ-ਚਰਨਾਂ ਵਿੱਚ ਨਿਵਾਸ ਕੀਤਿਆਂ ਮਸਾਂ ਅੱਠ ਕੁ ਮਹੀਨਿਆਂ ਦਾ ਸਮਾਂ ਲੰਘਿਆ ਸੀ ਕਿ ਆਪ ਜੀ ਦੇ ਜੀਵਨ ਸਫ਼ਰ ਦੇ ਸਾਥੀ ਨੇਕ ਸੀਰਤ ਸਤਿਕਾਰਯੋਗ ਮਾਤਾ ਸੁੰਦਰ ਕੌਰ ਜੀ ਵੀ ਗੁਰ-ਚਰਨਾਂ ਵਿਚ ਪੁੱਜ ਗਏ। ਸ਼ਰਧਾਂਜਲੀ ਵਜੋਂ ਕੁਝ ਫੁੱਲ ਉਹਨਾਂ ਨੂੰ ਸਮਰਪਿਤ ਕੀਤੇ ਹਨ।

ਛੋਟੇ ਬੱਚਿਆਂ ਨੂੰ ਉਂਗਲ ਫੜਾ ਕੇ ਤੁਰਾਉਣ ਦਾ ਉਪਕਾਰ ਤੇ ਵੱਡਿਆਂ ਦੀ ਉਂਗਲ ਫੜ ਕੇ ਤੁਰਨ ਦਾ ਹੁਲਾਸ, ਇੱਕ ਪੀੜ੍ਹੀ ਨੂੰ ਦੂਜੀ ਪੀੜ੍ਹੀ ਨਾਲ ਜੋੜਦਾ ਹੈ। ਇਸੇ ਧਾਰਨਾ ਤਹਿਤ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਪਰਵਾਨਾ ਨੇ ਆਪਣੀ ਉਦਾਰਮਈ ਅਵਸਥਾ 'ਚੋਂ ਥਾਪੜਾ ਬਖ਼ਸ਼ ਕੇ ਇਸ ਪੁਸਤਕ ਲਈ ਉਤਸ਼ਾਹ ਬਣਾਇਆ ਹੈ। ਸਿੰਘ ਸਾਹਿਬ ਜੀ ਦਾ ਹਮੇਸ਼ਾ ਰਿਣੀ ਹਾਂ।

ਗਿਆਨੀ ਰਣਜੀਤ ਸਿੰਘ ਜੀ ਗੌਹਰ ਤੇ ਭਾਈ ਬਖ਼ਸ਼ੀਸ਼ ਸਿੰਘ ਜੀ ਰਾਗੀ (ਬਟਾਲਾ) ਨੇ ਪ੍ਰੇਮ-ਮਈ ਸ਼ਬਦ ਭੇਜੇ ਹਨ, ਇਹਨਾਂ ਸੱਜਣਾਂ ਦਾ ਵੀ ਅਹਿਸਾਨਮੰਦ ਹਾਂ। ਲਿਖਤਾਂ ਦਾ ਚਿਹਰਾ-ਮੋਹਰਾ ਸੁਆਰਨ ਵਾਲੇ ਸੁਪ੍ਰਸਿੱਧ ਪ੍ਰਕਾਸ਼ਕ 'ਸਿੰਘ ਬ੍ਰਦਰਜ਼' ਤੇ ਵੀਰ ਗੁਰਸਾਗਰ ਸਿੰਘ ਜੀ ਦਾ ਬਹੁਤ ਹੀ ਧੰਨਵਾਦੀ ਹਾਂ ਜੋ ਮੇਰੀ ਪਹਿਲੀ ਪੁਸਤਕ ਵਾਂਗ ਇਸ ਪੁਸਤਕ ਨੂੰ ਵੀ ਸੰਗਤਾਂ ਦੇ ਸਨਮੁਖ ਕਰ ਰਹੇ ਹਨ।

ਪੁਸਤਕ ਦੇ ਛਪਣ ਹਿੱਤ ਇੰਫਾਲ (ਮਨੀਪੁਰ) ਨਿਵਾਸੀ ਗੁਰ-ਸੰਗਤਾਂ ਨੇ ਆਪਣਾ ਪਿਆਰ ਭਰਿਆ ਸਹਿਯੋਗ ਬਖ਼ਸ਼ਿਆ ਹੈ। ਮਾਨਯੋਗ ਮਸਕੀਨ ਜੀ ਨੇ ਦਾਸ ਨੂੰ 1994 ਈ: ਵਿੱਚ ਪਹਿਲੀ ਵਾਰ ਇੰਫਾਲ ਵਿਖੇ ਸੰਗਤਾਂ ਦੀ ਸੇਵਾ ਕਰਨ ਲਈ ਭੇਜਿਆ ਤਾਂ ਉਥੇ ਇਲਮ ਤੇ ਅਮਲ ਦੀ ਇਕਸਾਰਤਾ ਨੂੰ ਵੇਖ ਕੇ ਮਨ ਗਦ-ਗਦ ਹੋ ਉਠਿਆ। ਇਲਮ ਨੂੰ ਅਮਲ ਦੀ ਧਰਤੀ ਵਿੱਚ ਬੋਵਣ ਵਾਲੇ ਗੁਰੂ-ਪਿਆਰੇ ਗੁਰਸਿੱਖਾਂ ਦੀ ਚਰਨ-ਧੂੜੀ ਮੈਂ ਹਮੇਸ਼ਾ ਹੀ ਆਪਣੇ ਮਸਤਕ 'ਤੇ ਲਾ ਕੇ ਧੰਨ ਭਾਗ ਸਮਝਦਾ ਹਾਂ।

ਗੁਰੂ-ਚਰਨਾਂ 'ਚ ਅਰਦਾਸ ਹੈ—ਸਤਿਗੁਰੂ ਜੀ ਸਾਰੇ ਹੀ ਸਹਿਯੋਗੀਆਂ ਨੂੰ ਗੁਰਮਤਿ ਜੀਵਨ ਨਾਲ ਪ੍ਰਫੁੱਲਤ ਕਰਨ। ਭਾਉ-ਭਗਤੀ ਦੀ ਹਮੇਸ਼ਾ ਵਰਖਾ ਹੁੰਦੀ ਰਹੇ। ਮਸਕੀਨ ਜੀ ਵਰਗੀ ਬੇਨਿਆਜ਼ ਸ਼ਖ਼ਸੀਅਤ ਦੀ ਵਡਮੁੱਲੀ ਯਾਦ ਸਤਿਗੁਰੂ ਜੀ ਦੇ ਦਰ ਘਰ ਨਾਲ ਜੁੜਨ ਲਈ ਚਾਉ ਬਣੇ।

ਇਹ ਪੁਸਤਕ ਮਸਕੀਨ ਜੀ ਦੇ ਸੰਗ-ਸਾਥ ਵਿਚ ਰਹਿੰਦਿਆਂ ਉਹਨਾਂ ਦੇ ਅੰਦਰੋਂ ਝਲਕਦੇ ਦੇਖੇ ਉਹਨਾਂ ਮਹਾਨ ਦੈਵੀ ਗੁਣਾਂ ਦਾ ਸੰਗ੍ਰਹਿ ਹੈ, ਜਿਹੜੇ ਸਚਿਆਰੇ ਗੁਰਸਿੱਖਾਂ ਅੰਦਰ ਸਤਿਗੁਰੂ ਜੀ ਦੀ ਨਦਰਿ ਦੁਆਰਾ ਪ੍ਰਵੇਸ਼ ਕਰਦੇ ਹਨ। ਇਹ ਖ਼ੁਲਾਸਾ ਸਾਰੇ ਗੁਣਾਂ ਦਾ ਨਹੀਂ ਹੈ, ਸਗੋਂ ਮਸਾਂ ਹੀ ਇਕ ਤੰਦ ਪਾਈ ਹੈ; ਅਜੇ ਤਾਂ ਸਾਰਾ ਰੂੰ ਕੱਤਣ ਵਾਲਾ ਪਿਆ ਹੈ। ਮਾਨਯੋਗ ਮਸਕੀਨ ਜੀ ਦੀ ਸਿਮਰਤੀ ਵਿੱਚ ਇਕ ਵਡ-ਆਕਾਰੀ ਗ੍ਰੰਥ 'ਸਿਮਰਤੀ ਗ੍ਰੰਥ' ਲਿਖ ਕੇ ਸੰਗਤਾਂ ਸਾਹਮਣੇ ਉਹਨਾਂ ਦੀ ਸਰਬ-ਪੱਖੀ ਸ਼ਖ਼ਸੀਅਤ ਨੂੰ ਲਿਆਉਣ ਦਾ ਵੀ ਪ੍ਰੋਗਰਾਮ ਹੈ। ਇਸ ਲਈ ਮਸਕੀਨ ਜੀ ਦੇ ਸਨੇਹੀਆਂ ਅਤੇ ਕਥਾ-ਪ੍ਰੇਮੀਆਂ ਅੱਗੇ ਬੇਨਤੀ ਹੈ ਕਿ ਮਸਕੀਨ ਜੀ ਦੇ ਬਾਰੇ ਤੁਹਾਡੇ ਦਿਲ-ਦਿਮਾਗ਼ ਅੰਦਰ ਕੋਈ ਯਾਦ ਹੋਵੇ ਤਾਂ ਉਸ ਨੂੰ ਸੰਗਤਾਂ ਨਾਲ ਸਾਂਝਾ ਕਰਨ ਵਾਸਤੇ ਦਾਸ ਦੇ ਐਡਰੈਸ 'ਤੇ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ।

ਭੁੱਲ ਚੁੱਕ ਦੀ ਮੁਆਫ਼ੀ!

*ਗੁਰੂ-ਪੰਥ ਦਾ ਦਾਸ :*
**ਗਿਆਨੀ ਗੁਰਵਿੰਦਰ ਸਿੰਘ ਕੋਮਲ**
ਪਿੰਡ ਪੰਨਵਾਂ, ਡਾਕਘਰ ਕਾਲਾ ਅਫ਼ਗਾਨਾ,
ਤਹਿਸੀਲ ਬਟਾਲਾ,
ਜ਼ਿਲ੍ਹਾ ਗੁਰਦਾਸਪੁਰ, ਪੰਜਾਬ, ਭਾਰਤ

*[ਗਿਆਨੀ ਸੰਤ ਸਿੰਘ ਜੀ ਮਸਕੀਨ ਵੱਲੋਂ ਗੁਰ-ਚਰਨਾਂ ਵਿੱਚ ਨਿਵਾਸ ਕਰ ਲੈਣ ਤੋਂ ਬਾਅਦ **ਗੁਰੂ-ਪੰਥ ਵੱਲੋਂ ਮਿਲੇ ਸਨਮਾਨ** ਦੇ ਹੂ-ਬ-ਹੂ ਉਤਾਰੇ]*

ੴ ਵਾਹਿਗੁਰੂ ਜੀ ਕੀ ਫ਼ਤਹਿ॥

# ਗਿਆਨੀ ਸੰਤ ਸਿੰਘ ਜੀ ਮਸਕੀਨ

ਪੰਥ ਪਿਆਰੇ ਗਿਆਨੀ ਸੰਤ ਸਿੰਘ ਜੀ ਮਸਕੀਨ ਵਿਸ਼ਵ ਪ੍ਰਸਿੱਧ ਵਿਦਵਾਨ, ਬੁਲਾਰੇ ਤੇ ਕਥਾਵਾਚਕ ਸਨ। ਅਕਾਲ ਪੁਰਖ ਦੀ ਅਪਾਰ ਕਿਰਪਾ ਪ੍ਰਾਪਤ ਗਿਆਨੀ ਜੀ ਗੁਰਬਾਣੀ, ਗੁਰਮਤਿ ਸਿਧਾਂਤਾਂ, ਗੁਰਮਤਿ ਵਿਚਾਰਧਾਰਾ ਤੇ ਸਿੱਖ ਇਤਿਹਾਸ ਦੀ ਅੰਤਿਮ ਸੁਆਸਾਂ ਤੀਕ ਕਥਾ-ਵਾਰਤਾ ਕਰਦੇ ਹੋਏ ਜੀਵਨ ਯਾਤਰਾ ਸੰਪੂਰਨ ਕਰ ਗਏ ਹਨ। ਗੁਰਬਾਣੀ ਦੇ ਪਾਵਨ ਕਥਨ :

**ਸਫਲ ਸਫਲ ਭਈ ਸਫਲ ਜਾਤ੍ਰਾ॥**
**ਆਵਣ ਜਾਣ ਰਹੇ ਮਿਲੇ ਸਾਧਾ॥** *(ਧਨਾਸਰੀ ਮਹਲਾ ੫, ਪੰਨਾ 687)*

ਅਨੁਸਾਰ ਲੱਖਾਂ ਪ੍ਰਾਣੀਆਂ ਨੂੰ ਗੁਰਬਾਣੀ ਦੇ ਅਮੁੱਕ ਅੰਮ੍ਰਿਤ ਸੋਮੇ ਨਾਲ ਜੋੜ ਗਏ ਹਨ। ਜੀਵਨ ਭਰ ਗਿਆਨੀ ਜੀ ਨੇ ਗੁਰਮਤਿ ਵਿਚਾਰਧਾਰਾ ਨੂੰ ਆਪ ਅਪਣਾਇਆ ਤੇ ਦੂਸਰਿਆਂ ਨੂੰ 'ਨਾਨਕ ਨਿਰਮਲ ਪੰਥ' ਦੀ ਨਿਰਮਲ ਵਿਚਾਰਧਾਰਾ ਨਾਲ ਜੋੜਨ ਦਾ ਪ੍ਰਸੰਸਾਯੋਗ ਤੇ ਸਾਰਥਿਕ ਕਾਰਜ ਕੀਤਾ। ਦੁਨੀਆ ਭਰ ਦਾ ਭਰਮਣ ਕਰਦਿਆਂ ਵੀ ਉਹ ਸਿੱਖ ਸਿਧਾਂਤਾਂ 'ਤੇ ਦ੍ਰਿੜ੍ਹ ਰਹੇ। ਵਿਸ਼ਵ ਦੇ ਬਹੁਤ ਸਾਰੇ ਦੇਸ਼ਾਂ ਵਿਚ ਗੁਰਮਤਿ ਦੇ ਪ੍ਰਚਾਰ-ਪਾਸਾਰ ਲਈ ਗਿਆਨੀ ਜੀ ਗਏ ਅਤੇ ਸਿੱਖੀ ਦੀ ਖ਼ੁਸ਼ਬੋਈ ਨੂੰ ਸਿੱਖਾਂ ਤੇ ਗ਼ੈਰ-ਸਿੱਖਾਂ ਵਿਚ ਭਰਪੂਰ ਵੰਡਿਆ। ਗੁਰਸਿੱਖੀ ਦੇ ਕੇਸਰੀ ਪਰਚਮ ਨੂੰ ਵਿਸ਼ਵ ਭਰ ਵਿਚ ਲਹਿਰਾਉਣ ਲਈ ਗਿਆਨੀ ਜੀ ਨੇ ਅੰਤਮ ਸੁਆਸਾਂ ਤੀਕ ਦਿਨ-ਰਾਤ ਇਕ ਕਰ ਛੱਡਿਆ। ਸੰਸਾਰਕ ਲੋਭ ਲਾਲਚ ਤੇ ਪਰਿਵਾਰਕ ਮੋਹ ਕਦੇ ਵੀ ਉਹਨਾਂ ਦੇ ਰਸਤੇ ਦਾ ਰੋੜਾ ਨਾ ਬਣੇ।

ਗਿਆਨੀ ਸੰਤ ਸਿੰਘ ਜੀ ਮਸਕੀਨ ਗੁਰੂ ਗ੍ਰੰਥ ਤੇ ਗੁਰੂ-ਪੰਥ ਨਾਲ ਰੋਮ-ਰੋਮ ਤੋਂ ਜੁੜੇ ਹੋਏ ਸਨ। ਸਮੇਂ ਦੀਆਂ ਸਰਕਾਰਾਂ ਅਤੇ ਦੁਨਿਆਵੀ ਲਾਲਚਾਂ ਤੋਂ ਉਪਰ ਉੱਠ ਕੇ ਸੱਚ ਧਰਮ ਅਤੇ ਸਚਿਆਈ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦਿੱਤਾ। ਗੁਰੂ ਰਾਮਦਾਸ ਜੀ ਦੇ ਪਾਵਨ ਦਰਬਾਰ ਨਾਲ ਉਨ੍ਹਾਂ ਦੀ ਪ੍ਰੀਤ ਇਤਿਹਾਸ ਬਣ ਚੁੱਕੀ ਹੈ। ਲਗਭਗ ਚਾਲ੍ਹੀ ਸਾਲ ਨਿਰੰਤਰ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਤੋਂ ਬੰਦੀ ਛੋੜ ਦਿਵਸ ਤੀਕ ਸ੍ਰੀ ਅੰਮ੍ਰਿਤਸਰ ਵਿਖੇ ਰਹਿ ਕੇ ਹੀ ਉਹ ਕਈ ਕਈ ਦਿਨ ਕਥਾ-ਵਾਰਤਾ ਕਰਦੇ। 'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥' ਦਾ ਪਾਵਨ ਫ਼ੁਰਮਾਨ ਉਨ੍ਹਾਂ ਦੇ ਜੀਵਨ 'ਤੇ ਪੂਰਾ ਢੁੱਕਦਾ ਹੈ। ਗੁਰਬਾਣੀ, ਗੁਰਮਤਿ ਵਿਚਾਰਧਾਰਾ ਤੇ ਸਿੱਖ ਇਤਿਹਾਸ ਦੀ ਉਨ੍ਹਾਂ ਨੂੰ ਬਹੁਤ ਸੂਖਮ ਸੋਚ-ਸਮਝ ਸੀ, ਜਿਸ ਨੂੰ ਕਥਾ-ਵਾਰਤਾ ਤੇ ਲਿਖਤਾਂ ਰਾਹੀਂ ਜੀਵਨ ਭਰ ਪ੍ਰਗਟ ਕਰਦੇ ਰਹੇ। ਗੁਰਮਤਿ ਦੇ ਪ੍ਰਚਾਰ-ਪਾਸਾਰ ਤੇ ਉਨ੍ਹਾਂ ਦੀਆਂ ਪੰਥਕ ਸੇਵਾਵਾਂ ਦਾ ਸਤਿਕਾਰ ਸਨਮਾਨ ਕਰਦਿਆਂ ਗੁਰੂ-ਪੰਥ ਵੱਲੋਂ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਕਾਲ ਚਲਾਣੇ ਉਪਰੰਤ 'ਗੁਰਮਤਿ ਵਿਦਿਆ ਮਾਰਤੰਡ' ਦੀ ਉਪਾਧੀ ਬਖ਼ਸ਼ਿਸ਼ ਕੀਤੀ ਗਈ ਹੈ ਅਤੇ ਸਿੱਖ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਉਨ੍ਹਾਂ ਨੂੰ 'ਭਾਈ ਗੁਰਦਾਸ ਐਵਾਰਡ' ਨਾਲ ਸਨਮਾਨਤ ਕੀਤਾ ਗਿਆ।

ਗੁਰੂ ਅੰਗ-ਸੰਗ!

*ਗੁਰੂ ਪੰਥ ਦੀ ਦਾਸ :*
**ਬੀਬੀ ਜਗੀਰ ਕੌਰ**
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ

14 ਚੇਤ, ਸੰਮਤ ਨਾਨਕਸ਼ਾਹੀ 537
27 ਮਾਰਚ, 2005

# 'ਗੁਰਮਤਿ ਵਿਦਿਆ ਮਾਰਤੰਡ' ਸਨਮਾਨ

ੴ ਸਤਿਗੁਰ ਪ੍ਰਸਾਦਿ ॥

ਸੰਸਾਰ ਪ੍ਰਸਿੱਧ ਪੰਥਕ ਵਿਦਵਾਨ ਗਿਆਨੀ ਸੰਤ ਸਿੰਘ ਜੀ 'ਮਸਕੀਨ' ਵੱਲੋਂ ਗੁਰਮਤਿ ਦੇ ਪ੍ਰਚਾਰ-ਪਾਸਾਰ ਹਿੱਤ ਕੀਤੀਆਂ ਮਹਾਨ ਸੇਵਾਵਾਂ ਦਾ ਸਨਮਾਨ ਕਰਦਿਆਂ ਉਹਨਾਂ ਨੂੰ ਅਕਾਲ ਚਲਾਣੇ ਉਪਰੰਤ ਗੁਰੂ-ਪੰਥ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਗੁਰਮਤਿ ਵਿਦਿਆ ਮਾਰਤੰਡ' ਦੀ ਉਪਾਧੀ ਬਖ਼ਸ਼ਿਸ਼ ਕੀਤੀ ਜਾਂਦੀ ਹੈ।

ਗੁਰੂ ਅੰਗ-ਸੰਗ !

*ਗੁਰੂ-ਪੰਥ ਦਾ ਦਾਸ :*
**ਜੋਗਿੰਦਰ ਸਿੰਘ**
ਜਥੇਦਾਰ,
ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ

14 ਚੇਤ, ਸੰਮਤ ਨਾਨਕਸ਼ਾਹੀ 537
27 ਮਾਰਚ, 2005

# ਭਾਈ ਗੁਰਦਾਸ ਐਵਾਰਡ

ੴ ਸਤਿਗੁਰ ਪ੍ਰਸਾਦਿ ॥

ਗੁਰੂ-ਪੰਥ ਦੀ ਸਰਵ-ਉੱਚ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਵਿਸ਼ਵ ਪ੍ਰਸਿੱਧ ਕਥਾ-ਵਾਚਕ, ਗੁਰਮਤਿ ਦੇ ਵਿਦਵਾਨ, ਵਿਆਖਿਆਕਾਰ ਗਿਆਨੀ ਸੰਤ ਸਿੰਘ ਜੀ 'ਮਸਕੀਨ' ਨੂੰ ਅਕਾਲ ਚਲਾਣੇ ਉਪਰੰਤ 'ਭਾਈ ਗੁਰਦਾਸ ਐਵਾਰਡ' ਨਾਲ ਸਨਮਾਨ ਕਰਦਿਆਂ ਮਾਣ ਮਹਿਸੂਸ ਕਰਦੀ ਹੈ।

ਗੁਰੂ ਅੰਗ-ਸੰਗ !

*ਗੁਰੂ-ਪੰਥ ਦੀ ਦਾਸ :*
**ਬੀਬੀ ਜਗੀਰ ਕੌਰ**
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ

14 ਚੇਤ, ਸੰਮਤ ਨਾਨਕਸ਼ਾਹੀ 537
27 ਮਾਰਚ, 2005

*[ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬੈਂਕੌਕ (ਥਾਈਲੈਂਡ) ਨਿਵਾਸੀ ਸਮੂਹ ਗੁਰੂ ਪਿਆਰੀਆਂ ਸੰਗਤਾਂ ਵੱਲੋਂ, ਮਸਕੀਨ ਜੀ ਦੀ ਸੁਪਤਨੀ ਮਾਤਾ ਸੁੰਦਰ ਕੌਰ ਜੀ ਨੂੰ ਮਸਕੀਨ ਜੀ ਦੀਆਂ ਗੁਰੂ-ਪੰਥ ਪ੍ਰਤੀ ਕੀਤੀਆਂ ਅਦੁੱਤੀ ਪ੍ਰਚਾਰ ਸੇਵਾਵਾਂ ਲਈ ਸੌਂਪਿਆ* ***ਸਨਮਾਨ-ਪੱਤਰ*** *ਦਾ ਉਤਾਰਾ]*

# ਸਨਮਾਨ-ਪੱਤਰ

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ॥**
**ਸਚੀ ਦਰਗਹ ਜਾਇ ਸਚਾ ਪਿੜ ਮਲਿਆ ॥**

ਸਨਮਾਨਯੋਗ ਗੁਰੂ ਪਿਆਰੇ, ਗੁਰੂ ਸਵਾਰੇ ਮਾਤਾ ਸੁੰਦਰ ਕੌਰ ਅਤੇ ਪਰਿਵਾਰ ਜੀਉ,

ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

ਸਿੱਖ ਪੰਥ ਦੇ ਮਹਾਨ ਵਿਦਵਾਨ, ਪੰਥ ਰਤਨ, ਸਤਿਕਾਰਯੋਗ ਗਿਆਨੀ ਸੰਤ ਸਿੰਘ ਜੀ 'ਮਸਕੀਨ' ਦੇ ਅਚਾਨਕ ਅਕਾਲ ਚਲਾਣੇ ਦੀ ਖ਼ਬਰ ਥਾਈਲੈਂਡ ਵਾਸੀ ਸਿੱਖ ਗੁਰ-ਸੰਗਤਾਂ ਨੇ ਬੜੇ ਦੁਖੀ ਹਿਰਦੇ ਨਾਲ ਸੁਣੀ ਹੈ। ਸ੍ਰੀ ਗੁਰੂ ਸਿੰਘ ਸਭਾ ਬੈਂਕੌਕ ਅਤੇ ਥਾਈਲੈਂਡ ਦੀਆਂ ਸਮੂਹ ਸੰਗਤਾਂ ਨੂੰ ਮਾਨਯੋਗ ਗਿਆਨੀ ਜੀ ਦੇ ਸਦੀਵੀ ਵਿਛੋੜੇ ਦਾ ਗਹਿਰਾ ਸਦਮਾ ਪਹੁੰਚਿਆ ਹੈ। ਹਰਮਨ ਪਿਆਰੇ ਗਿਆਨੀ ਜੀ ਉੱਚ ਕੋਟੀ ਦੇ ਕਥਾਕਾਰ ਅਤੇ ਉੱਘੇ ਦਾਰਸ਼ਨਿਕ ਹੋਣ ਦੇ ਨਾਲ ਨਾਲ ਇਕ ਚੰਗੇ ਲਿਖਾਰੀ ਵੀ ਸਨ ਜੋ ਸੋਨੇ 'ਤੇ ਸੁਹਾਗਾ ਹੈ। ਗਿਆਨੀ ਜੀ ਨੇ ਆਪਣੇ ਜੀਵਨ ਕਾਲ ਸਮੇਂ ਦੇਸ਼ਾਂ-ਵਿਦੇਸ਼ਾਂ ਵਿਚ ਜਾ ਕੇ ਗੁਰ-ਸੰਗਤਾਂ ਨੂੰ ਸ਼ਬਦ-ਗੁਰੂ ਦੇ ਲੜ ਲਗਾਉਣ ਦੀ ਬੜੀ ਸ਼ਲਾਘਾਯੋਗ ਸੇਵਾ ਕੀਤੀ। ਆਪ ਜੀ ਨੇ ਖੋਜ ਭਰਪੂਰ ਗੁਰਮਤਿ ਵਿਚਾਰਾਂ ਰਾਹੀਂ ਸਾਧ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ। ਆਪ ਜੀ ਨੂੰ ਗੁਰ-ਇਤਿਹਾਸ ਦੀ ਡੂੰਘੀ ਜਾਣਕਾਰੀ ਪ੍ਰਾਪਤ ਸੀ। ਆਪ ਜੀ ਫ਼ਾਰਸੀ, ਅਰਬੀ, ਸੰਸਕ੍ਰਿਤ ਅਤੇ ਉਰਦੂ ਭਾਸ਼ਾਵਾਂ ਦੇ ਮਾਹਿਰ ਸਨ।

# ਬੁਰਲੇ ਤੋਂ ਵਿਸ਼ਵ ਯਾਤਰਾ

ਖ਼ਾਲਸਾ ਪੰਥ ਦੀ ਮਾਇਆ ਨਾਜ਼ ਹਸਤੀ ਗਿਆਨੀ ਸੰਤ ਸਿੰਘ ਜੀ ਮਸਕੀਨ ਨੇ ਗੁਰਮਤਿ ਪ੍ਰਚਾਰ ਦੀ ਆਪਣੀ ਯਾਤਰਾ 'ਬੁਰਲੇ' ਤੋਂ ਆਰੰਭ ਕੀਤੀ। ਫਿਰ ਇਹ ਯਾਤਰਾ ਪੜਾਅ-ਦਰ-ਪੜਾਅ ਹਿੰਦੋਸਤਾਨ ਦੇ ਪਿੰਡਾਂ ਅਤੇ ਸ਼ਹਿਰਾਂ ਨੂੰ ਗੁਰਮਤਿ ਵਿਚਾਰਾਂ ਨਾਲ ਸੁਗੰਧਿਤ ਕਰਦੀ ਹੋਈ ਸਮੁੱਚੇ ਵਿਸ਼ਵ ਨੂੰ ਆਪਣੀ ਛੂਹ ਪ੍ਰਦਾਨ ਕਰਦੀ ਵਿਸ਼ਵ ਵਿਆਪੀ ਹੋ ਨਿਬੜੀ।

'ਬੁਰਲਾ' ਉੜੀਸਾ ਦਾ ਇਕ ਗੁੰਮਨਾਮ ਛੋਟਾ ਜਿਹਾ ਪਿੰਡ, ਸੰਬਲਪੁਰ ਤੋਂ ਕੋਈ ਬਾਰਾਂ ਕੁ ਕਿਲੋਮੀਟਰ ਦੀ ਦੂਰੀ 'ਤੇ ਘਣੇ ਬਿਰਛਾਂ ਦੇ ਵਿਚਕਾਰ ਵੱਸਿਆ ਹੋਇਆ ਹੈ। ਮਸਕੀਨ ਜੀ ਦੀ ਪਰਉਪਕਾਰੀ ਜ਼ਿੰਦਗੀ ਦੇ ਮੁੱਢਲੇ ਜੁਆਨੀ ਦੇ ਕਰੀਬਨ ਨੌਂ ਕੁ ਮਹੀਨੇ ਇਸ ਪਿੰਡ ਵਿਚ ਬਤੀਤ ਹੋਏ। ਇਸ ਪਿੰਡ ਦੀਆਂ ਛੋਟੀਆਂ ਛੋਟੀਆਂ ਗਲੀਆਂ ਅਤੇ ਡੰਡੀਆਂ ਨੇ ਵਿਸ਼ਵ ਪ੍ਰਸਿੱਧ ਸ਼ਖ਼ਸੀਅਤ ਨੂੰ ਇਕ ਮਸਤਾਨੀ ਚਾਲ ਨਾਲ ਆਪਣੇ ਉੱਤੇ ਤੁਰਦਿਆਂ ਵੇਖਿਆ ਹੈ।

ਉੜੀਸਾ ਦੀ ਇਕ ਪ੍ਰਸਿੱਧ ਨਦੀ ਹੈ—ਮਹਾਂਨਦੀ। ਇਸ ਨਦੀ ਉਪਰ ਏਸ਼ੀਆ ਦਾ ਸਭ ਤੋਂ ਲੰਮਾ ਡੈਮ 'ਹੀਰਾ ਕੁੰਡ' ਬਣਿਆ ਹੋਇਆ ਹੈ। ਇਸ ਡੈਮ ਦੀ ਤਿਆਰੀ ਸਮੇਂ ਬਹੁਤ ਸਾਰੇ ਇੰਜੀਨੀਅਰ ਅਤੇ ਮਜ਼ਦੂਰ ਗੁਰਸਿੱਖ ਸਨ, ਜਿਹੜੇ ਪਰਿਵਾਰਾਂ ਸਮੇਤ ਇਸ ਛੋਟੇ ਜਿਹੇ ਪਿੰਡ ਵਿਚ ਰਹਿੰਦੇ ਸਨ। ਕੁਝ ਕੁ ਪਰਿਵਾਰ ਦੇਸ਼ ਦੇ ਬਟਵਾਰੇ ਸਮੇਂ ਪਾਕਿਸਤਾਨ ਬਣਨ ਪਿੱਛੋਂ ਉਧਰੋਂ ਇਥੇ ਆ ਕੇ ਵੱਸੇ ਸਨ। ਕੁਲ ਮਿਲਾ ਕੇ ਉਸ ਸਮੇਂ ਪੰਜੀ ਕੁ ਹੀ ਘਰ ਸਨ, ਜਦੋਂ ਮਸਕੀਨ ਜੀ ਸੰਨ 1952 ਵਿਚ ਇਸ ਪਿੰਡ ਵਿਖੇ ਪਹੁੰਚੇ।

**ਮੋ ਕਉ ਕੋਇ ਨ ਜਾਨਤ ਕਹੀਅਤ ਦਾਸੁ ਤੁਮਾਰਾ॥**

*(ਮਾਰੂ ਮਹਲਾ ੫, ਪੰਨਾ 1005)*

ਗੁਰੂ ਸਾਹਿਬਾਨ ਦੇ ਬਚਨਾਂ ਮੁਤਾਬਿਕ ਇਸ ਅਣਜਾਣੇ ਜਿਹੇ ਪਿੰਡ ਵਿਚ ਮਸਕੀਨ ਜੀ ਅਛੋਪਲੇ ਜਿਹੇ ਆ ਟਿਕੇ। ਸ਼ਾਮ ਦੇ ਵਕਤ ਇਕ ਬ੍ਰਿਛ ਹੇਠਾਂ

ਬੈਠ ਕੇ ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ 'ਰਹਿਰਾਸ ਸਾਹਿਬ' ਜੀ ਦਾ ਵਜਦ ਵਿਚ ਪਾਠ ਕੀਤਾ। ਸੁਣਨ ਵਾਲਿਆਂ ਨੇ ਧੰਨਭਾਗ ਜਾਣੇ। ਕਿਸੇ ਗੁਰਸਿੱਖ ਨੇ ਪ੍ਰਸ਼ਾਦਾ ਛਕਾਇਆ ਅਤੇ ਰੈਣ ਬਸੇਰਾ ਕਰਵਾਇਆ। ਇਸ ਪਿੰਡ ਅੰਦਰ ਅਜੇ ਕੋਈ ਗੁਰਦੁਆਰਾ ਨਹੀਂ ਸੀ। ਮਸਕੀਨ ਜੀ ਨੇ ਪ੍ਰੇਮੀ ਜਨਾਂ ਨੂੰ ਪ੍ਰੇਰਨਾ ਦੇ ਕੇ ਗੁਰਦੁਆਰਾ ਸਾਹਿਬ ਬਣਵਾਇਆ, ਜੋ ਲੋਹੇ ਦੀਆਂ ਟੀਨਾਂ ਪਾ ਕੇ ਹੀ ਬਣਾਇਆ ਗਿਆ। ਧੰਨ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ। ਮਸਕੀਨ ਜੀ ਨੇ ਰੋਜ਼ਾਨਾ ਦਾ ਸਤਿਸੰਗ ਸ਼ੁਰੂ ਕਰਵਾਇਆ।

ਆਪ ਜੀ ਗੁਰਬਾਣੀ ਦੇ ਪਾਠ ਉਪਰੰਤ ਸੰਗਤਾਂ ਨੂੰ ਪਹਿਲਾਂ ਥੋੜਾ ਸਮਾਂ ਕੀਰਤਨ ਸਰਵਣ ਕਰਵਾਉਂਦੇ, ਫਿਰ ਕੁਝ ਸਮਾਂ ਕਥਾ। ਬਹੁਤ ਹੀ ਘੱਟ ਪ੍ਰੇਮੀਆਂ ਨੂੰ ਪਤਾ ਹੈ ਕਿ ਮਸਕੀਨ ਜੀ ਕੀਰਤਨ ਵੀ ਕਰਦੇ ਸਨ। ਇਸ ਤਰ੍ਹਾਂ ਸੰਸਾਰੀ ਜੀਵਨ ਚਲਾਉਣ ਵਾਲਿਆਂ ਨੂੰ ਕਿਰਤ ਦੇ ਨਾਲ ਨਾਲ ਜੀਵਨ ਸਫਲ ਕਰਨ ਲਈ ਕਰਤਾ ਪੁਰਖ ਜੀ ਦੀ ਕੀਰਤੀ ਦਾ ਲਾਹਾ ਵੀ ਪ੍ਰਾਪਤ ਹੋਣ ਲੱਗ ਪਿਆ। ਇੰਜ ਰੋਜ਼ਾਨਾ ਹੀ ਗੁਰਮਤਿ ਅਨੁਸਾਰ ਕੀਰਤਨ-ਕਥਾ ਦੀ ਛਹਿਬਰ ਲੱਗਣ ਲੱਗ ਪਈ।

ਮਸਕੀਨ ਜੀ ਸਵੇਰ ਦੇ ਦੀਵਾਨ ਦੀ ਸੰਪੂਰਨਤਾ ਉਪਰੰਤ ਨੇੜੇ ਪਹਾੜ ਉਪਰ ਚਲੇ ਜਾਂਦੇ। ਸਾਰਾ ਦਿਨ ਗੁਰਬਾਣੀ ਅਤੇ ਹੋਰ ਸਹਾਇਕ ਪੋਥੀਆਂ ਦਾ ਚਿੰਤਨ ਤੇ ਮੰਥਨ ਕਰਦੇ ਰਹਿੰਦੇ। ਸ਼ਾਮ ਨੂੰ ਵਾਪਸ ਗੁਰਦੁਆਰਾ ਸਾਹਿਬ ਆ ਕੇ ਰਹਿਰਾਸ ਸਾਹਿਬ ਦੇ ਪਾਠ ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਲੱਗ ਜਾਂਦੇ। ਜਦ ਕੋਈ ਅਭਿਆਗਤ ਯਾਤਰਾ ਕਰਦਾ ਕਰਦਾ ਉਥੇ ਆ ਜਾਂਦਾ ਤਾਂ ਆਪ ਜੀ ਉਸ ਨੂੰ ਪ੍ਰਸ਼ਾਦਾ ਵੀ ਛਕਾਉਂਦੇ, ਰਾਤ ਰਹਿਣ ਲਈ ਬਿਸਤਰੇ ਆਦਿ ਦਾ ਪ੍ਰਬੰਧ ਵੀ ਕਰਦੇ। ਸਵੇਰੇ ਉਸ ਦੇ ਜਾਣ ਸਮੇਂ ਆਪਣੇ ਪਾਸੋਂ ਯਥਾ-ਸ਼ਕਤ ਰਾਹ ਖ਼ਰਚ ਵੀ ਦੇ ਦਿੰਦੇ। ਸਤਿਗੁਰੂ ਜੀ ਨੇ ਆਪਣੀ ਮਿਹਰ ਨਾਲ ਜਿਹੜੇ ਦੈਵੀ-ਗੁਣ ਆਪ ਜੀ ਦੀ ਝੋਲੀ ਪਾਏ ਸਨ, ਉਹਨਾਂ 'ਚੋਂ ਦਇਆ-ਭਾਵ ਪ੍ਰਮੁੱਖ ਸੀ।

ਵਕਤ ਆਪਣੀ ਰਫ਼ਤਾਰ ਨਾਲ ਦਿਨ ਰਾਤ ਦੀ ਬੁਝਾਰਤ ਬਣ ਕੇ ਅਕਾਲ ਪੁਰਖ ਜੀ ਦੇ ਹੁਕਮ ਦਾ ਬੱਧਾ ਗਤੀਸ਼ੀਲ ਰਿਹਾ। ਮਸਕੀਨ ਜੀ ਨੇ ਗੁਰਮੁਖੀ ਅੱਖਰਾਂ ਦੀ ਮਹਾਨਤਾ ਨੂੰ ਜਾਣਦਿਆਂ ਹੋਇਆਂ ਛੋਟੇ ਛੋਟੇ ਬੱਚਿਆਂ ਨੂੰ ਗੁਰਮੁਖੀ ਸਿਖਾਉਣ ਦਾ ਉੱਦਮ-ਉਪਰਾਲਾ ਵੀ ਜਾਰੀ ਰੱਖਿਆ। ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪਾਠ-ਪਠਨ ਲਈ ਗੁਰਮੁਖੀ ਦਾ ਗਿਆਨ ਲਾਜ਼ਮੀ ਹੈ। ਇਸੇ ਸਮੇਂ ਦੌਰਾਨ ਮਸਕੀਨ ਜੀ ਨੇ ਗੁਰਦੁਆਰਾ ਸਾਹਿਬ ਦੇ ਵਿਹੜੇ ਵਿਚ

ਦੋ ਛੋਟੇ ਛੋਟੇ ਪੌਦੇ ਆਪਣੇ ਕਰ-ਕਮਲਾਂ ਦੁਆਰਾ ਲਗਾਏ--ਇਕ ਅਮਰੂਦ ਦਾ ਤੇ ਦੂਸਰਾ ਜਾਮਨ ਦਾ। ਇਹ ਦੋਵੇਂ ਬੂਟੇ ਵਿਸ਼ਾਲ ਬਿਰਛਾਂ ਦਾ ਰੂਪ ਧਾਰਨ ਕਰ ਚੁੱਕੇ ਹਨ ਅਤੇ ਮਸਕੀਨ ਜੀ ਦੀਆਂ ਬੁਰਲਾ ਨਿਵਾਸੀ ਸੰਗਤਾਂ ਲਈ ਮਹਾਨ ਯਾਦਾਂ ਸਰੂਪ ਹਨ।

ਸਮਾਂ ਨਿਰੰਤਰ ਤੋਰ ਤੁਰਦਾ ਹੋਇਆ ਉਸ ਮੁਕਾਮ 'ਤੇ ਆ ਪੁੱਜਾ, ਜਿਥੇ ਮਸਕੀਨ ਜੀ ਨੇ ਗੁਰਬਾਣੀ ਦੀ ਗਿਆਨ ਭਰਪੂਰ ਤੇ ਪ੍ਰਭਾਵਸ਼ਾਲੀ ਕਥਾ ਕਰਦਿਆਂ ਇਹ ਮਹਿਸੂਸ ਕਰ ਲਿਆ ਕਿ ਸਤਿਗੁਰੂ ਜੀ ਦੀ ਰਜ਼ਾ ਹੁਣ ਇਥੋਂ ਸਾਨੂੰ ਅਗਲੇਰੇ ਸਫ਼ਰਾਂ ਵੱਲ ਤੋਰਨ ਦੀ ਹੈ। ਇਸ ਸਮੇਂ ਮਸਕੀਨ ਜੀ ਦੀ ਸਰੀਰਕ ਉਮਰ ਕਰੀਬਨ ਅਠਾਰਾਂ ਕੁ ਸਾਲ ਦੀ ਹੀ ਸੀ। ਕਿਰਤ ਨੇ ਅਗਾਂਹ ਧੱਕਾ ਦੇ ਕੇ ਤੋਰ ਲਿਆ। ਸਤਿਗੁਰੂ ਜੀ ਦਾ ਪਾਵਨ ਹੁਕਮ ਹੈ :

**ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥**
**ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥** *(ਮ: ੨, ਪੰਨਾ 653)*

ਜਿਵੇਂ ਬੀਜ ਅੰਦਰ ਜੋ ਵਿਸ਼ਾਲਤਾ ਛੁਪੀ ਹੁੰਦੀ ਹੈ, ਉਸ ਨੂੰ ਹਰੇਕ ਅੱਖ ਨਾ ਦੇਖ ਸਕਦੀ ਹੈ, ਨਾ ਹੀ ਉਸ ਦੀ ਮਹਾਨਤਾ ਹਰੇਕ ਨੂੰ ਸਮਝ ਆਉਂਦੀ ਹੈ। ਜੌਹਰੀਆਂ ਤੋਂ ਬਿਨਾਂ ਰਤਨਾਂ ਦੀ ਪਛਾਣ ਕਿਸ ਕਰਨੀ ਅਤੇ ਕਿਸ ਨੇ ਉਹਨਾਂ ਦੀ ਕਦਰ ਪਾਉਣੀ ਹੈ। ਗਾਹਕਾਂ ਤੋਂ ਬਿਨਾਂ ਗੁਣਾਂ ਦਾ ਮੁੱਲ ਨਹੀਂ ਪੈਂਦਾ। ਆਮ ਹੀ ਵੇਖਿਆ ਗਿਆ ਹੈ ਕਿ ਦੁਨੀਆ ਅੰਦਰ ਮਹਾਨ ਸ਼ਖ਼ਸੀਅਤਾਂ ਨੂੰ ਹਉਮੈ-ਗ੍ਰਸਤ ਬਿਰਤੀ ਵਾਲਿਆਂ ਨੇ ਨਾ ਤਾਂ ਪਛਾਣਿਆ ਹੈ ਅਤੇ ਨਾ ਹੀ ਕਦਰ ਪਾਈ ਹੈ। ਮਸਕੀਨ ਜੀ ਦੇ ਨਾਲ ਵੀ ਕੁਝ ਐਸਾ ਹੀ ਹੋਇਆ। ਜਿਹੜੇ ਅਭਿਆਗਤ ਗੁਰਦੁਆਰਾ ਸਾਹਿਬ ਵਿਖੇ ਆ ਕੇ ਠਹਿਰਦੇ ਸਨ, ਉਹਨਾਂ ਨੂੰ ਸਾਰੀ ਰਸਦ-ਬਸਦ ਲੰਗਰ ਰੂਪ 'ਚ ਛਕਾ ਦੇਣੀ, ਵਰਤਾ ਦੇਣੀ; ਮਸਕੀਨ ਜੀ ਦਾ ਇਹ ਕਰਤੱਵ ਕਿਸੇ ਪ੍ਰਬੰਧਕ ਨੂੰ ਚੰਗਾ ਨਾ ਲੱਗਿਆ। ਉਸ ਨੇ ਆਪ ਜੀ ਨੂੰ ਐਸਾ ਨਾ ਕਰਨ ਲਈ ਪ੍ਰਬੰਧਕੀ ਰੋਹਬ ਨਾਲ ਰੋਕਣਾ ਚਾਹਿਆ ਤਾਂ ਆਪ ਜੀ ਦੇ ਨਿਰਮਲ, ਨਿਰਛਲ ਤੇ ਪਰਉਪਕਾਰੀ ਸੁਭਾਅ ਉਪਰ ਡਾਢੀ ਸੱਟ ਵੱਜੀ। ਆਪ ਜੀ ਨੇ ਬੁਰਲਾ ਅਸਥਾਨ (ਆਪਣੀ ਪਹਿਲੀ ਕਰਮ ਭੂਮੀ) ਨੂੰ ਛੱਡਣ ਦਾ ਮਨ ਬਣਾ ਲਿਆ। ਬੇਸ਼ੱਕ ਬਾਕੀ ਪ੍ਰਬੰਧਕਾਂ ਨੇ ਮਸਕੀਨ ਜੀ ਨੂੰ ਨਾ ਜਾਣ ਲਈ ਬੇਨਤੀਆਂ ਕੀਤੀਆਂ, ਪਰ ਹੁਣ ਆਪ ਜੀ ਆਪਣੀ ਕਰਮ ਭੂਮੀ ਨੂੰ ਵਿਸ਼ਾਲ ਕਰਨ ਦਾ ਮਨ ਬਣਾ ਚੁੱਕੇ ਸਨ ਅਤੇ ਨਿਮਰਤਾ ਸਹਿਤ ਪ੍ਰਬੰਧਕਾਂ ਅਤੇ ਸੰਗਤਾਂ ਪਾਸੋਂ ਖਿਮਾ ਮੰਗ ਕੇ ਅਗਲੇਰੀ ਮੰਜ਼ਲ ਵੱਲ ਤੁਰ ਪਏ।

ਆਪ ਜੀ ਦਾ ਮਿਲਾਪ ਨਿਰਮਲੇ ਮਹਾਂਪੁਰਸ਼ ਬਾਬਾ ਬਲਵੰਤ ਸਿੰਘ ਜੀ ਨਾਲ ਹੋਇਆ, ਜਿਹਨਾਂ ਨੇ ਗੁਰਮਤਿ ਦੀਆਂ ਗਹਿਰਾਈਆਂ ਨੂੰ ਸਮਝਣ ਦੀ ਮਸਕੀਨ ਜੀ ਦੀ ਚਾਹਤ ਨੂੰ ਥਾਪੜਾ ਦੇ ਕੇ ਨਿਵਾਜਿਆ। ਇਸੇ ਲਈ ਮਸਕੀਨ ਜੀ ਕਥਾ ਕਰਦਿਆਂ ਬਾਬਾ ਬਲਵੰਤ ਸਿੰਘ ਜੀ ਦਾ ਨਾਮ ਬਹੁਤ ਹੀ ਅਦਬ ਸਹਿਤ ਲਿਆ ਕਰਦੇ ਸਨ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਨੂੰ ਆਪ ਜੀ ਨੇ ਸਮੁੱਚੇ ਸੰਸਾਰ ਅੰਦਰ ਦ੍ਰਿੜ੍ਹ ਕਰਵਾਇਆ। ਆਪਣੇ ਜੀਵਨ ਨੂੰ ਗੁਰੂ-ਚਰਨਾਂ ਵਿਚ ਸਮਰਪਿਤ ਕਰ ਦਿੱਤਾ। ਸਤਿਗੁਰੂ ਜੀ ਨੇ ਉਹਨਾਂ ਨੂੰ ਸਾਰੀਆਂ ਦਾਤਾਂ ਨਾਲ ਨਿਵਾਜਿਆ। ਮਸਕੀਨ ਜੀ ਦੀ ਰਸਨਾ 'ਤੇ ਬੈਠ ਕੇ ਆਪਣੀ ਮਹਿਮਾ ਕਰਵਾਈ। ਗੁਰਮਤਿ ਦਾ ਪ੍ਰਕਾਸ਼ (ਗਿਆਨ) ਹਰੇਕ ਪ੍ਰਾਣੀ ਨੂੰ ਸਹਿਜੇ ਹੀ ਪ੍ਰਾਪਤ ਹੋਇਆ।

ਸੰਨ 1999 ਈ: ਨੂੰ ਖ਼ਾਲਸਾ ਪੰਥ ਦੀ ਤੀਸਰੀ ਸ਼ਤਾਬਦੀ ਸਮੇਂ ਪੰਜਾਬ ਤੋਂ ਬਾਹਰ ਹਿੰਦੋਸਤਾਨ ਵਿਚ ਵੱਸਦੇ ਗੁਰਸਿੱਖਾਂ ਅੰਦਰ ਸਿੱਖੀ ਚੇਤਨਾ ਨੂੰ ਪ੍ਰਚੰਡ ਕਰਨ ਵਾਸਤੇ ਮਸਕੀਨ ਜੀ 'ਵਿਸ਼ਵ ਸਿੱਖ ਪ੍ਰਚਾਰਕ ਸੰਸਥਾ' ਦੇ ਮੁਖੀ ਵਜੋਂ ਪ੍ਰਚਾਰਕਾਂ ਅਤੇ ਰਾਗੀਆਂ ਨੂੰ ਨਾਲ ਲੈ ਕੇ ਦੇਸ਼ ਦੇ ਪ੍ਰਾਂਤਾਂ ਦੀਆਂ ਰਾਜਧਾਨੀਆਂ ਅਤੇ ਵੱਡੇ ਵੱਡੇ ਸ਼ਹਿਰਾਂ ਅੰਦਰ ਉਲੀਕੇ ਹੋਏ ਪ੍ਰੋਗਰਾਮ ਅਨੁਸਾਰ ਪਹੁੰਚੇ। ਇਸੇ ਸਮੇਂ ਦੌਰਾਨ ਸਾਨੂੰ ਪਹਿਲੀ ਵਾਰ ਮਸਕੀਨ ਜੀ ਦੇ ਪਹਿਲੇ ਕਰਮ ਭੂਮੀ ਅਸਥਾਨ 'ਬੁਰਲਾ' ਪਹੁੰਚਣ ਦਾ ਸੁਭਾਗ ਮਿਲਿਆ। ਸਾਡੇ ਵਾਸਤੇ ਇਹ ਛੋਟਾ ਜਿਹਾ ਪਿੰਡ ਵਿਸ਼ੇਸ਼ ਖਿੱਚ ਬਣਿਆ ਹੋਇਆ ਸੀ, ਜਿਥੋਂ ਜੁਆਨੀ ਦੀ ਦਹਿਲੀਜ਼ 'ਤੇ ਕਦਮ ਰੱਖਦਿਆਂ ਪੰਥ ਦੀ ਅਜ਼ੀਮ ਸ਼ਖ਼ਸੀਅਤ ਨੇ ਗੁਰਮਤਿ ਪ੍ਰਚਾਰ ਦੇ ਅਤਿ ਔਖੇ ਕਾਰਜ ਨੂੰ ਆਰੰਭ ਕੀਤਾ ਸੀ।

ਬੁਰਲੇ ਗੁਰਦੁਆਰਾ ਸਾਹਿਬ ਦੀ ਨਵੀਂ ਸੁੰਦਰ ਇਮਾਰਤ ਬਣ ਚੁੱਕੀ ਸੀ। ਹੁਣ ਗੁਰਦੁਆਰਾ ਸਾਹਿਬ ਦਾ ਨਾਮ ਸ੍ਰੀ ਗੁਰੂ ਸਿੰਘ ਸਭਾ ਬੁਰਲਾ ਹੈ। ਮੌਜੂਦਾ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਸੰਗਤਾਂ ਦੇ ਹਿਰਦਿਆਂ ਅੰਦਰ ਮਸਕੀਨ ਜੀ ਦੀ ਆਮਦ ਨੂੰ ਵੇਖ ਕੇ ਕੋਈ ਖ਼ਾਸ ਤਰ੍ਹਾਂ ਦਾ ਉਮਾਹ ਤੇ ਉਤਸ਼ਾਹ ਸੀ, ਕਿਉਂਕਿ ਮਸਕੀਨ ਜੀ ਆਪਣੇ ਪੁਰਾਣੇ ਅਸਥਾਨ 'ਬੁਰਲੇ' ਆ ਰਹੇ ਸਨ। ਸਤਿਗੁਰੂ ਜੀ ਨੇ ਸੰਸਾਰ ਅੰਦਰ ਮਸਕੀਨ ਜੀ ਦਾ ਨਾਮਣਾ ਆਪਣੀ ਮਿਹਰ ਨਾਲ ਬਹੁਤ ਉੱਚਾ ਕਰ ਦਿੱਤਾ ਸੀ। ਪ੍ਰਬੰਧਕ ਸੱਜਣ ਸਤਿਕਾਰ ਸਹਿਤ ਕਾਫ਼ਲੇ ਦੇ ਰੂਪ ਵਿਚ ਰਾਇਪੁਰ ਤੋਂ ਮਸਕੀਨ ਜੀ ਨੂੰ ਲੈਣ ਪਹੁੰਚੇ। 'ਗੁਰ ਫ਼ਤਹਿ' ਦੀ ਸਾਂਝ ਉਪਰੰਤ ਸਭਨਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਆਪ ਜੀ ਬੁਰਲੇ ਵਿਖੇ ਚਰਨ ਪਾਓ ਅਤੇ ਸੰਗਤਾਂ ਨੂੰ ਸਤਿਗੁਰੂ ਜੀ ਦੀ ਬਾਣੀ ਦੀ ਕਥਾ ਸਰਵਣ

ਕਰਵਾਉ। ਤਦ ਮਸਕੀਨ ਜੀ ਨੇ ਆਪਣੇ ਮਿੱਠ-ਬੋਲੜੇ ਸੁਭਾਅ ਅਨੁਸਾਰ ਪ੍ਰਬੰਧਕਾਂ ਦਾ ਮਨ ਮੋਂਹਦਿਆਂ ਹੋਇਆਂ ਕਿਹਾ:

> "ਅਗਰ ਤੁਸੀਂ ਨਾ ਵੀ ਬੁਲਾਉਂਦੇ ਤਾਂ ਵੀ ਅਸੀਂ ਜ਼ਰੂਰ ਆਉਣਾ ਸੀ। ਮੈਂ ਬੁਰਲੇ ਛੋਟੀ ਜਿਹੀ ਉਮਰ ਵਿਚ ਆਇਆ ਸਾਂ, ਉਦੋਂ ਮੈਨੂੰ ਦਾੜ੍ਹੀ ਆ ਹੀ ਰਹੀ ਸੀ।"

ਫਿਰ ਮਸਕੀਨ ਜੀ ਉਹਨਾਂ ਨਾਲ ਗੱਡੀ ਵਿਚ ਬੈਠ ਗਏ। ਇਕ ਖ਼ਾਲਸਈ ਜਾਹੋ-ਜਲਾਲ ਨਾਲ ਪ੍ਰਬੰਧਕ ਸੱਜਣ ਜੈਕਾਰੇ ਗਜਾਉਂਦੇ ਜਾ ਰਹੇ ਸਨ।

ਮਸਕੀਨ ਜੀ ਦੇ ਪਿਆਰ ਵਿਚ ਪ੍ਰਬੰਧਕੀ ਸੱਜਣਾਂ ਨੇ ਗੁਰਦੁਆਰਾ ਸਾਹਿਬ ਦੇ ਖੱਬੇ ਪਾਸੇ ਯਾਤਰੂਆਂ ਦੇ ਠਹਿਰਨ ਵਾਸਤੇ ਦੋ ਸੁੰਦਰ ਕਮਰੇ ਬਣਵਾਏ ਹਨ, ਜਿਹਨਾਂ ਅੰਦਰ ਅੱਠ ਬੈੱਡ ਲਗਾਏ ਹਨ। ਬਹੁਤ ਸੁੰਦਰ ਇੰਤਜ਼ਾਮ ਹੈ। ਇਹਨਾਂ ਕਮਰਿਆਂ ਦੇ ਬਾਹਰਵਾਰ 'ਮਸਕੀਨ ਨਿਵਾਸ' ਦੀ ਤਖ਼ਤੀ ਲਗਵਾਈ ਹੋਈ ਹੈ। ਕੋਈ 15 ਕੁ ਸਾਲਾਂ ਤੋਂ ਇਹ ਮਸਕੀਨ ਨਿਵਾਸ ਬਣਾਇਆ ਗਿਆ ਹੈ ਜੋ ਕਿ ਸਿਆਣੇ ਪ੍ਰਬੰਧਕਾਂ ਅਤੇ ਸੰਗਤਾਂ ਦਾ ਮਸਕੀਨ ਜੀ ਪ੍ਰਤੀ ਪਿਆਰ ਦਾ ਪ੍ਰਗਟਾਵਾ ਹੈ।

ਮਸਕੀਨ ਜੀ ਬੁਰਲੇ ਪਹੁੰਚੇ। ਸੰਗਤਾਂ ਦਾ ਪਿਆਰ ਡੁੱਲ੍ਹ-ਡੁੱਲ੍ਹ ਪੈਂਦਾ ਨਜ਼ਰੀਂ ਆਇਆ। ਆਪ ਜੀ ਨੇ ਆਪਣੇ ਹੱਥਾਂ ਨਾਲ ਲਗਾਏ ਹੋਏ ਅਮਰੂਦ ਅਤੇ ਜਾਮਨ ਦੇ ਬੂਟੇ ਨੂੰ ਲੰਬੇ ਅਰਸੇ ਬਾਅਦ ਬਹੁਤ ਹੀ ਭਾਵ-ਪੂਰਤ ਦ੍ਰਿਸ਼ਟੀ ਨਾਲ ਤੱਕਿਆ। ਇਕ ਪ੍ਰੇਮੀ ਨੇ ਅਮਰੂਦ ਦੇ ਫਲ ਤੋੜੇ। ਮਸਕੀਨ ਜੀ ਸਮੇਤ ਸਾਰਿਆਂ ਨੇ ਥੋੜਾ-ਥੋੜਾ ਫਲ ਛਕਿਆ। ਅੱਜ ਆਪਣੇ ਪ੍ਰਚਾਰ ਵਹੀਰ ਨਾਲ ਮਸਕੀਨ ਜੀ ਬੁਰਲਾ ਨਿਵਾਸੀਆਂ ਨੂੰ ਨਿਹਾਲ ਕਰ ਰਹੇ ਸਨ। ਸੰਗਤਾਂ ਨੇ ਆਪਣੇ ਵਡਭਾਗ ਜਾਣੇ। ਕਥਾ-ਕੀਰਤਨ ਦਾ ਲਾਹਾ ਮਾਣ ਕੇ ਆਤਮਿਕ ਖ਼ੁਸ਼ੀਆਂ ਮਾਣੀਆਂ।

ਇੰਜ ਬੁਰਲਾ ਨਿਵਾਸੀਆਂ ਪਾਸੋਂ ਮਸਕੀਨ ਜੀ ਪਿਆਰ ਭਰੀ ਵਿਦਾਇਗੀ ਲੈ ਕੇ ਅਗਲੇਰੇ ਪ੍ਰੋਗਰਾਮ ਲਈ ਆਪਣੇ ਕਾਫ਼ਲੇ ਸਮੇਤ ਰਵਾਨਾ ਹੋ ਗਏ। ਮਸਕੀਨ ਜੀ ਹੁਣ ਈ.ਟੀ.ਸੀ. ਪੰਜਾਬੀ ਚੈਨਲ ਰਾਹੀਂ ਘਰ-ਘਰ ਗੁਰ-ਸੰਗਤਾਂ ਨੂੰ ਗੁਰੂ ਜੀ ਦੀ ਕਥਾ ਸੁਣਾਉਣ ਲੱਗ ਪਏ। ਗੁਰਮਤਿ ਹਿਤੈਸ਼ੀਆਂ ਅਤੇ ਪ੍ਰਭੂ ਪਿਆਰਿਆਂ ਲਈ ਇਹ ਇਕ ਮਹਾਨ ਖ਼ੁਸ਼-ਨਸੀਬੀ ਸੀ। ਦੂਰ-ਦੁਰਾਡੇ ਦੇਸ਼ਾਂ 'ਚ ਵੱਸਦੇ ਗੁਰਸਿੱਖ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਤੋਂ ਬਾਅਦ ਮਸਕੀਨ ਜੀ ਦੀ ਕਥਾ ਦੀ ਬੜੀ ਬੇਤਾਬੀ ਨਾਲ ਉਡੀਕ ਕਰਨ ਲੱਗ ਪੈਂਦੇ। ਫਿਰ ਮਸਕੀਨ

ਜੀ ਅਨੇਕਾਂ ਦਲੀਲਾਂ ਅਤੇ ਹਵਾਲਿਆਂ ਰਾਹੀਂ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰ-ਇਤਿਹਾਸ—ਸਿੱਖ-ਇਤਿਹਾਸ ਦੀ ਵਿਸ਼ਵ ਵਿਆਪੀ ਮਹਾਨਤਾ ਨੂੰ ਜਗਤ ਸਾਹਮਣੇ ਰੱਖਦੇ। ਅਨਮਤਾਂ ਦੇ ਧਾਰਨੀ ਵੀ ਅਸ਼-ਅਸ਼ ਕਰ ਉੱਠਦੇ। ਕਿਸੇ ਵੀ ਵਿਚਾਰ ਨੂੰ ਸਿੱਧ ਕਰਨ ਵਾਸਤੇ ਉਹਨਾਂ ਪਾਸ ਦਲੀਲਾਂ ਦੇ ਅੰਬਾਰ ਸਨ, ਉਰਦੂ ਫ਼ਾਰਸੀ ਦੇ ਸ਼ੇਅਰਾਂ ਦਾ ਮਹਾਨ ਭੰਡਾਰ ਸੀ। ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੇ ਗੁਰੂ ਪਿਆਰ, ਸਿੱਖੀ ਸਿਦਕ ਅਤੇ ਗੁਰਮਤਿ ਰਮਜ਼ਾਂ ਦੇ ਖ਼ੁਲਾਸੇ ਦੇ ਕਾਵਿ-ਰੂਪ 'ਚ ਅਮੁੱਕ ਖ਼ਜ਼ਾਨੇ ਸਨ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗੰਮੀ ਬਾਣੀ ਦੀ ਅਨੋਖੀ ਗੂੜ੍ਹ-ਗੌਹਜਤਾ ਪ੍ਰਾਪਤ ਸੀ। ਇਹ ਸੱਚ ਹੈ ਕਿ ਕਥਾ ਦੀ ਸੇਵਾ ਆਪ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਹਨਾਂ ਪਾਸੋਂ ਲੈ ਰਹੇ ਸਨ।

ਮਸਕੀਨ ਜੀ ਕਥਾ ਦਾ ਨਿਰੰਤਰ ਵੱਗਦਾ ਦਰਿਆ ਸਨ। ਜ਼ਿੰਦਗੀ ਦੇ ਆਖ਼ਰੀ ਸਾਲਾਂ 'ਚ ਆਪ ਜੀ ਸਰੀਰਕ ਥਕੇਵੇਂ ਅਤੇ ਨੀਂਦ ਦੇ ਸਮੇਂ ਨੂੰ ਵੀ ਪਰੇ ਕਰ ਕੇ ਦਿਨ ਵਿਚ ਚਾਰ-ਚਾਰ ਵਾਰ ਘੰਟਿਆਂ-ਬੱਧੀ ਕਥਾ ਸਰਵਣ ਕਰਾਉਂਦੇ ਸਨ। ਉਹਨਾਂ ਦੀਆਂ ਸਰੀਰਕ ਖੇਚਲਾਂ ਨੂੰ ਸਾਹਮਣੇ ਰੱਖਦਿਆਂ ਜੇਕਰ ਕੋਈ ਸੇਵਾਦਾਰ ਕਹਿ ਦਿੰਦਾ ਕਿ ਆਪ ਜੀ ਸਰੀਰ ਨੂੰ ਹੋਰ ਖੇਚਲਾਂ ਨਾ ਦਿਓ ਤਾਂ ਆਪ ਜੀ ਦੇ ਬੋਲ ਹੁੰਦੇ ਕਿ ਮੇਰਾ ਦਿਲ ਨਹੀਂ ਕਰਦਾ ਕਿ ਕੋਈ ਮੈਥੋਂ ਗੁਰੂ ਜੀ ਦੀ ਕਥਾ ਸੁਣਨੋਂ ਨਿਰਾਸਾ ਰਹੇ। ਇਹ ਦਾਤ ਤਾਂ ਸਤਿਗੁਰੂ ਜੀ ਦੀ ਹੈ ਤੇ ਇਹ ਦਾਤ ਸੰਗਤਾਂ ਤਕ ਪਹੁੰਚਾਉਂਦੇ ਹੋਏ ਮਸਕੀਨ ਜੀ ਅਚਾਨਕ 18 ਫ਼ਰਵਰੀ, 2005 ਈ: ਨੂੰ ਇਟਾਵਾ ਯੂ.ਪੀ. ਵਿਖੇ ਸੰਗਤਾਂ ਪਾਸੋਂ ਵਿਦਾ ਹੋ ਗਏ, ਉਸ ਦੁਨੀਆ ਵੱਲ ਜੋ ਗੁਰੂ ਪਿਆਰਿਆਂ—ਪ੍ਰਭੂ ਘਰ ਪ੍ਰਵਾਨਿਆਂ ਦੀ ਆਪਣੀ ਦੁਨੀਆ ਹੈ, ਜਿਥੇ ਪਹੁੰਚਿਆਂ ਨੂੰ ਪਰਮਾਤਮਾ ਥਾਪੜਾ ਦਿੰਦਾ ਹੈ :

**ਰੇ ਰੇ ਦਰਗਹ ਕਹੈ ਨ ਕੋਊ ॥**
**ਆਉ ਬੈਠੁ ਆਦਰੁ ਸੁਭ ਦੇਊ ॥** *(ਗਉੜੀ ਬਾਵਨ ਅਖਰੀ ਮ: ੫, ਪੰਨਾ 252)*

ਉਹ ਦੁਨੀਆ ਜਿਸ ਅੰਦਰ ਪਹੁੰਚਣ ਵਾਲਿਆਂ ਨੂੰ ਦਰਗਾਹੀ ਨਿਵਾਜ਼ਸ਼ਾਂ ਨਾਲ ਨਿਵਾਜਿਆ ਜਾਂਦਾ ਹੈ। ਸਤਿਗੁਰੂ ਜੀ ਦਾ ਅਮੁੱਲ ਬਚਨ ਹੈ :

**ਤਿਥੈ ਸੋਹਨਿ ਪੰਚ ਪਰਵਾਣੁ ॥**
**ਨਦਰੀ ਕਰਮਿ ਪਵੈ ਨੀਸਾਣੁ ॥** *(ਜਪੁ ਜੀ)*

ਉਹਨਾਂ ਦੇ ਅਕਾਲ ਚਲਾਣੇ ਦੀ ਖ਼ਬਰ ਸਮੁੱਚੇ ਪੰਥ ਅਤੇ ਗੁਰ-ਗਿਆਨ ਦੇ ਅਭਿਲਾਸ਼ੀਆਂ ਵਾਸਤੇ ਅਸਹਿ ਸੀ। ਜਿਵੇਂ ਬਿਜਲੀ ਦਾ ਬਹੁਤ ਵੱਡਾ ਬਲਬ

ਜਗ ਰਿਹਾ ਹੋਵੇ ਅਤੇ ਜਿਸ ਦੀ ਰੌਸ਼ਨੀ ਵਿੱਚ ਸਭ ਕੁਝ ਲੱਭਦਾ ਹੋਵੇ, ਅਚਾਨਕ ਖ਼ਾਮੋਸ਼ ਹੋ ਜਾਵੇ ਤਾਂ ਸਭ ਕੁਝ ਹੁੰਦਿਆਂ ਵੀ ਅੱਖਾਂ ਚੁੰਧਿਆ ਜਾਂਦੀਆਂ ਹਨ, ਨਾ ਕੁਝ ਲੱਭਦਾ ਹੈ ਅਤੇ ਨਾ ਹੀ ਕੁਝ ਸੁੱਝਦਾ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰੋਂ ਕੀਰਤਨ ਦੀ ਧੁਨ ਵੈਰਾਗਮਈ ਬਣ ਕੇ ਸੰਗਤਾਂ ਨੂੰ ਸੁਣਾਈ ਦੇਣ ਲੱਗੀ। ਸਮੁੱਚੇ ਸੰਸਾਰ ਅੰਦਰ ਗੁਰੂ ਭਾਣੇ ਦੇ ਆਲਮ ਵਿਚ ਵਿਚਰਦੇ ਗੁਰਸਿੱਖ ਮਸਕੀਨ ਜੀ ਪ੍ਰਤੀ ਆਪਣੇ ਪਿਆਰ ਨੂੰ ਨਾ ਛੁਪਾ ਸਕੇ ਅਤੇ ਨਾ ਰੋਕ ਸਕੇ। ਮਸਕੀਨ ਜੀ ਪ੍ਰਤੀ ਗੁਰਸਿੱਖਾਂ ਦਾ ਪਿਆਰ ਹੰਝੂਆਂ ਦੀਆਂ ਝਲਾਰਾਂ ਬਣ ਕੇ ਆਪ-ਮੁਹਾਰੇ ਵਹਿ ਤੁਰਿਆ।

ਸਤਿਗੁਰੂ ਜੀ ਦੇ ਪਿਆਰ ਵਾਲਿਆਂ ਅੰਦਰੋਂ ਇਕ ਪਿਆਰ ਭਰੀ ਆਵਾਜ਼ ਸੁਣਨ ਨੂੰ ਮਿਲਦੀ ਕਿ ਐਸ ਸਮੇਂ ਮਸਕੀਨ ਜੀ ਦੀ ਪੰਥ ਨੂੰ ਬਹੁਤ ਲੋੜ ਸੀ, ਪਰ ਵਾਹਿਗੁਰੂ ਜੀ ਦੇ ਭੇਦ ਉਹ ਆਪ ਹੀ ਜਾਣਦਾ ਹੈ। ਸਮੁੱਚੇ ਪੰਥ ਨੂੰ ਹੁਕਮ ਰਜ਼ਾਈ ਅਵਸਥਾ ਬਣਾਈ ਰੱਖਣ ਦੀ ਲੋੜ ਸੀ ਤੇ ਹੈ। ਗੁਰੂ ਜੀ ਦਾ ਪਾਵਨ ਫ਼ੁਰਮਾਨ ਹੈ :

**ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥**

*(ਸਲੋਕੁ ਮਹਲਾ ੧, ਪੰਨਾ 469)*

ਮੇਰੇ ਹਿਰਦੇ ਅੰਦਰ ਤੜਪ ਬਣੀ ਕਿ ਬੁਰਲੇ (ਉੜੀਸਾ) ਵਿਖੇ ਜਾ ਕੇ ਦੁਬਾਰਾ ਉਸ ਅਸਥਾਨ ਦੇ ਦਰਸ਼ਨ ਕੀਤੇ ਜਾਣ, ਜਿਥੇ 'ਗੁਰਮਤਿ ਵਿਦਿਆ ਮਾਰਤੰਡ', 'ਪੰਥ ਰਤਨ' ਗਿਆਨੀ ਸੰਤ ਸਿੰਘ ਜੀ ਮਸਕੀਨ ਨੇ ਆਪਣੀ ਪਰਉਪਕਾਰੀ ਜ਼ਿੰਦਗੀ ਦੇ ਬਹੁਤ ਹੀ ਕੀਮਤੀ ਦੋ ਸਾਲ ਬਤੀਤ ਕੀਤੇ। ਕਿਸੇ ਪੁਰਾਣੇ ਪ੍ਰਬੰਧਕ ਜਾਂ ਪ੍ਰੇਮੀ ਸੰਗਤਾਂ 'ਚ ਕੋਈ ਬਜ਼ੁਰਗ ਮਿਲ ਜਾਵੇ, ਮੈਂ ਉਸ ਪਾਸੋਂ ਮਸਕੀਨ ਜੀ ਬਾਰੇ ਕੁਝ ਸੁਣ ਕੇ ਸੰਗਤਾਂ ਦੀ ਭੇਟ ਕਰਾਂ—ਮੇਰੀ ਤਮੰਨਾ ਸਤਿਗੁਰੂ ਜੀ ਨੇ ਪੂਰੀ ਕਰ ਦਿੱਤੀ। ਸੰਬਲਪੁਰ ਨਿਵਾਸੀ ਪ੍ਰੇਮੀ ਸੱਜਣਾਂ ਨੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਉਤਸਵ ਗੁਰਪੁਰਬ ਦੇ ਸੰਬੰਧ ਵਿਚ ਬੁਲਾ ਲਿਆ। ਬੁਰਲਾ, ਸੰਬਲਪੁਰ ਦੇ ਨਾਲ ਹੀ ਸੀ। ਸੰਬਲਪੁਰ ਗੁਰਦੁਆਰਾ ਸਾਹਿਬ ਤੋਂ ਬੁਰਲੇ ਜਦ ਪਹੁੰਚਿਆ ਤਾਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਮੌਜੂਦਾ ਮੁਖੀ ਸੱਜਣ ਬਹੁਤ ਆਦਰ-ਭਾਵ ਨਾਲ ਮਿਲੇ—ਭਾਈ ਸੁਰਿੰਦਰ ਸਿੰਘ ਜੀ ਕਾਬਲੀ ਪ੍ਰਧਾਨ, ਭਾਈ ਗੁਰਦੇਵ ਸਿੰਘ ਕੈਸ਼ੀਅਰ, ਭਾਈ ਅਵਤਾਰ ਸਿੰਘ ਕੌੜਾ ਸਕੱਤਰ, ਭਾਈ ਗੁਰਬਖ਼ਸ਼ ਸਿੰਘ ਐਗਜ਼ੈਕਟਿਵ ਮੈਂਬਰ। ਭਾਈ ਸੁਰਿੰਦਰ ਸਿੰਘ ਕਾਬਲੀ ਪ੍ਰਧਾਨ ਜੀ ਨੇ ਬੜੇ ਫ਼ਖ਼ਰ ਨਾਲ ਦੱਸਿਆ ਕਿ ਮੈਂ ਗੁਰਮੁਖੀ ਗਿਆਨੀ ਸੰਤ ਸਿੰਘ ਜੀ ਮਸਕੀਨ ਪਾਸੋਂ ਹੀ ਪੜ੍ਹੀ ਸੀ। ਉਦੋਂ ਮੈਂ ਬਾਲ ਅਵਸਥਾ 'ਚ ਸੀ।

ਫਿਰ ਪ੍ਰਬੰਧਕੀ ਸੱਜਣ ਮੈਨੂੰ ਪਿੰਡ ਦੀ ਇੱਕੋ ਇਕ ਬਜ਼ੁਰਗ ਔਰਤ ਪਾਸ ਲੈ ਗਏ, ਜਿਸ ਦੀ ਉਮਰ ਸੌ ਸਾਲ ਤੋਂ ਕੁਝ ਉਪਰ ਹੈ ਅਤੇ ਜਿਸ ਨੂੰ ਮਸਕੀਨ ਜੀ ਦੇ ਬੁਰਲਾ ਵਿਖੇ ਰਹਿਣ ਦੇ ਵਾਕਿਆਤ ਯਾਦ ਹਨ। ਭਾਵੇਂ ਮਾਤਾ ਜੀ ਦੇ ਕੰਨਾਂ ਦੀ ਸਰੋਤ ਕੁਝ ਘੱਟ ਗਈ ਸੀ, ਪਰ ਨਜ਼ਰ ਤੇ ਯਾਦਾਸ਼ਤ ਕਾਇਮ ਸੀ। ਮਾਤਾ ਜੀ ਦਾ ਨਾਮ ਲੀਲਾਵਤੀ ਹੈ। ਮਾਤਾ ਜੀ ਕਹਿਣ ਲੱਗੇ ਕਿ ਮਸਕੀਨ ਜੀ ਬੜੀ ਨੇਕ ਆਤਮਾ ਸਨ। ਪਰਉਪਕਾਰੀ ਸੁਭਾਅ ਉਹਨਾਂ ਨੂੰ ਧੰਨ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਤੋਂ ਹੀ ਬਖ਼ਸ਼ਿਆ ਸੀ। ਅੱਗੇ ਕਹਿਣ ਲੱਗੇ ਕਿ ਇਕ ਦਿਨ ਮੈਂ ਦਾਣੇ ਪੀਪੇ ਵਿਚ ਪਾ ਕੇ ਚੱਕੀ 'ਤੇ ਆਟਾ ਪਿਸਾਉਣ ਜਾ ਰਹੀ ਸਾਂ ਕਿ ਰਸਤੇ ਵਿਚ ਗਿਆਨੀ ਮਸਕੀਨ ਜੀ ਮਿਲ ਪਏ। ਆਖਣ ਲੱਗੇ ਕਿ ਲਿਆਓ ਮੈਂ ਆਟਾ ਪਿਸਾ ਲਿਆਉਂਦਾ ਹਾਂ। ਫਿਰ ਬਦੋ-ਬਦੀ ਪੀਪਾ ਆਪਣੇ ਸਿਰ 'ਤੇ ਚੁੱਕ ਕੇ ਚੱਕੀ 'ਤੇ ਲੈ ਗਏ। ਆਟਾ ਪਿਸਾ ਕੇ ਘਰ ਦੇ ਗਏ।

ਏਨਾ ਕਹਿੰਦਿਆਂ ਮਾਤਾ ਜੀ ਦੀਆਂ ਅੱਖਾਂ ਭਰ ਆਈਆਂ। ਆਪਣੇ ਪੱਲੇ ਨਾਲ ਅੱਖਾਂ ਪੂੰਝਦਿਆਂ ਕੁਝ ਧੀਰਜ ਕਰ ਕੇ ਮਾਤਾ ਜੀ ਫਿਰ ਕਹਿਣ ਲੱਗੇ ਕਿ ਮੈਂ ਆਖਿਆ ਇਹ ਦੇਵਤੇ ਨੇ। ਇਹਨਾਂ ਨੂੰ ਗੁਰਦੁਆਰਿਓਂ ਨਾ ਜਾਣ ਦਿਓ। ਕਥਾ ਬੜੀ ਵਧੀਆ ਕਰਦੇ ਨੇ, ਪਰ ਮੇਰੀ ਕਿਸੇ ਨੇ ਨਾ ਸੁਣੀ।

ਮੈਂ ਵਿੱਚੋਂ ਹੀ ਕਹਿ ਦਿੱਤਾ ਕਿ ਮਾਤਾ ਜੀ, ਮਸਕੀਨ ਜੀ ਨੇ ਸਾਰੇ ਸੰਸਾਰ ਵਾਸੀਆਂ ਨੂੰ ਗੁਰੂ ਜੀ ਦੀ ਕਥਾ ਸੁਣਾਉਣੀ ਸੀ, ਇਸ ਕਰਕੇ ਉਹਨਾਂ ਨੇ ਬੁਰਲਾ ਵਾਸੀਆਂ ਪਾਸੋਂ ਵਿਦਾਇਗੀ ਲਈ ਸੀ। ਇਸ ਉਪਰੰਤ ਮੈਂ ਉਸ ਮਾਤਾ ਜੀ ਨੂੰ ਅਦਬ ਸਤਿਕਾਰ ਦੇ ਕੇ ਵਾਪਸ ਆ ਗਿਆ। ਪ੍ਰਬੰਧਕੀ ਸੱਜਣਾਂ ਨੇ ਮੈਨੂੰ ਗਿਆਨੀ ਰਣਜੀਤ ਸਿੰਘ ਜੀ ਹੈੱਡ ਗ੍ਰੰਥੀ ਨਾਲ ਮਿਲਾਇਆ, ਜੋ 25 ਕੁ ਸਾਲਾਂ ਤੋਂ ਬੁਰਲਾ ਵਿਖੇ ਗੁਰਦੁਆਰਾ ਸਾਹਿਬ ਜੀ ਦੀਆਂ ਸਾਰੀਆਂ ਸੇਵਾਵਾਂ ਗੁਰੂ ਪਿਆਰ ਸਦਕਾ ਨਿਭਾ ਰਹੇ ਹਨ ਅਤੇ ਸਤਿਗੁਰੂ ਜੀ ਤੇ ਸੰਗਤਾਂ ਦੀਆਂ ਖ਼ੁਸ਼ੀਆਂ ਮਾਣ ਰਹੇ ਹਨ।

ਬੁਰਲਾ ਨਿਵਾਸੀ ਸਿੱਖ ਸੰਗਤਾਂ ਧੰਨਤਾ ਦੇ ਯੋਗ ਹਨ, ਜਿਹਨਾਂ ਨੇ ਲੰਮਾ ਸਮਾਂ ਪੂਜਨੀਯ ਆਤਮਾ ਗਿਆਨੀ ਸੰਤ ਸਿੰਘ ਜੀ ਮਸਕੀਨ ਦੀ ਮੁਕੱਦਸ ਰਸਨਾ ਤੋਂ ਹਰਿ ਜਸ—ਗੁਰੂ ਜਸ ਸਰਵਣ ਕੀਤਾ। ਇਕ ਛੋਟੇ ਜਿਹੇ ਪਿੰਡ 'ਬੁਰਲਾ' ਤੋਂ ਗੁਰੂ ਪਿਆਰ ਦਾ ਝਰਨਾ ਮਸਕੀਨ ਜੀ ਦੇ ਰੂਪ 'ਚ ਵਗਿਆ, ਜਿਸ ਨੇ ਸਾਰੇ ਸੰਸਾਰ 'ਚ ਵੱਸਦੇ ਗੁਰਸਿੱਖਾਂ ਨੂੰ ਆਨੰਦਿਤ ਕਰ ਦਿੱਤਾ।

# ਮਸਕੀਨ ਜੀ ਤੇ ਚਾਕਰ ਜੀ

ਜ਼ਿਲ੍ਹਾ ਗੁਰਦਾਸਪੁਰ ਅੰਦਰ ਕਾਦੀਆਂ ਇਕ ਪ੍ਰਸਿੱਧ ਕਸਬਾ ਹੈ। ਇਥੋਂ ਦੇ ਇਕ ਬਹੁਤ ਸਿਆਣੇ ਕਥਾਵਾਚਕ ਹੋਏ ਹਨ ਗਿਆਨੀ ਹਰਨਾਮ ਸਿੰਘ ਜੀ ਚਾਕਰ। ਆਪ ਜੀ ਨੇ ਦੋ ਪੁਸਤਕਾਂ ਲਿਖੀਆਂ—*ਬਿਖਰੇ ਮੋਤੀ* ਅਤੇ *ਜਾਪੁ ਸਾਹਿਬ ਸਟੀਕ*। ਆਪ ਵਿਦਵਾਨ ਸੱਜਣ ਸਨ। ਜਿੰਨਾ ਚਿਰ ਚਾਕਰ ਜੀ ਸਰੀਰਕ ਜ਼ਿੰਦਗੀ 'ਚ ਰਹੇ, ਗਿਆਨੀ ਸੰਤ ਸਿੰਘ ਜੀ ਮਸਕੀਨ ਦੇ ਪ੍ਰਚਾਰ ਵਹੀਰ 'ਚ ਸ਼ਾਮਿਲ ਹੋ ਕੇ ਕਥਾ ਰਾਹੀਂ ਗੁਰਸਿੱਖੀ ਦੀ ਮਹਿਕ ਦੇਸ਼-ਵਿਦੇਸ਼ 'ਚ ਵੰਡਦੇ ਰਹੇ। ਆਪ ਜੀ ਮਸਕੀਨ ਜੀ ਦੇ ਪੁਰਾਣੇ ਸਾਥੀਆਂ ਵਿੱਚੋਂ ਸਨ ਅਤੇ ਉਮਰ ਕਰਕੇ ਵਡੇਰੇ ਸਨ।

ਚਾਕਰ ਜੀ ਨੇ ਇਕ ਸ਼ਾਮ ਸੈਰ ਕਰਦਿਆਂ ਮਸਕੀਨ ਜੀ ਨਾਲ ਆਪਣੀ ਪਹਿਲੀ ਮੁਲਾਕਾਤ ਦੀ ਦਿਲਚਸਪ ਵਾਰਤਾ ਸੁਣਾਈ। ਕਹਿਣ ਲੱਗੇ—ਮੈਂ ਉਦੋਂ ਇੱਕ ਗੁਰਦੁਆਰਾ ਸਾਹਿਬ 'ਚ ਹੈੱਡ ਗ੍ਰੰਥੀ ਵਜੋਂ ਸੇਵਾ ਨਿਭਾ ਰਿਹਾ ਸਾਂ ਤਾਂ ਮਸਕੀਨ ਜੀ ਪਹਿਲੀ ਵਾਰ ਸਾਡੇ ਪਾਸ ਆਏ। ਇਹਨਾਂ ਦੀ ਉਮਰ ਕੋਈ ਅਠਾਰਾਂ-ਉੱਨੀ ਕੁ ਸਾਲ ਦੀ ਹੋਵੇਗੀ। ਛੋਟਾ ਛੋਟਾ ਦਾੜ੍ਹਾ ਸੀ। ਸਰੀਰ ਪਤਲਾ ਅਤੇ ਕੱਦ ਛੋਟਾ ਜਿਹਾ।

ਗੁਰਦੁਆਰਾ ਸਾਹਿਬ ਵਿਖੇ ਨੇਮ ਪ੍ਰੇਮ ਨਾਲ ਰਹਿਰਾਸ ਸਾਹਿਬ ਜੀ ਦਾ ਪਾਠ ਸੰਪੂਰਨ ਹੋਇਆ, ਫਿਰ ਮਰਯਾਦਾ ਪੂਰਵਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੁਖ ਆਸਣ ਬਿਰਾਜਮਾਨ ਹੋਏ। ਸਾਰੀ ਸੇਵਾ ਹੋਣ ਉਪਰੰਤ ਮਸਕੀਨ ਜੀ ਨੇ ਮਿੱਠੀ ਆਵਾਜ਼ ਵਿਚ ਗੁਰ ਫ਼ਤਹਿ ਦੀ ਸਾਂਝ ਕੀਤੀ ਅਤੇ ਸਵੇਰ ਦੇ ਦੀਵਾਨ ਵਿੱਚ ਕਥਾ ਦਾ ਕੁਝ ਸਮਾਂ ਮੰਗਿਆ। ਚਾਕਰ ਜੀ ਦੱਸਦੇ ਹਨ ਕਿ ਮੈਂ ਮਸਕੀਨ ਜੀ ਨੂੰ ਪੈਰਾਂ ਤੋਂ ਲੈ ਕੇ ਸਿਰ ਤਕ ਬੜੇ ਹੀ ਧਿਆਨ ਨਾਲ ਵੇਖਿਆ ਅਤੇ ਖ਼ਿਆਲ ਕੀਤਾ ਕਿ ਇਹ ਨੌਜਵਾਨ ਕਥਾ ਕਰ ਲਏਗਾ। ਫਿਰ ਪੁੱਛਿਆ—ਗਿਆਨੀ ਜੀ! ਤੁਹਾਡਾ ਨਾਮ ਕੀ ਏ ? ਅੱਗੋਂ ਉੱਤਰ ਮਿਲਿਆ—ਮੈਨੂੰ ਸੰਤ ਸਿੰਘ ਮਸਕੀਨ ਕਹਿੰਦੇ ਨੇ। ਇਹ ਉਹਨਾਂ ਦਿਨਾਂ ਦੀ ਗੱਲ ਹੈ ਜਦੋਂ ਮਸਕੀਨ ਜੀ ਨੇ ਗੁਰ-

ਉਪਦੇਸ਼ ਸਿੱਖ-ਜੀਵਨ-ਸ਼ੈਲੀ ਕਥਾ ਰਾਹੀਂ ਸੰਗਤਾਂ ਤਕ ਪਹੁੰਚਾਉਣੀ ਅਜੇ ਆਰੰਭ ਹੀ ਕੀਤੀ ਸੀ। ਜਿਵੇਂ ਸੂਰਜ ਅਜੇ ਉਦੈ ਹੀ ਹੋਇਆ ਸੀ, ਸਵੇਰ ਦੀ ਲਾਲੀ ਹੀ ਸੀ, ਅਜੇ ਤਾਂ ਉਸ ਦਾ ਆਕਾਸ਼ ਅੰਦਰ ਪ੍ਰਕਾਸ਼ ਫੈਲਣਾ ਸੀ, ਅਜੇ ਤਾਂ ਕਿਰਨਾਂ ਨੇ ਚਮਕਣਾ ਸੀ ਤੇ ਨਿੱਘ ਵੰਡਣਾ ਸੀ। ਜਿਵੇਂ ਫੁੱਲ ਅੰਦਰੋਂ ਅਜੇ ਸੁਗੰਧੀ ਨੇ ਬਾਹਰ ਆਉਣਾ ਸੀ, ਭੌਰਿਆਂ ਨੂੰ ਹਵਾ ਰਾਹੀਂ ਸੁਨੇਹੇ ਅਜੇ ਮਿਲਣੇ ਸਨ। ਹੀਰਾ ਤਾਂ ਹੈ ਸੀ। ਪਾਰਖੂਆਂ ਅਤੇ ਕਦਰਦਾਨਾਂ ਦੀ ਦ੍ਰਿਸ਼ਟੀ ਨੇ ਸਫ਼ਰ ਕਰ ਕੇ ਉਸ ਤਕ ਅਜੇ ਪਹੁੰਚਣਾ ਸੀ।

ਫਿਰ ਚਾਕਰ ਜੀ ਅੱਗੇ ਕਹਿਣ ਲੱਗੇ ਕਿ ਮੈਂ ਮਸਕੀਨ ਜੀ ਨੂੰ ਦਫ਼ਤਰ ਵਿਚ ਮੈਨੇਜਰ ਪਾਸ ਲੈ ਗਿਆ। ਉਹਨਾਂ ਨੂੰ ਆਖਿਆ ਕਿ ਇਹ ਨੌਜਵਾਨ ਆਇਆ ਹੈ, ਕਹਿੰਦਾ ਹੈ ਮੈਂ ਗੁਰਬਾਣੀ ਦੀ ਕਥਾ ਕਰਦਾ ਹਾਂ। ਸੰਗਤਾਂ ਦੇ ਦਰਸ਼ਨ ਕਰਨੇ ਹਨ। ਸਵੇਰ ਦੇ ਦੀਵਾਨ ਵਿਚ ਇਹਨਾਂ ਨੂੰ ਕੁਝ ਸਮਾਂ ਦੇ ਦਿਓ। ਮੈਨੇਜਰ ਨੇ ਵੀ ਚਾਕਰ ਜੀ ਵਾਂਗ ਮਸਕੀਨ ਜੀ ਨੂੰ ਹੈਰਤ-ਅੰਗੇਜ਼ ਦ੍ਰਿਸ਼ਟੀ ਨਾਲ ਵੇਖਿਆ ਤੇ ਸੋਚਿਆ, ਬਈ ਇਹ ਛੋਟਾ ਜਿਹਾ ਨੌਜਵਾਨ ਕਥਾ ਕਰ ਲਵੇਗਾ ? ਫਿਰ ਉਸ ਨੇ ਆਖਿਆ—ਗਿਆਨੀ ਜੀ, ਕਥਾ ਬੜੀ ਔਖੀ ਹੁੰਦੀ ਹੈ। ਪਹਿਲਾਂ ਵੀ ਕਦੇ ਕੀਤੀ ਹੈ ? ਮਸਕੀਨ ਜੀ ਨੇ ਸਹਿਜ-ਭਾਵ ਨਾਲ ਆਖਿਆ ਕਿ ਗੁਰੂ ਜੀ ਜਿਵੇਂ ਕਰਾਉਣ ਕਰ ਲਈਦੀ ਹੈ।

ਤਦ ਮੈਨੇਜਰ ਨੇ ਗਿਆਨੀ ਹਰਨਾਮ ਸਿੰਘ ਜੀ ਚਾਕਰ ਨੂੰ ਕਿਹਾ ਕਿ ਸਵੇਰ ਦੇ ਦੀਵਾਨ ਵਿਚ ਇਹਨਾਂ ਨੂੰ ਆਪਣੇ ਤੋਂ ਬਾਅਦ ਪੰਦਰਾਂ ਕੁ ਮਿੰਟ ਸਮਾਂ ਦੇ ਦੇਣਾ। ਰਾਤ ਦਾ ਸਮਾਂ ਲੰਘ ਗਿਆ। ਅੰਮ੍ਰਿਤ ਵੇਲੇ ਇਸ਼ਨਾਨ ਕਰ ਕੇ ਮਸਕੀਨ ਜੀ ਗੁਰ-ਮੰਤ੍ਰ ਦੀ ਕਮਾਈ ਅੰਦਰ ਲਿਵਲੀਨ ਹੋ ਜਾਇਆ ਕਰਦੇ ਸਨ। ਨਿਤਨੇਮ ਦੀਆਂ ਅਤੇ ਹੋਰ ਬਾਣੀਆਂ ਸ਼ੁਰੂ ਤੋਂ ਹੀ ਬੜੇ ਵਜਦ ਤੇ ਸਰੂਰ ਸਹਿਤ ਗਾਇਆ ਕਰਦੇ ਸਨ। ਸਰੋਤਾ ਬਣ ਕੇ ਉਹਨਾਂ ਦੀ ਮੁਬਾਰਕ ਰਸਨਾ ਤੋਂ ਪਾਠ ਸੁਣਨ ਦਾ ਅਨੋਖਾ ਰਸ ਵਿਸਮਾਦੀ ਮੰਡਲਾਂ ਅੰਦਰ ਬਿਰਤੀ ਨੂੰ ਪਹੁੰਚਾ ਦਿੰਦਾ ਸੀ। ਹਿਰਦਾ ਰਸ ਨਾਲ ਭਰ ਜਾਂਦਾ।

ਸਵੇਰ ਦਾ ਦੀਵਾਨ ਸਜਿਆ। ਚਾਕਰ ਜੀ ਨੇ ਪਹਿਲਾਂ ਸੰਗਤਾਂ ਨੂੰ ਕੀਰਤਨ ਸਰਵਣ ਕਰਾਇਆ। ਉਪਰੰਤ ਸੰਗਤਾਂ ਨੂੰ ਬੇਨਤੀ ਕੀਤੀ ਕਿ ਅੱਜ ਸਾਡੇ ਪਾਸ ਇਕ ਕਥਾਵਾਚਕ ਆਏ ਹਨ, ਪੰਦਰਾਂ ਕੁ ਮਿੰਟ ਤੁਹਾਨੂੰ ਕਥਾ ਸਰਵਣ ਕਰਾਵਣਗੇ, ਤੁਸਾਂ ਪ੍ਰੇਮ ਸਹਿਤ ਸਰਵਣ ਕਰਨਾ, ਕਿਸੇ ਨੇ ਜਾਣ ਦੀ ਖੇਚਲ ਨਾ ਕਰਨੀ। ਫਿਰ ਮਸਕੀਨ ਜੀ ਨੇ ਸਟੇਜ 'ਤੇ ਬਿਰਾਜਮਾਨ ਹੋ ਕੇ ਇਕ ਅਨੋਖੇ ਹੀ ਰੰਗ 'ਚ ਮੂਲ ਮੰਤਰ ਨੂੰ ਮੰਗਲਾਚਰਨ ਵਜੋਂ ਗਾਇਨ ਕੀਤਾ ਅਤੇ

ਗੁਰਬਾਣੀ ਵਿਚਾਰ ਆਰੰਭ ਕਰ ਦਿੱਤੀ। ਸੰਗਤਾਂ ਨੇ ਮੰਤਰ ਮੁਗਧ ਹੋ ਕੇ ਕਥਾ ਸੁਣੀ। ਜਿਉਂ ਜਿਉਂ ਮਸਕੀਨ ਜੀ ਗੁਰਬਾਣੀ ਦੇ ਪ੍ਰਮਾਣਾਂ ਸਹਿਤ ਕਥਾ ਕਰਨ, ਤਿਉਂ ਤਿਉਂ ਸਰੋਤਿਆਂ ਦੇ ਹਿਰਦੇ ਅਗੰਮੀ ਰਸ ਨਾਲ ਭਰੀ ਜਾਣ। ਗਿਆਨ ਅਤੇ ਆਤਮਿਕ ਰਸ ਦਾ ਵਿਸਮਾਦੀ ਹੁਲਾਰਾ ਸੀ। ਸਤਿਗੁਰੂ ਜੀ ਨੇ ਮਸਕੀਨ ਜੀ ਨੂੰ ਕਹਿਣ-ਢੰਗ ਬੜਾ ਹੀ ਮਿਠਾਸ ਪੂਰਨ ਬਖ਼ਸ਼ਿਸ਼ ਕੀਤਾ ਸੀ। ਸ਼ਬਦ-ਗਿਆਨ ਤੇ ਨਾਮ-ਰਸ ਸਭ ਤੋਂ ਸ੍ਰੇਸ਼ਟ ਹਨ। ਬਾਬਾ ਫ਼ਰੀਦ ਜੀ ਨੇ ਤਾਂ ਗਿਣਤੀ ਕਰ ਕੇ ਦੱਸਿਆ ਹੈ :

**ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥**
**ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥**

*(ਸਲੋਕ ਸੇਖ ਫਰੀਦ ਕੇ, ਪੰਨਾ 1379)*

ਸ਼ਾਇਦ ਪਹਿਲਾ ਸਮਾਂ ਹੋਵੇਗਾ, ਸ਼ਰਧਾ ਸਹਿਤ ਗੁਰੂ ਦਰ ਦੀ ਹਾਜ਼ਰੀ ਭਰਨ ਵਾਲਿਆਂ ਦੀ ਸੁਰਤਿ ਸ਼ਬਦ-ਵਿਚਾਰ ਅੰਦਰ ਖਿੜੀ ਹੋਵੇ, ਨਾਮ-ਰਸ ਨਾਲ ਭਿੱਜੀ ਹੋਵੇ। ਕਥਾ-ਰਸ ਮਾਣਦਿਆਂ ਪੰਦਰਾਂ ਕੁ ਮਿੰਟ ਦਾ ਸਮਾਂ ਲੰਘਦਿਆਂ ਕਿਹੜੀ ਦੇਰ ਲੱਗਣੀ ਸੀ। ਮਸਕੀਨ ਜੀ ਫ਼ਤਹਿ ਬੁਲਾਉਣ ਲੱਗੇ ਤਾਂ ਇਕਦਮ ਸੰਗਤਾਂ 'ਚੋਂ ਆਵਾਜ਼ਾਂ ਆਈਆਂ, 'ਗਿਆਨੀ ਜੀ! ਵੀਹ ਕੁ ਮਿੰਟ ਹੋਰ ਕਥਾ ਸੁਣਾਓ।' ਫਿਰ ਆਪ ਜੀ ਨੇ ਵੀਹ ਕੁ ਮਿੰਟ ਹੋਰ ਹਾਜ਼ਰੀ ਭਰੀ। ਗੁਰੂ ਗਿਆਨ ਦਾ ਚਾਨਣ ਵਿਚਾਰ-ਸ਼ੈਲੀ ਰਾਹੀਂ ਵੰਡਿਆ। ਸੰਗਤਾਂ ਅਤੇ ਪ੍ਰਬੰਧਕਾਂ ਨੇ ਕੁਝ ਦਿਨ ਹੋਰ ਰੁਕਣ ਦੀ ਬੇਨਤੀ ਕੀਤੀ ਤੇ ਫਿਰ ਕਈ ਦਿਨ ਕਥਾ ਦਾ ਪ੍ਰਵਾਹ ਚੱਲਿਆ।

ਇੰਜ ਚਾਕਰ ਜੀ ਨੇ ਮਸਕੀਨ ਜੀ ਨਾਲ ਆਪਣੀ ਪਹਿਲੀ ਵਚਿੱਤਰ ਮੁਲਾਕਾਤ ਬਾਰੇ ਦੱਸਿਆ ਜੋ ਬਾਅਦ ਵਿਚ ਗੂੜ੍ਹੇ ਪਿਆਰ ਦਾ ਰੂਪ ਧਾਰਨ ਕਰ ਗਈ। ਚਾਕਰ ਜੀ ਮਸਕੀਨ ਜੀ ਦੇ ਪ੍ਰਚਾਰ ਵਹੀਰ 'ਚ ਸ਼ਾਮਿਲ ਹੋ ਕੇ ਲੰਮਾ ਸਮਾਂ ਥਾਂ-ਪਰ-ਥਾਂ ਕਥਾ ਦੀ ਸੇਵਾ ਨਿਭਾਉਂਦੇ ਰਹੇ ਅਤੇ ਮਸਕੀਨ ਜੀ ਦੇ ਪਿਆਰ ਅਤੇ ਵਿਸ਼ਵਾਸ ਵਾਲੇ ਸੱਜਣ ਬਣੇ। ਅਕਸਰ ਆਪ ਜੀ ਚਾਕਰ ਜੀ ਨੂੰ ਬਹੁਤ ਮਾਣ ਦਿਆ ਕਰਦੇ ਸਨ। ਚਾਕਰ ਜੀ ਨੂੰ ਸਤਿਗੁਰੂ ਜੀ ਨੇ ਵੈਦਗੀ ਦਾ ਗੁਣ ਵੀ ਬਖ਼ਸ਼ਿਆ ਹੋਇਆ ਸੀ। ਕਈ ਕੈਸਟਾਂ 'ਚ ਉਹਨਾਂ ਦਾ ਜ਼ਿਕਰ ਵੀ ਆਇਆ ਹੈ। ਚਾਕਰ ਜੀ ਆਪਣੀ ਜੀਵਨ ਯਾਤਰਾ ਸੰਪੂਰਨ ਹੋਣ ਤਕ ਮਸਕੀਨ ਜੀ ਦੇ ਨਾਲ ਹੀ ਚੱਲਦੇ ਰਹੇ।

# ਨਾਚੁ ਰੇ ਮਨ ਗੁਰ ਕੈ ਆਗੈ

ਜੰਮੂ-ਕਸ਼ਮੀਰ ਵਿਖੇ ਪਹਿਲੇ-ਪਹਿਲ ਮਸਕੀਨ ਜੀ ਹਰ ਸਾਲ ਕਥਾ ਕਰਨ ਜਾਇਆ ਕਰਦੇ ਸਨ। ਉਹਨਾਂ ਦਿਨਾਂ ਵਿਚ ਗੁਰਮਤਿ ਗਿਆਨ ਅਤੇ ਗੁਰਮਤਿ ਰਹਿਣੀ ਤੋਂ ਪ੍ਰਭਾਵਤ ਹੋ ਕੇ ਇਕ ਮੁਸਲਮਾਨ ਵੀਰ ਇਸਲਾਮ ਧਰਮ 'ਚੋਂ ਸਿੱਖ ਧਰਮ ਵਿਚ ਸ਼ਾਮਿਲ ਹੋਇਆ ਸੀ। ਗੁਰੂ ਜੀ ਦਾ ਅੰਮ੍ਰਿਤਪਾਨ ਕਰ ਕੇ ਸਿੰਘ ਸਜ ਗਿਆ। ਉਸ ਦਾ ਮਨ ਇਕ ਮਸਤ ਅਵਸਥਾ ਦੀ ਸੈਰ ਕਰਨ ਲੱਗ ਪਿਆ। ਉਹ ਮਸਕੀਨ ਜੀ ਦੀ ਮਿਕਨਾਤੀਸੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਸੀ। ਹਮੇਸ਼ਾ ਮਹਾਂਪੁਰਸ਼ਾਂ ਪਾਸ ਹੀ ਬੈਠਾ ਰਹਿੰਦਾ। ਇਸ ਸਮੇਂ ਗਿਆਨੀ ਇਕਬਾਲ ਸਿੰਘ ਜੀ ਮੀਰਾਂਕੋਟ ਵੀ ਨਾਲ ਸਨ। ਮੀਰਾਂਕੋਟ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਉਹ ਇਤਿਹਾਸਕ ਪਿੰਡ ਹੈ, ਜਿਸ ਨੇ ਸਿੱਖ ਇਤਿਹਾਸ ਅੰਦਰ ਇਕ ਅਣਖੀਲੇ ਪੰਨੇ ਨੂੰ ਜੋੜਿਆ। ਸ੍ਰੀ ਹਰਿਮੰਦਰ ਸਾਹਿਬ ਅੰਦਰ ਬੈਠ ਕੇ ਪਾਵਨ ਪੁਨੀਤ ਅਸਥਾਨ ਦੀ ਘੋਰ ਬੇਅਦਬੀ ਕਰ ਰਹੇ ਦੁਸ਼ਟ ਮੱਸੇ ਰੰਘੜ ਦੇ ਸਿਰ ਨੂੰ ਕੱਟ ਕੇ ਨੇਜ਼ੇ 'ਤੇ ਟੰਗਣ ਵਾਲੇ ਦੋ ਸੂਰਬੀਰਾਂ ਵਿੱਚੋਂ ਭਾਈ ਮਹਿਤਾਬ ਸਿੰਘ ਜੀ ਮੀਰਾਂਕੋਟ ਪਿੰਡ ਦੇ ਹੀ ਜੰਮਪਲ ਸਨ। ਆਪਣੇ ਪਿੰਡ ਦੀ ਇਤਿਹਾਸਕ ਅਤੇ ਗੌਰਵਮਈ ਵਿਰਾਸਤ ਵਿਰਸੇ ਵਿਚ ਮਿਲੀ ਹੋਣ ਕਰਕੇ ਗਿਆਨੀ ਇਕਬਾਲ ਸਿੰਘ ਮੀਰਾਂਕੋਟ ਨਾਮ ਨਾਲ ਪੰਥ ਅੰਦਰ ਪ੍ਰਸਿੱਧ ਪ੍ਰਚਾਰਕ ਬਣੇ।

ਗਿਆਨੀ ਇਕਬਾਲ ਸਿੰਘ ਜੀ ਉਹਨੀਂ ਦਿਨੀਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਤੋਂ ਗੁਰਮਤਿ ਵਿਦਿਆ ਪ੍ਰਾਪਤ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਚਾਰ ਸੇਵਾ ਨਿਭਾ ਰਹੇ ਸਨ, ਜੋ ਬਾਅਦ 'ਚ ਆਪਣੀ ਲਗਨ, ਮਿਹਨਤ ਕਰਕੇ ਹੈੱਡ ਪ੍ਰਚਾਰਕ ਦੇ ਅਹੁਦੇ ਤਕ ਪਹੁੰਚੇ ਤੇ ਗੋਲਡ ਮੈਡਲਿਸਟ ਬਣੇ।

ਆਪ ਜੀ ਨੇ ਆਪਣੀ ਜ਼ਬਾਨੀ ਦੱਸਿਆ ਕਿ ਮੈਂ ਇਕ ਵਾਰ ਮਸਕੀਨ ਜੀ ਦੀ ਰਸਨਾ ਤੋਂ ਗੁਰਬਾਣੀ ਵਿਚਾਰ ਦਾ ਰਸ ਮਾਣਿਆ, ਤਾਂ ਮਸਕੀਨ ਜੀ ਪਾਸੋਂ ਹੋਰ ਵਧੇਰੇ ਗਿਆਨ ਪ੍ਰਾਪਤੀ ਦੀ ਸੱਧਰ ਨਾਲ ਸ਼੍ਰੋਮਣੀ ਕਮੇਟੀ ਤੋਂ ਦੋ

ਮਹੀਨੇ ਦੀ ਛੁੱਟੀ ਲੈ ਲਈ। ਮਸਕੀਨ ਜੀ ਨਾਲ ਜੰਮੂ ਚਲਾ ਗਿਆ। ਮਹਾਂਪੁਰਸ਼ਾਂ ਦੇ ਕਮਰੇ ਲਾਗੇ ਹੀ ਕਮਰਾ ਮਿਲ ਗਿਆ। ਅੰਮ੍ਰਿਤ ਵੇਲੇ ਦਾ ਸਮਾਂ ਸੀ। ਮਸਕੀਨ ਜੀ ਗੁਰੂ-ਜੁਗਤ ਅਨੁਸਾਰ ਅੰਮ੍ਰਿਤ ਵੇਲੇ ਨਾਮ-ਅਭਿਆਸ ਦਾ ਆਨੰਦ ਰੋਜ਼ਾਨਾ ਹੀ ਮਾਣਿਆ ਕਰਦੇ ਸਨ। ਅਕਸਰ ਆਪ ਜੀ ਕਥਾ ਰਾਹੀਂ ਸੰਗਤਾਂ ਨੂੰ ਅੰਮ੍ਰਿਤ ਵੇਲੇ ਦੇ ਜਾਪ ਦੀ ਮਹਾਨਤਾ ਸਮਝਾਇਆ ਕਰਦੇ ਸਨ ਕਿ ਜਿਹੜਾ ਮਨੁੱਖ ਇਸ ਸਮੇਂ ਵਾਹਿਗੁਰੂ ਅੱਗੇ ਭਿਖਾਰੀ ਨਹੀਂ ਬਣਦਾ, ਉਹ ਦਿਨ ਵੇਲੇ ਬਾਦਸ਼ਾਹਾਂ ਦੀ ਤਰ੍ਹਾਂ ਜਿਊ ਵੀ ਨਹੀਂ ਸਕਦਾ। ਫਿਰ ਸਤਿਗੁਰੂ ਜੀ ਨੇ ਤਾਂ ਦਰਗਾਹੀ ਬਖ਼ਸ਼ਿਸ਼ ਅੰਮ੍ਰਿਤ ਵੇਲੇ ਸਾਖਸ਼ਾਤ ਪ੍ਰਗਟਾਈ ਵੀ ਹੈ :

**ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥**
**ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥**

*(ਗਾਉੜੀ ਬਾਵਨ ਅਖਰੀ ਮਹਲਾ ੫, ਪੰਨਾ 255)*

ਤਥਾ :

**ਭਿੰਨੀ ਰੈਨੜੀਐ ਚਾਮਕਨਿ ਤਾਰੇ ॥**
**ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥**

*(ਆਸਾ ਮਹਲਾ ੫, ਪੰਨਾ 459)*

ਇਸ ਸੁਹਾਵਣੇ ਸਮੇਂ ਅਕਾਲ ਪੁਰਖ ਜੀ ਦੀਆਂ ਰਹਿਮਤਾਂ ਬਹੁਤ ਹੀ ਨੀਵੀਆਂ ਆਈਆਂ ਹੁੰਦੀਆਂ ਹਨ। ਬੱਸ ਜਾਗ ਕੇ ਸਾਵਧਾਨਤਾ ਸਹਿਤ ਝੋਲੀਆਂ ਫੈਲਾਉਣ ਦੀ ਜ਼ਰੂਰਤ ਹੁੰਦੀ ਹੈ। ਮਸਕੀਨ ਜੀ ਦੀ ਝੋਲੀ ਸਤਿਗੁਰੂ ਜੀ ਨੇ ਨਾਮ-ਰਸ ਨਾਲ ਭਰੀ ਹੋਈ ਸੀ।

ਮੀਰਾਂਕੋਟ ਜੀ ਕਹਿਣ ਲੱਗੇ ਕਿ ਮਸਕੀਨ ਜੀ ਵਜਦ ਅੰਦਰ ਸੁਰਤ ਟਿਕਾਊ ਅਵਸਥਾ 'ਚ ਅੰਮ੍ਰਿਤ ਵੇਲੇ ਜਾਪੁ ਸਾਹਿਬ ਜੀ ਦਾ ਪਾਠ ਕਰ ਰਹੇ ਸਨ ਕਿ ਮੇਰੇ ਕੰਨਾਂ ਵਿਚ ਮਿੱਠੀ-ਮਿੱਠੀ ਆਵਾਜ਼ ਗੂੰਜਣ ਲੱਗੀ। ਮੈਂ ਆਪਣਾ ਵਿਅਕਤੀਗਤ ਨਿਤਨੇਮ ਕਰਨਾ ਰੋਕ ਦਿੱਤਾ। ਫਿਰ ਸਹਿਜੇ ਜਿਹੇ ਆਪਣੇ ਕਮਰੇ 'ਚੋਂ ਨਿਕਲ ਕੇ ਮਸਕੀਨ ਜੀ ਦੇ ਕਮਰੇ ਦਾ ਦਰਵਾਜ਼ਾ ਖੋਹਲਿਆ ਤਾਂ ਇਕ ਅਜਬ ਨਜ਼ਾਰਾ ਤੱਕਿਆ। ਉਹ ਗੁਰਮੁਖ ਜੋ ਮੁਸਲਮਾਨ ਤੋਂ ਸਿੰਘ ਬਣਿਆ ਸੀ, ਮਸਕੀਨ ਜੀ ਪਾਸੋਂ ਜਾਪੁ ਸਾਹਿਬ ਜੀ ਦੀ ਅਗੰਮੀ ਵਿਸਮਾਦੀ ਧੁਨ ਅੰਦਰ ਵਿਸਮਾਦ ਹੋਇਆ ਮਸਤਾਨੀ ਅਵਸਥਾ ਵਿਚ ਨੱਚ ਰਿਹਾ ਸੀ ਅਤੇ ਮਹਾਂਪੁਰਸ਼ ਇਕ-ਤਾਰ ਇਕ-ਰਸ ਜਾਪੁ ਸਾਹਿਬ ਜੀ ਦਾ ਗਾਇਨ ਕਰ ਰਹੇ ਸਨ। ਜਾਪੁ ਸਾਹਿਬ ਤੋਂ ਬਾਅਦ ਆਪਣੇ ਉਸੇ ਹੀ ਰੰਗ ਅੰਦਰ ਮਸਕੀਨ ਜੀ ਨੇ ਸਵੱਈਏ ਸ੍ਰੀ ਮੁਖਵਾਕ ਪਾ: ੧੦ ਅਤੇ ਚੌਪਈ ਸਾਹਿਬ, ਫਿਰ ਅਨੰਦੁ ਸਾਹਿਬ

ਜੀ ਦਾ ਪਾਠ ਗਾਇਨ ਕੀਤਾ। ਓਨਾ ਚਿਰ ਉਹ ਗੁਰੂ ਦਾ ਪਿਆਰਾ ਨੱਚਦਾ ਹੀ ਰਿਹਾ।

ਮੈਂ ਉਸ ਦੀ ਮਸਤਾਨੀ ਤੇ ਇਸ ਅਜੀਬੋ-ਗ਼ਰੀਬ ਹਾਲਤ ਨੂੰ ਵੇਖ ਕੇ ਸੋਚਾਂ ਵਿਚ ਪਿਆ ਰਿਹਾ ਕਿ ਇਸ ਗੁਰਮੁਖ ਨੂੰ ਮਹਾਂਪੁਰਸ਼ਾਂ ਦੇ ਸਾਹਮਣੇ ਬੈਠ ਕੇ ਬਾਣੀ ਸੁਣਨੀ ਚਾਹੀਦੀ ਹੈ, ਪਰ ਇਹ ਕੀ ਕਰ ਰਿਹਾ ਹੈ ? ਮੇਰਾ ਮਨ ਉਸ ਦੀ ਇਸ ਹਰਕਤ ਨੂੰ ਕਬੂਲ ਨਹੀਂ ਸੀ ਕਰ ਰਿਹਾ। ਤਦ ਮਸਕੀਨ ਜੀ ਨੇ ਆਪਣਾ ਵਿਅਕਤੀਗਤ ਨਿਤਨੇਮ ਪੂਰਾ ਕਰ ਲਿਆ ਅਤੇ ਨੇਤ੍ਰ ਖੋਹਲੇ। ਮਸਕੀਨ ਜੀ ਦੇ ਨੇਤ੍ਰਾਂ ਵਿਚ ਲਾਲੀ ਚਮਕ ਰਹੀ ਸੀ ਜੋ ਅੰਦਰਲੀ ਅਗੰਮੀ ਦੌਲਤ ਦੀ ਪ੍ਰਾਪਤੀ ਦੀ ਸੂਚਕ ਸੀ। ਭਗਤ ਕਬੀਰ ਜੀ ਨੇ ਵੀ ਆਪਣੀ ਅੰਦਰਲੀ ਅਵਸਥਾ ਬਿਆਨ ਕੀਤੀ ਹੈ :

**ਦੂਇ ਦੂਇ ਲੋਚਨ ਪੇਖਾ॥ ਹਉ ਹਰਿ ਬਿਨੁ ਅਉਰੁ ਨ ਦੇਖਾ॥**
**ਨੈਨ ਰਹੇ ਰੰਗੁ ਲਾਈ॥ ਅਬ ਬੇ ਗਲ ਕਹਨੁ ਨ ਜਾਈ॥**

*(ਰਾਗੁ ਸੋਰਠਿ ਬਾਣੀ ਭਗਤ ਕਬੀਰ ਜੀ ਕੀ, ਪੰਨਾ 655)*

ਮੀਰਾਂਕੋਟ ਜੀ ਕਹਿਣ ਲੱਗੇ ਕਿ ਅਸੀਂ ਫ਼ਤਹਿ ਦੀ ਸਾਂਝ ਕੀਤੀ ਤੇ ਮਹਾਂਪੁਰਸ਼ ਫਿਰ ਆਖਣ ਲੱਗੇ—ਆਓ ਗਿਆਨੀ ਜੀ! ਅਸਾਂ ਆਖਿਆ—ਮਸਕੀਨ ਜੀ! ਤੁਹਾਡੀ ਰਸਨਾ ਤੋਂ ਜਦ ਅਸੀਂ ਬਾਣੀ ਸੁਣ ਰਹੇ ਸਾਂ ਤਾਂ ਇਹ ਗੁਰਮੁਖ ਪਿਆਰਾ ਓਨਾ ਚਿਰ ਨੱਚਦਾ ਹੀ ਰਿਹਾ। ਮੈਨੂੰ ਇਸ ਦਾ ਇਹ ਵਰਤਾਰਾ ਚੰਗਾ ਨਹੀਂ ਲੱਗਿਆ। ਇਸ ਨੂੰ ਆਖੋ ਚੌਂਕੜੀ ਮਾਰ ਕੇ ਬਾਣੀ ਸੁਣਿਆ ਕਰੇ। ਤਾਂ ਮਹਾਂਪੁਰਸ਼ਾਂ ਉੱਤਰ ਦਿੱਤਾ—ਪੁਰਖਾ! ਇਹ ਮੇਰੇ ਅੱਗੇ ਨਹੀਂ ਸੀ ਨੱਚਦਾ। ਮੈਂ ਤੇ ਹੁਣ ਵੀ ਬੈਠਾ ਹਾਂ, ਹੁਣ ਕਿਉਂ ਨਹੀਂ ਨੱਚਦਾ ? ਇਹ ਤਾਂ ਸਤਿਗੁਰੂ ਜੀ ਅੱਗੇ ਨੱਚ ਰਿਹਾ ਸੀ। ਜਿਸ ਸਤਿਗੁਰੂ ਜੀ ਨੇ ਇਸ ਨੂੰ ਆਪਣਾ ਪਿਆਰ-ਰੰਗ ਲਗਾ ਦਿੱਤਾ ਏ। ਮਸਕੀਨ ਕੌਣ ਹੈ ਕਿ ਕੋਈ ਇਸ ਦੇ ਅੱਗੇ ਨੱਚੇ। ਇਸ ਨੂੰ ਸੱਚੇ ਸਾਹਿਬ ਨੇ ਕੋਈ ਅੰਦਰੋਂ ਹੁਲਾਰਾ ਬਖ਼ਸ਼ਿਆ ਏ। ਗੁਰੂ ਜੀ ਦਾ ਫ਼ੁਰਮਾਨ ਵੀ ਹੈ :

**ਨਾਚੁ ਰੇ ਮਨ ਗੁਰ ਕੈ ਆਗੈ॥**
**ਗੁਰ ਕੈ ਭਾਣੈ ਨਾਚਹਿ ਤਾ ਸੁਖੁ ਪਾਵਹਿ ਅੰਤੇ ਜਮ ਭਉ ਭਾਗੈ॥**

*(ਗੂਜਰੀ ਮਹਲਾ ੩, ਪੰਨਾ 506)*

ਇਹ ਵਾਰਤਾ ਗਿਆਨੀ ਇਕਬਾਲ ਸਿੰਘ ਜੀ ਮੀਰਾਂਕੋਟ ਨੇ ਅਲਵਰ ਵਿਖੇ 2 ਮਾਰਚ, 2005 ਨੂੰ ਨਵੇਂ ਗੁਰਮਤਿ ਸਮਾਗਮ ਅਸਥਾਨ 'ਤੇ ਸੰਗਤਾਂ ਨੂੰ ਸਰਵਣ ਕਰਾਈ।

# ਗ਼ੁਲਾਮੀ ਗੁਰੂ ਜੀ ਦੀ

ਮਸਕੀਨ ਜੀ ਨੂੰ ਸੈਰ ਕਰਨ ਦਾ ਬਹੁਤ ਸ਼ੌਕ ਸੀ। ਸ਼ਾਮ ਦੇ ਵਕਤ ਕੁਝ ਸਮਾਂ ਉਹ ਜ਼ਰੂਰ ਟਹਿਲਦੇ ਸਨ। ਆਪ ਜੀ ਸੈਰ ਕਰਨ ਸਮੇਂ ਆਪਣੇ ਸਾਥੀਆਂ ਨਾਲ ਕੋਈ ਨਾ ਕੋਈ ਬਚਨ ਸਾਂਝਾ ਕਰਦੇ ਰਹਿੰਦੇ। ਇਕ ਬਚਨ ਕਈ ਵਾਰ ਦੁਹਰਾਇਆ ਕਰਦੇ ਸਨ, "ਸੰਤ ਕੋਲ ਕੌਡੀ ਹੈ ਤਾਂ ਕੌਡੀ ਦਾ ਨਹੀਂ, ਗ੍ਰਿਹਸਥੀ ਕੋਲ ਕੌਡੀ ਨਹੀਂ ਤਾਂ ਕੌਡੀ ਦਾ ਨਹੀਂ।" ਸੰਤ ਜੇਕਰ ਦਰਗਾਹ ਅੰਦਰ ਪ੍ਰਵਾਨ ਹੋਣਾ ਚਾਹੁੰਦਾ ਹੈ ਤਾਂ ਉਸ ਨੂੰ ਮਾਇਆ ਦੇ ਮੋਹ ਤੋਂ ਉੱਚਾ ਉਠਣਾ ਚਾਹੀਦਾ ਹੈ, ਪਰ ਜੇਕਰ ਸੰਤ ਹੀ ਮਨ ਨੂੰ ਮਾਇਆ ਨਾਲ ਜੋੜ ਬੈਠੇ ਤਾਂ ਦਰਗਾਹ ਅੰਦਰ ਉਸ ਦਾ ਕੌਡੀ ਮੁੱਲ ਨਹੀਂ ਪੈਂਦਾ। ਇੰਜ ਹੀ ਜੇਕਰ ਗ੍ਰਿਹਸਥੀਆਂ ਪਾਸ ਮਾਇਆ ਨਾ ਹੋਵੇ ਤਾਂ ਆਤੁਰ ਹੋ ਜਾਂਦਾ ਹੈ। ਘਰ ਗ੍ਰਿਹਸਥੀਆਂ ਦੀਆਂ ਲੋੜਾਂ ਹਨ। ਉਹਨਾਂ ਦੀਆਂ ਜ਼ਰੂਰਤਾਂ ਹਨ। ਮਾਇਆ ਗੁਜ਼ਰਾਨ ਬਣਨੀ ਹੀ ਚਾਹੀਦੀ ਹੈ, ਪਰ ਸੰਤ ਵਾਸਤੇ ਤਾਂ ਸੁਰਤਿ ਦੀ ਰੁਕਾਵਟ ਹੈ।

ਗ੍ਰਿਹਸਥੀ ਜ਼ਿੰਮੇਵਾਰੀਆਂ ਹੁੰਦਿਆਂ ਹੋਇਆਂ ਵੀ ਮਸਕੀਨ ਜੀ ਨੇ ਮਾਇਆ ਨੂੰ ਰੁਕਾਵਟ ਨਹੀਂ ਬਣਨ ਦਿੱਤਾ। ਗੁਰਮਤਿ ਦੇ ਪ੍ਰਚਾਰ ਸਮੇਂ ਇਸ ਦੀ ਮੋਹਣ ਕਲਾ ਤੋਂ ਸੁਚੇਤ ਰਹੇ। ਗੁਰਬਾਣੀ ਦੀ ਕਥਾ ਦਾ ਉਹਨਾਂ ਮੁੱਲ ਨਹੀਂ ਵੱਟਿਆ। ਸੰਗਤਾਂ ਵੱਲੋਂ ਜੋ ਆਇਆ, ਉਸ ਨੂੰ ਪ੍ਰਮਾਰਥ ਅਰਥ ਅਤੇ ਭਲਿਆਈ ਅਰਥ ਲਗਵਾ ਕੇ ਸੰਗਤਾਂ ਦੀ ਮਾਇਆ ਨੂੰ ਸਫਲ ਕੀਤਾ। ਅਲਵਰ ਵਿਖੇ ਗੁਰੂ ਨਾਨਕ ਪਬਲਿਕ ਸਕੂਲ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਆਰੰਭ ਕੀਤੇ ਤਾਂ ਕਿ ਗ਼ਰੀਬ ਬੱਚੇ ਵਿਦਿਆ ਦੇ ਦਾਨ ਤੋਂ ਵਿਰਵੇ ਨਾ ਰਹਿ ਜਾਣ। ਤਾਲੀਮ ਹਰ ਬੱਚੇ ਦਾ ਹੱਕ ਹੈ। ਰਾਜਸਥਾਨ ਦੀ ਧਰਤੀ ਉਪਰ ਵਿਦਿਆ ਦਾਨ ਦਾ ਪ੍ਰਵਾਹ ਚਲਾਇਆ। ਗੁਰਮਤਿ ਸਮਾਗਮ ਸਮੇਂ ਹਰ ਸਾਲ ਲੱਖਾਂ ਦੀ ਮਾਇਆ ਰਾਗੀ ਪ੍ਰਚਾਰਕਾਂ ਅਤੇ ਗੁਰੂ ਕੇ ਲੰਗਰਾਂ ਰਾਹੀਂ ਸਕਾਰਥ ਕੀਤੀ।

ਆਪ ਜੀ ਕਿਹਾ ਕਰਦੇ ਸਨ ਕਿ ਹਰ ਵਸਤੂ ਦਾ ਕੁਝ ਮੁੱਲ ਹੈ। ਹਰੇਕ

ਹੋਵੇ। ਤਾਂ ਇਕ ਪ੍ਰਚਾਰਕ ਸੰਸਥਾ ਹੋਂਦ ਵਿਚ ਆਈ, ਜਿਸ ਦਾ ਨਾਮ ਰੱਖਿਆ ਗਿਆ "ਵਿਸ਼ਵ ਸਿੱਖ ਪ੍ਰਚਾਰਕ ਸੰਸਥਾ"। ਫਿਰ ਇਸ ਦੇ ਅਹੁਦੇਦਾਰਾਂ ਦੀ ਚੋਣ ਹੋਈ। ਬਾਕੀ ਅਹੁਦੇਦਾਰ ਚੁਣ ਲਏ ਗਏ, ਪਰ ਸੁਆਲ ਬਣਿਆ ਕਿ ਇਸ ਮਹਾਨ ਸੰਸਥਾ ਦਾ ਪ੍ਰਧਾਨ ਕਿਸ ਨੂੰ ਥਾਪਿਆ ਜਾਵੇ। ਮਸਕੀਨ ਜੀ ਇਸ ਚੋਣ ਸਮੇਂ ਅਮਰੀਕਾ ਵਿਚ ਸਨ ਤਾਂ ਸਾਰੀ ਵਿਚਾਰ ਤੋਂ ਬਾਅਦ ਆਪ ਜੀ ਨੂੰ ਕੌਮ ਦੀ ਇਸ ਮਹਾਨ ਸੰਸਥਾ ਦਾ ਪਹਿਲਾ ਪ੍ਰਧਾਨ ਬਣਾਇਆ ਗਿਆ। ਭਾਵੇਂ ਮਸਕੀਨ ਜੀ ਪਹਿਲਾਂ ਹੀ ਧਰਮ ਪ੍ਰਚਾਰ ਨੂੰ ਸਮਰਪਿਤ ਸਨ, ਪਰ ਹੁਣ ਕੌਮ ਨੇ ਇਕ ਸੰਸਥਾ ਦੀ ਜ਼ਿੰਮੇਵਾਰੀ ਉਹਨਾਂ ਨੂੰ ਸੌਂਪ ਦਿੱਤੀ, ਜਿਸ ਨੂੰ ਆਪ ਜੀ ਨੇ ਆਖ਼ਰੀ ਸੁਆਸਾਂ ਤਕ ਨਿਭਾਇਆ। ਦੇਸ਼ ਦੇ ਵੱਖ-ਵੱਖ ਵੱਡੇ ਸ਼ਹਿਰਾਂ ਅੰਦਰ ਇਸ ਸੰਸਥਾ ਨੇ ਸਿੱਖੀ ਪ੍ਰਚਾਰ ਦੀ ਲਹਿਰ ਨੂੰ ਪ੍ਰਫੁੱਲਤ ਕੀਤਾ।

ਇਸ ਸੰਸਥਾ ਦੀਆਂ ਲੋੜਾਂ ਵਾਸਤੇ ਮਸਕੀਨ ਜੀ ਨੇ ਸੰਗਤਾਂ ਨੂੰ ਅਪੀਲਾਂ ਕੀਤੀਆਂ ਸਨ, ਕੌਮੀ ਪ੍ਰਚਾਰ ਦੀ ਸੇਵਾ ਵਾਸਤੇ। ਜਦ ਸੰਸਥਾ ਦੇ ਲੋੜ ਗੋਚਰੀ ਮਾਇਆ ਆ ਗਈ ਤਾਂ ਫਿਰ ਅਪੀਲ ਨਾ ਕੀਤੀ। ਯਾਦ ਰਹੇ ਕਿ ਇਸ ਸੰਸਥਾ ਦੇ ਪਹਿਲੇ ਅਤੇ ਮੌਜੂਦਾ ਖ਼ਜ਼ਾਨਚੀ ਪੰਥ ਪ੍ਰਸਿੱਧ ਨਾਮਵਰ ਰਾਗੀ ਭਾਈ ਅਮਰੀਕ ਸਿੰਘ ਜ਼ਖ਼ਮੀ ਜੀ ਹਨ। ਮਾਇਆ ਦੀ ਮੋਹਣ ਕਲਾ ਨੂੰ ਮਸਕੀਨ ਜੀ ਨੇ ਆਪਣੇ ਨਜ਼ਦੀਕ ਨਹੀਂ ਆਉਣ ਦਿੱਤਾ। ਭਾਵੇਂ ਕਿ ਅਮਰੀਕਾ 'ਚ ਇਕ ਸੱਜਣ ਨੇ ਆਪ ਜੀ ਨੂੰ ਇਕ ਕਰੋੜ ਦੀ ਪੇਸ਼ਕਸ਼ ਕਰਦਿਆਂ ਕਿਹਾ ਸੀ ਕਿ ਤੁਸੀਂ ਸਿਰਫ਼ ਸਾਡੇ ਪਾਸ ਰਹੋ ਤੇ ਸਾਡੇ ਵੱਲੋਂ ਹੀ ਕਥਾ ਕਰੋ। ਸਾਡੀ ਸੰਸਥਾ ਨਾਲ ਜੁੜੇ ਰਹੋ, ਪਰ ਆਪ ਜੀ ਨੇ ਬੜੀ ਨਿਮਰਤਾ ਸਹਿਤ ਇਸ ਪੇਸ਼ਕਸ਼ ਨੂੰ ਠੁਕਰਾ ਦਿੱਤਾ ਕਿ ਮਸਕੀਨ ਤਾਂ ਸਿਰਫ਼ ਗੁਰੂ ਜੀ ਦਾ ਹੀ ਗ਼ੁਲਾਮ ਹੈ। ਇਸ ਪੰਛੀ ਨੇ ਆਪਣੇ ਆਪ ਨੂੰ ਸਤਿਗੁਰੂ ਜੀ ਦੇ ਪਿੰਜਰੇ ਅੰਦਰ ਪੁਆ ਲਿਆ ਹੈ। ਇਸ ਨੂੰ ਹੁਣ ਹੋਰ ਕੋਈ ਪਿੰਜਰਾ ਮੁਆਫ਼ਿਕ ਨਹੀਂ ਹੈ। ਇਸ ਸੰਬੰਧ 'ਚ ਭਗਤ ਕਬੀਰ ਜੀ ਦੇ ਬਹੁਤ ਹੀ ਪਿਆਰੇ ਬੋਲ ਯਾਦ ਆ ਰਹੇ ਹਨ :

**ਤੂੰ ਪਿੰਜਰੁ ਹਉ ਸੂਅਟਾ ਤੋਰ ॥**
**ਜਮੁ ਮੰਜਾਰੁ ਕਹਾ ਕਰੈ ਮੋਰ ॥** *(ਕਬੀਰ ਜੀ, ਪੰਨਾ 323)*

ਐ ਪਰਮਾਤਮਾ ! ਤੂੰ ਪਿੰਜਰੇ ਵਾਂਗ ਹੈਂ ਤੇ ਮੈਂ ਤੋਤੇ ਵਾਂਗ ਹਾਂ। ਤੇਰਾ ਰੱਖਿਆ-ਕਵਚ ਏਨਾ ਜ਼ਿਆਦਾ ਮਜ਼ਬੂਤ ਹੈ ਕਿ ਜਮ ਰੂਪੀ ਬਿੱਲਾ ਹੁਣ ਮੇਰਾ ਕੁਝ ਵੀ ਨਹੀਂ ਵਿਗਾੜ ਸਕਦਾ।

ਮਸਕੀਨ ਜੀ ਨੇ ਉਪਰੋਕਤ ਵਾਰਤਾ ਆਪ ਹੀ ਇਕ ਵਾਰ ਕਮਰੇ ਅੰਦਰ

ਬੈਠਿਆਂ ਸੁਣਾਈ ਸੀ। ਐਸੇ ਅਨੇਕਾਂ ਬੰਧਨਾਂ ਨੂੰ ਗੁਰ-ਸ਼ਬਦ ਦੀ ਬਰਕਤ ਨਾਲ ਆਪ ਜੀ ਨੇ ਕੱਟ ਕੇ ਪਰਾਂ ਵਗਾਹ ਮਾਰਿਆ ਸੀ। ਫਿਰ ਪ੍ਰਚਾਰ ਵਰਗੇ ਅਤਿ ਉੱਤਮ ਪਰ ਅਤਿ ਬਿਖਮ ਕਾਰਜ ਵਿਚ ਅਡੋਲ ਅਤੇ ਨਿਰਭੈ ਹੋ ਕੇ ਵਿਚਰੇ। ਜਿਸ ਰਸਤੇ ਰਾਹੀਂ ਲੰਘ ਗਏ ਹਨ, ਪਿੱਛੇ ਆਪਣੀਆਂ ਅਮਰ ਪੈੜਾਂ ਛੱਡ ਗਏ ਹਨ। ਯਾਦ-ਖ਼ਜ਼ਾਨਿਆਂ ਵਿੱਚੋਂ ਇਹ ਪੈੜਾਂ ਸਿੱਖ ਸੰਗਤਾਂ ਦੇ ਸਾਹਮਣੇ ਰੱਖਣ ਦੀ ਨਿਮਾਣੀ ਜਿਹੀ ਕੋਸ਼ਿਸ਼ ਹੈ। ਸੰਗਤਾਂ ਵਿੱਚੋਂ ਇਹ ਆਵਾਜ਼ ਕਈ ਵਾਰ ਕੰਨੀਂ ਪਈ ਹੈ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਤੋਂ ਬਾਅਦ ਲੰਮੇ ਸਮੇਂ ਮਗਰੋਂ ਇਹੋ ਜਿਹੀ ਸ਼ਖ਼ਸੀਅਤ ਪੰਥ ਨੂੰ ਗੁਰੂ ਕ੍ਰਿਪਾ ਨਾਲ ਪ੍ਰਾਪਤ ਹੋਈ ਸੀ। ਕੌਮ ਅੰਦਰ ਬੇਸ਼ੱਕ ਸਿਆਣੇ ਅਤੇ ਸਚਿਆਰੇ ਪੁਰਸ਼ਾਂ ਦੀ ਘਾਟ ਨਹੀਂ, ਪਰ ਜਿਸ ਮੁਕਾਮ 'ਤੇ ਮਸਕੀਨ ਜੀ ਨੂੰ ਸਤਿਗੁਰੂ ਜੀ ਨੇ ਸੁਆਰ ਅਤੇ ਸ਼ਿੰਗਾਰ ਕੇ ਪਹੁੰਚਾਇਆ, ਉਹ ਮੁਕਾਮ ਮੌਜੂਦਾ ਦੌਰ ਅੰਦਰ ਸਿਰਫ਼ ਤੇ ਸਿਰਫ਼ ਉਹਨਾਂ ਦੇ ਹੀ ਭਾਗੀਂ ਆਇਆ ਹੈ। ਇਕ ਸ਼ਾਇਰ ਦੇ ਬੋਲ ਹਨ:

ਉਸ ਬਾਗ਼ ਦੀ ਅੱਧੀ ਹੈ ਸ਼ਾਨ ਹੁੰਦੀ,
ਜਿਸ ਬਾਗ਼ ਅੰਦਰ ਸੋਹਣਾ ਮੋਰ ਕੋਈ ਨਹੀਂ।
ਉਸ ਫੁੱਲ 'ਚ ਨਹੀਂ ਖ਼ੁਸ਼ਬੋ ਹੁੰਦੀ,
ਜਿਸ ਫੁੱਲ 'ਤੇ ਬੈਠਦਾ ਭੌਰ ਕੋਈ ਨਹੀਂ।
ਕਿੱਦਾਂ ਆਖੇਂਗਾ 'ਜੋਸ਼' ਤੂੰ ਸੰਤ ਉਸ ਨੂੰ,
ਚੜ੍ਹਿਆ ਜਿਸ ਨੂੰ ਭਗਤੀ ਦਾ ਲੋਰ ਕੋਈ ਨਹੀਂ।
ਹੀਰੇ ਬਹੁਤ ਨੇ ਪੰਥ ਦੇ ਵਿਚ ਐਪਰ,
'ਮਸਕੀਨ' ਜਿਹਾ ਹੀਰਾ ਹੋਰ ਕੋਈ ਨਹੀਂ।

# ਮਸਕੀਨ ਜੀ ਦੀ ਮਾਇਆ 'ਤੇ ਫ਼ਤਹਿ

ਸਤਿਪੁਰਸ਼ਾਂ ਨੇ ਮਾਇਆ ਦੇ ਅਨੇਕਾਂ ਰੂਪ ਮੰਨੇ ਹਨ, ਜਿਹਨਾਂ ਵਿੱਚੋਂ ਇਕ ਨੂੰ ਹਰੇਕ ਮਨੁੱਖ ਵਰਤਦਾ ਹੈ। ਜਿਸ ਬਿਨਾਂ ਨਾ ਤਾਂ ਅਖੌਤੀ ਤਿਆਗੀਆਂ ਦਾ ਗੁਜ਼ਾਰਾ ਹੋ ਰਿਹਾ ਹੈ ਅਤੇ ਨਾ ਹੀ ਗ੍ਰਿਹਸਤੀਆਂ ਦਾ ਜੀਵਨ ਨਿਰਬਾਹ ਹੋ ਰਿਹਾ ਹੈ, ਉਹ ਹੈ ਦੌਲਤ। ਇਸ ਵਿਚਾਰ 'ਤੇ ਸ਼ੱਕ ਨਹੀਂ ਕਿ ਦੌਲਤ ਵੀ ਇਕ ਵੱਡੀ ਸ਼ਕਤੀ ਹੈ, ਪਰ ਇਹ ਬਹੁਤ ਵੱਡੀ ਸ਼ਕਤੀ ਨਹੀਂ ਹੈ। ਫਿਰ ਵੀ ਇਸ ਦੀ ਮੋਹਣੀ ਮਾਰ ਤੋਂ ਕੋਈ ਗੁਰ-ਸ਼ਬਦ ਦੀ ਕਮਾਈ ਵਾਲਾ ਸੂਰਮਾ ਹੀ ਬਚਿਆ ਹੋਇਆ ਹੈ। ਗੁਰੂ ਜੀ ਦਾ ਫ਼ੁਰਮਾਨ ਹੈ :

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥**

*(ਧਨਾਸਰੀ ਮਹਲਾ ੫, ਪੰਨਾ 679)*

ਇਸ ਤੋਂ ਗੁਰ-ਸ਼ਬਦ ਦਾ ਆਸਰਾ ਹੀ ਬਚਾਉਂਦਾ ਹੈ। ਮਨੁੱਖ ਦੀਆਂ ਲੋੜਾਂ ਦੀ ਪੂਰਤੀ ਦਾ ਸਾਧਨ ਪਰਮਾਤਮਾ ਨੇ ਦੌਲਤ ਨੂੰ ਹੀ ਬਣਾਇਆ ਹੈ, ਇਸ ਲਈ ਇਸ ਦੀ ਪ੍ਰਾਪਤੀ ਵਾਸਤੇ ਮਨੁੱਖ ਜਿੰਦ-ਜਾਨ, ਜ਼ਮੀਰ, ਧਰਮ, ਸਭ ਕੁਝ ਹੀ ਕੁਰਬਾਨ ਕਰ ਦਿੰਦਾ ਹੈ। ਸਾਧਾਰਨ ਪੱਧਰ 'ਤੇ ਮਨੁੱਖੀ ਜੀਵਨ ਅੰਦਰ ਅਨੇਕਾਂ ਉਪੱਦਰ ਅਤੇ ਕਲੇਸ਼ਾਂ ਦਾ ਜਨਮ ਇਸੇ ਤੋਂ ਹੀ ਹੁੰਦਾ ਹੈ। ਸਤਿਗੁਰੂ ਜੀ ਨੇ ਸੋਝੀ ਬਖ਼ਸ਼ਿਸ਼ ਕੀਤੀ ਹੈ ਕਿ ਇਸ ਭੇਦ ਨੂੰ ਕੋਈ ਵਿਰਲਾ ਹੀ ਜਾਣਦਾ ਹੈ ਕਿ ਇਹ ਸਾਥ ਨਹੀਂ ਨਿਭਾਉਂਦੀ :

**ਬਾਬਾ ਮਾਇਆ ਸਾਥਿ ਨ ਹੋਇ॥**
**ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ॥**

*(ਸੋਰਠਿ ਮਹਲਾ ੧, ਪੰਨਾ 595)*

ਜਿਥੇ ਮਾਇਆ ਦੀ ਮੋਹਣੀ ਕਲਾ ਨੇ ਸਾਰੇ ਸੰਸਾਰ ਦੇ ਸਾਰੇ ਵਰਗਾਂ ਨੂੰ ਆਪਣੇ ਕਲਾਵੇ ਅੰਦਰ ਲਿਆ ਹੋਇਆ ਹੈ, ਉਥੇ ਧਾਰਮਿਕ ਜਗਤ ਅੰਦਰ ਵੀ ਇਸ ਦਾ ਤਕੜਾ ਰੋਹਬ-ਦਾਬ ਹੈ। ਇਸ ਦੀ ਮਾਰ ਹੇਠ ਧਾਰਮਿਕ ਅਸਥਾਨ ਅਤੇ ਉਥੋਂ ਦੇ ਮੁਖੀ ਵੀ ਆਏ ਹੋਏ ਹਨ। ਮਸਕੀਨ ਜੀ ਨੇ ਆਪਣੀ ਪੁਸਤਕ

ਦੇਸ਼ ਵਿਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼੍ਰੇਣੀ ਰਾਹੀਂ ਸਿੱਖਾਂ ਅੰਦਰ ਜੋ ਮੂਲ ਕਮਜ਼ੋਰੀ ਆਈ ਹੈ, ਉਸ ਬਾਰੇ ਪੂਰੇ ਸਿੱਖ ਜਗਤ ਨੂੰ ਸੁਚੇਤ ਵੀ ਕੀਤਾ ਹੈ। ਦੌਲਤ ਸਿੱਖਾਂ ਲਈ ਵੀ ਗੁਜ਼ਰਾਨ ਨਾ ਰਹਿ ਕੇ ਮ੍ਰਿਗ-ਤ੍ਰਿਸ਼ਨਾ ਬਣ ਕੇ ਰਹਿ ਗਈ ਹੈ। ਆਮ ਮਨੁੱਖ ਗਿਆਨ ਵਿਹੂਣਾ ਜਿਵੇਂ ਮਰਜ਼ੀ ਮਾਇਆ ਇਕੱਠੀ ਕਰ ਰਿਹਾ ਹੋਵੇ, ਪਰ ਧਰਮ ਦਾ ਹੋਕਾ ਦੇਣ ਵਾਲਿਆਂ ਨੂੰ ਘੱਟੋ-ਘੱਟ ਉਹ ਤਰੀਕੇ ਨਹੀਂ ਅਪਨਾਉਣੇ ਚਾਹੀਦੇ, ਜਿਸ ਨਾਲ ਪਤਾ ਲੱਗੇ ਕਿ ਇਹ ਵੀ ਸਾਰਾ ਵਿਕਾਊ ਮਾਲ ਹੈ।

ਸਮੁੱਚੇ ਖ਼ਾਲਸਾ ਪੰਥ ਨੂੰ ਇਸ ਗੱਲ ਦਾ ਫ਼ਖ਼ਰ ਹੋਵੇਗਾ ਕਿ ਗਿਆਨੀ ਸੰਤ ਸਿੰਘ ਜੀ ਮਸਕੀਨ ਨੇ ਕਦੇ ਵੀ ਅਤੇ ਕਿਤੇ ਵੀ ਕਿਸੇ ਪਾਸੋਂ ਕਥਾ ਸੁਣਾਉਣ ਦਾ ਸੌਦਾ ਨਾ ਕੀਤਾ, ਨਾ ਕਰਾਇਆ। ਸੰਗਤਾਂ ਅਤੇ ਪ੍ਰਬੰਧਕਾਂ ਨੇ ਪਿਆਰ-ਸਤਿਕਾਰ ਸਹਿਤ ਜੋ ਭੇਟ ਕੀਤਾ, ਉਸ ਨੂੰ ਪਰਵਾਨ ਕਰ ਲਿਆ। ਆਪਣੇ ਪਰਿਵਾਰਕ ਜੀਵਨ ਦੇ ਨਾਲ-ਨਾਲ ਗਿਆਨੀ ਜੀ ਨੇ ਉਹਨਾਂ ਦੀ ਨਿਗਰਾਨੀ ਹੇਠ ਚੱਲਦੀ ਪ੍ਰਚਾਰ ਵਹੀਰ ਨੂੰ ਉਸ ਵਿੱਚੋਂ ਸਨਮਾਨ ਦੇ ਕੇ ਨਿਵਾਜਿਆ।

ਮਸਕੀਨ ਜੀ ਇਕ ਚੱਲਦੀ ਫਿਰਦੀ ਯੂਨੀਵਰਸਿਟੀ ਸਨ। ਉਹਨਾਂ ਪਾਸੋਂ ਨਵੇਂ ਵਿਦਿਆਰਥੀ ਗਿਆਨ ਲੈਣ ਅਤੇ ਕਥਾ ਸਿੱਖਣ ਲਈ ਹਮੇਸ਼ਾ ਤਿਆਰ ਰਹਿੰਦੇ ਸਨ। ਸਾਲ ਵਿਚ ਉਹ ਚੱਲਦੇ ਫਿਰਦੇ ਦੋ-ਤਿੰਨ ਕਥਾਵਾਚਕ ਤਿਆਰ ਕਰ ਦਿੰਦੇ ਸਨ। ਉਹਨਾਂ ਦੇ ਪ੍ਰਚਾਰ ਵਹੀਰ ਵਿਚ ਤਿੰਨ ਜਾਂ ਚਾਰ ਰਾਗੀ ਜਥੇ ਵੀ ਹੁੰਦੇ ਸਨ। ਦੋ-ਤਿੰਨ ਕਵੀ ਅਤੇ ਦੋ ਕੁ ਸੇਵਾਦਾਰ। ਏਡਾ ਵੱਡਾ ਪ੍ਰਚਾਰ ਵਹੀਰ ਵੇਖ ਕੇ ਕਈ ਵਾਰ ਤਾਂ ਗੁਰਦੁਆਰਿਆਂ ਦੇ ਪ੍ਰਬੰਧਕ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਕਿ ਏਡੇ ਵੱਡੇ ਟੱਬਰ ਨੂੰ ਸੰਭਾਲਾਂਗੇ ਕਿਵੇਂ ? ਪਰ ਉਸ ਸਮੇਂ ਉਹ ਹੈਰਾਨ ਹੋ ਜਾਂਦੇ, ਜਦੋਂ ਮਸਕੀਨ ਜੀ ਉਹਨਾਂ ਪਾਸੋਂ ਕੁਝ ਵੀ ਨਾ ਮੰਗਦੇ। ਜੋ ਪ੍ਰਬੰਧਕ ਆਪਣੀ ਇੱਛਾ ਅਨੁਸਾਰ ਭੇਟਾ ਦਿੰਦੇ, ਮਸਕੀਨ ਜੀ ਉਹ ਸਾਰਾ ਜਥਿਆਂ ਵਿਚ ਵੰਡ ਦਿੰਦੇ। ਪ੍ਰਚਾਰ ਵਹੀਰ ਅੰਦਰ ਵਿਚਰਦੇ ਸਾਰੇ ਦੇ ਸਾਰੇ ਗੁਰਮੁਖ ਪ੍ਰਸੰਨ-ਚਿੱਤ ਰਹਿੰਦੇ। ਮਾਇਆ ਥੋੜੀ ਕਿ ਬਹੁਤੀ ! ਇਸ ਬਾਰੇ ਨਾ ਕੋਈ ਗਿਲਾ, ਨਾ ਕੋਈ ਸ਼ਿਕਵਾ, ਸਗੋਂ ਮਸਕੀਨ ਜੀ ਦੀ ਪ੍ਰਸੰਨਤਾ ਲੈਣ ਦੀ ਚਾਹ ਹਰ ਵੇਲੇ ਬਣੀ ਰਹਿੰਦੀ।

ਮਸਕੀਨ ਜੀ ਅਕਸਰ ਆਪਣੇ ਪ੍ਰਚਾਰ ਦੇ ਪੰਜਾਹ ਸਾਲਾਂ ਦਾ ਤਜਰਬਾ ਆਪਣੇ ਪ੍ਰਚਾਰ ਵਹੀਰ ਵਿਚ ਸ਼ਾਮਿਲ ਸਿਖਿਆਰਥੀਆਂ ਸਾਹਮਣੇ ਰੱਖਿਆ ਕਰਦੇ ਸਨ ਕਿ ਸਤਿਗੁਰੂ ਜੀ ਬੇਅੰਤ ਬਖ਼ਸ਼ਿਸ਼ਾਂ ਦੇ ਮਾਲਕ ਹਨ। ਕਿਸੇ ਥਾਂ

ਤੋਂ ਕੁਝ ਨਾ ਮਿਲਣਾ ਅਤੇ ਕਿਸੇ ਥਾਂ ਤੋਂ ਬਹੁਤ ਕੁਝ ਮਿਲਣਾ, ਇਹ ਸਤਿਗੁਰੂ ਜੀ ਦੇ ਨਿਰਾਲੇ ਚੋਜ ਹਨ। ਜਿਹਨਾਂ ਨੂੰ ਦੇਖਣ ਦੀ ਜਾਚ ਆ ਜਾਏ, ਉਹ ਗੁਰੂ ਜੀ ਦੀ ਹਜ਼ੂਰੀ ਦਾ ਰਸ ਮਾਣ ਕੇ ਆਨੰਦਿਤ ਹੋਏ ਰਹਿੰਦੇ ਹਨ। ਆਪ ਜੀ ਨੇ ਆਪਣੇ ਨਿੱਜੀ ਤਜਰਬੇ ਨੂੰ ਸੁਣਾਂਦਿਆਂ ਕਿਹਾ ਕਿ ਜਦੋਂ ਅਸੀਂ ਗੁਰਬਾਣੀ ਦੀ ਕਥਾ ਅਜੇ ਥੋੜੇ ਸਮੇਂ ਤੋਂ ਸ਼ੁਰੂ ਹੀ ਕੀਤੀ ਸੀ ਤਾਂ ਇਕ ਗੁਰਦੁਆਰਾ ਸਾਹਿਬ ਵਿਖੇ ਇਕ ਹਫ਼ਤਾ ਕਥਾ ਕੀਤੀ। ਉਥੋਂ ਦੇ ਪ੍ਰਬੰਧਕਾਂ ਨੇ ਸਾਡੇ ਜਾਣ ਸਮੇਂ ਨਾ ਕੋਈ ਵਿਦਾਇਗੀ ਦਿੱਤੀ ਅਤੇ ਨਾ ਕੋਈ ਸਨਮਾਨ, ਸਗੋਂ ਰੋਜ਼ ਦੀ ਮਾਇਆ ਜੋ ਸੰਗਤਾਂ ਵੱਲੋਂ ਆਉਂਦੀ ਸੀ, ਉਹ ਵੀ ਗੋਲਕ ਵਿਚ ਪਾ ਦਿਆ ਕਰਨ। ਇਹ ਵਾਕਿਆਤ ਕੋਈ 1957-58 ਦੇ ਨੇੜੇ ਦਾ ਹੈ। ਇਥੋਂ ਅਸੀਂ ਕੋਈ 40-45 ਕਿਲੋਮੀਟਰ ਦੂਰ ਹੋਰ ਅਸਥਾਨ 'ਤੇ ਤੁਰ ਕੇ ਕਥਾ ਕਰਨ ਜਾਣਾ ਸੀ। ਸਾਨੂੰ ਭੁੱਖ ਲੱਗੀ ਹੋਈ ਸੀ। ਕੋਲ ਭੋਜਨ ਜੋਗੇ ਪੈਸੇ ਵੀ ਨਹੀਂ ਸਨ। ਇਕ ਸਿੰਧੀ ਸੱਜਣ ਦਾ ਹੋਟਲ ਵੇਖ ਕੇ ਅੰਦਰ ਚਲੇ ਗਏ ਤਾਂ ਹੋਟਲ ਦੇ ਮਾਲਕ (ਸਿੰਧੀ ਸੱਜਣ) ਨੂੰ ਦੱਸਿਆ ਕਿ ਮੈਂ ਗੁਰੂ ਜੀ ਦੀ ਬਾਣੀ ਦੀ ਕਥਾ ਕਰਦਾ ਹਾਂ। ਮੈਂ ਇਥੋਂ ਪੰਜਤਾਲੀ ਕੁ ਕਿਲੋਮੀਟਰ ਦੂਰ ਜਾਣਾ ਹੈ। ਮੇਰੇ ਕੋਲ ਪੈਸੇ ਵੀ ਨਹੀਂ ਹਨ ਅਤੇ ਮੈਨੂੰ ਭੁੱਖ ਵੀ ਲੱਗੀ ਹੋਈ ਹੈ। ਤਾਂ ਉਸ ਸੱਜਣ ਨੇ ਅੱਗੋਂ ਆਖਿਆ—ਗਿਆਨੀ ਜੀ! ਤੁਹਾਥੋਂ ਪੈਸੇ ਕਿਸ ਨੇ ਮੰਗੇ ਹਨ, ਤੁਸੀਂ ਰੱਜ ਕੇ ਪ੍ਰਸ਼ਾਦਾ ਛਕੋ।

ਮਸਕੀਨ ਜੀ ਕਹਿਣ ਲੱਗੇ ਕਿ ਅਸੀਂ ਪ੍ਰਸ਼ਾਦਾ ਛਕਿਆ ਤੇ ਹੱਥ ਧੋਣ ਲੱਗ ਪਏ। ਇੰਨੇ ਨੂੰ ਹੋਟਲ ਦਾ ਮਾਲਕ ਸਿੰਧੀ ਵੀਰ ਸਾਡੇ ਪਾਸ ਆ ਗਿਆ ਅਤੇ ਮੈਨੂੰ ਦੋ ਰੁਪਏ ਦੇ ਕੇ ਕਹਿਣ ਲੱਗਾ—ਗਿਆਨੀ ਜੀ! ਗੁਰੂ ਨਾਨਕ ਦੇਵ ਜੀ ਦੇ ਚਰਨਾਂ ਵਿਚ ਅਰਦਾਸ ਕਰੋ ਕਿ ਸਤਿਗੁਰੂ ਜੀ ਸਾਡੀ ਸੇਵਾ ਪ੍ਰਵਾਨ ਕਰਨ ਤੇ ਕਾਰੋਬਾਰ ਵਿਚ ਬਰਕਤਾਂ ਪਾਵਣ। ਮਸਕੀਨ ਜੀ ਅੱਗੋਂ ਕਹਿੰਦੇ ਕਿ ਮੇਰੇ ਹਿਰਦੇ ਵਿੱਚੋਂ ਆਵਾਜ਼ ਆਈ, ਹੇ ਗੁਰੂ ਨਾਨਕ ਸਾਹਿਬ ਜੀ, ਆਪ ਜੀ ਬੇਅੰਤ ਮਿਹਰਵਾਨ ਹੋ।

ਮਸਕੀਨ ਜੀ ਆਖਿਆ ਕਰਦੇ ਸਨ ਕਿ ਜਿਸ ਪਾਤਸ਼ਾਹ ਦੀ ਪਾਵਨ ਬਾਣੀ ਦਾ ਕੀਰਤਨ-ਕਥਾ ਕਰਦੇ ਹੋ, ਉਹ ਤੁਹਾਡਾ ਉਧਾਰ ਨਹੀਂ ਰੱਖੇਗਾ। ਕਿਸੇ ਜਗ੍ਹਾ ਅਗਰ ਥੋੜੀ ਮਾਇਆ ਮਿਲੇ ਤਾਂ ਨਿਰਾਸ ਨਹੀਂ ਹੋਣਾ। ਸ਼ੁਕਰਾਨੇ ਭਾਵ ਵਿਚ ਮਨ ਨੂੰ ਟਿਕਾਅ ਲੈਣਾ। ਗੁਰੂ ਕਿਸੇ ਹੋਰ ਅਸਥਾਨ ਤੋਂ ਖੁੱਲ੍ਹੇ ਗੱਫੇ ਦਿਵਾ ਦਿੰਦਾ ਹੈ।

ਮੰਜੀ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਹਰ ਸਾਲ ਧੰਨ ਧੰਨ ਗੁਰੂ ਰਾਮਦਾਸ ਜੀ ਦੇ ਪਾਵਨ ਪ੍ਰਕਾਸ਼ ਗੁਰਪੁਰਬ ਨੂੰ ਨੇੜੇ ਆਇਆ ਜਾਣ ਕਰਕੇ ਕੁਝ ਦਿਨ

ਪਹਿਲਾਂ ਹੀ ਆਪ ਜੀ ਪ੍ਰਚਾਰ ਵਹੀਰ ਸਮੇਤ ਪਹੁੰਚ ਜਾਇਆ ਕਰਦੇ ਸਨ। ਆਪਣੇ ਸਰੀਰਕ ਚੋਲੇ ਨੂੰ ਤਿਆਗਣ ਸਮੇਂ ਤਕ ਆਪ ਜੀ ਨੇ ਗੁਰ-ਸੰਗਤਾਂ ਨੂੰ ਦਿੱਤੇ ਵਚਨ ਨੂੰ ਨਿਭਾਇਆ। ਭਾਵੇਂ ਇਕ ਵਾਰ, ਵਿੱਚੋਂ ਕੁਝ ਮੌਕਾ-ਪ੍ਰਸਤ ਤੇ ਸੁਆਰਥੀ ਲੋਕਾਂ ਨੇ ਇਸ ਵਚਨ ਨੂੰ ਤੁੜਵਾਉਣ ਦੀਆਂ ਚਾਲਾਂ ਵੀ ਚੱਲੀਆਂ, ਪਰ ਫਿਰ ਦੁਬਾਰਾ ਸ੍ਰ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਜੀ ਨੇ ਚਿੱਠੀ ਪਾ ਕੇ ਸੰਗਤਾਂ ਨੂੰ ਕਥਾ ਸਰਵਣ ਕਰਾਉਣ ਦੀ ਬੇਨਤੀ ਕੀਤੀ ਜੋ ਮਸਕੀਨ ਜੀ ਨੇ ਪ੍ਰਵਾਨ ਕਰ ਲਈ।

ਆਖ਼ਰੀ ਸਾਲ ਅਕਤੂਬਰ 2004 ਈ: ਨੂੰ ਮਸਕੀਨ ਜੀ ਨੇ ਤਕਰੀਬਨ ਸੈਂਤੀ ਦਿਨ ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਬਖ਼ਸ਼ਿਸ਼ ਹੋਏ ਮੁਖਵਾਕ ਦੀ ਕਥਾ ਸੰਗਤਾਂ ਨੂੰ ਸਰਵਣ ਕਰਵਾਈ। ਇਹ ਸਮਾਂ ਮੰਜੀ ਸਾਹਿਬ ਵਿਖੇ ਪਿਛਲੇ ਸਾਲਾਂ ਨਾਲੋਂ ਐਤਕਾਂ ਸਭ ਤੋਂ ਵੱਧ ਸੀ। ਕਿਉਂਕਿ ਨਾਨਕਸ਼ਾਹੀ ਕੈਲੰਡਰ ਦੇ ਲਾਗੂ ਹੋਣ ਨਾਲ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਤੋਂ ਦੀਵਾਲੀ ਦੇ ਦਿਨਾਂ ਵਿਚ ਕਾਫ਼ੀ ਵਕਫ਼ਾ ਆਇਆ ਸੀ ਅਤੇ ਆਪ ਜੀ ਦੀਵਾਲੀ ਤਕ ਸ੍ਰੀ ਅੰਮ੍ਰਿਤਸਰ ਵਿਖੇ ਰਿਹਾ ਕਰਦੇ ਸਨ।

ਮੰਜੀ ਸਾਹਿਬ ਵਿਖੇ ਦੀਵਾਨ ਦੀ ਹਾਜ਼ਰੀ ਸਮੇਂ ਆਪ ਜੀ ਨੇ ਕਦੇ ਵੀ ਪ੍ਰਬੰਧਕਾਂ ਪਾਸੋਂ ਮਾਇਆ ਸਵੀਕਾਰ ਨਹੀਂ ਕੀਤੀ, ਬੇਸ਼ੱਕ ਉਹ ਸਤਿਕਾਰ ਵਜੋਂ ਪੇਸ਼ ਕਰਿਆ ਕਰਦੇ ਸਨ। ਸਗੋਂ ਆਪ ਜੀ ਸਿਰਫ਼ ਤੇ ਸਿਰਫ਼ ਸਿਰੋਪਾ ਧੰਨ ਗੁਰੂ ਰਾਮਦਾਸ ਜੀ ਦੀ ਬਖ਼ਸ਼ਿਸ਼ ਜਾਣ ਕੇ ਪ੍ਰਾਪਤ ਕਰ ਕੇ ਸੰਤੁਸ਼ਟ ਰਹਿੰਦੇ। ਅਕਸਰ ਆਪ ਜੀ ਸੰਗਤਾਂ ਨੂੰ ਸਰਵਣ ਕਰਾਉਂਦੇ ਕਿ ਧੰਨ ਧੰਨ ਗੁਰੂ ਰਾਮਦਾਸ ਜੀ ਦੇ ਪਾਵਨ ਚਰਨਾਂ ਵਿੱਚੋਂ ਤਾਂ ਮੈਂ ਆਪਣੇ ਹਿਰਦੇ ਦੀ ਬੈਟਰੀ ਨੂੰ ਚਾਰਜ ਕਰਨ ਆਉਂਦਾ ਹਾਂ ਅਤੇ ਸਾਰਾ ਸਾਲ ਗੁਰੂ ਚਰਨਾਂ 'ਚੋਂ ਮਿਲੀ ਗੁਰਮਤਿ ਪ੍ਰੇਰਨਾ ਨੂੰ ਸੰਸਾਰ ਅੰਦਰ ਪ੍ਰਚਾਰਦਾ ਹਾਂ। ਇਹ ਹੀ ਮੇਰੇ ਵਡਭਾਗ ਹਨ।

ਇਸ ਤਰ੍ਹਾਂ ਮਸਕੀਨ ਜੀ ਗੁਰਮਤਿ ਰਹਿਣੀ ਨੂੰ ਆਪਣੇ ਅਮਲੀ ਜੀਵਨ ਰਾਹੀਂ ਸਾਨੂੰ ਦ੍ਰਿੜ੍ਹ ਕਰਵਾਉਂਦੇ ਸਨ। ਮੌਜੂਦਾ ਦੌਰ ਅੰਦਰ ਆਪ ਜੀ ਨੇ ਆਪਣਾ ਪਰਉਪਕਾਰੀ ਅਤੇ ਬੇਦਾਗ਼ ਨਿਰਲੇਪ ਜੀਵਨ ਪੰਥ ਵਿਚ ਮਿਸਾਲ ਬਣਾ ਕੇ ਪੇਸ਼ ਕੀਤਾ। ਗੁਰੂ ਬਚਨਾਂ ਦੀ ਹੀ ਬਰਕਤ ਹੈ ਕਿ :

**ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ ॥**
**ਚਰਣੀ ਲਾਗੈ ਤਾ ਮਹਲੁ ਪਾਵੈ ॥** *(ਗਾਉੜੀ ਮ: ੩, ਪੰਨਾ 231)*

ਅਜੋਕੇ ਸਮੇਂ ਜਦੋਂ ਮਨੁੱਖ ਧਰਮ ਦਾ ਵਪਾਰ ਕਰਨ ਆਇਆ ਹੋਵੇ, ਪਰ ਮਾਇਆ

ਦੇ ਪ੍ਰਭਾਵ ਥੱਲੇ ਧਰਮ ਨੂੰ ਹੀ ਵਪਾਰ ਬਣਾ ਲਵੇ ਤਾਂ ਹੈਰਾਨ ਹੋਣਾ ਵੱਡੀ ਗੱਲ ਨਹੀਂ। ਕੀ ਛੋਟੇ ਕੀ ਵੱਡੇ ਰਾਗੀ ਪ੍ਰਚਾਰਕ ਆਪਣੀ ਵਿੱਤ ਅਨੁਸਾਰ ਆਪਣਾ ਮੁੱਲ ਪੁਆ ਰਹੇ ਹੋਣ ਤਾਂ ਮਸਕੀਨ ਜੀ ਜੈਸੀ ਸੰਸਾਰ ਪ੍ਰਸਿੱਧ ਸ਼ਖ਼ਸੀਅਤ ਇਸ ਮਾਇਆ ਦੇ ਸਾਗਰ ਦੀਆਂ ਲਹਿਰਾਂ ਵਿੱਚੋਂ ਉਭਰ ਜਾਵੇ ਤਾਂ ਇਹ ਸਤਿਗੁਰੂ ਜੀ ਦੀ ਬਖ਼ਸ਼ਿਸ਼ ਹੋਣ ਦੀ ਪ੍ਰਤੱਖ ਨਿਸ਼ਾਨੀ ਹੈ।

ਸੰਗਤ ਅਤੇ ਪ੍ਰਬੰਧਕ ਆਪਣੇ ਆਪ ਸਤਿਕਾਰ ਵਜੋਂ ਕੁਝ ਦੇਵਣ ਤਾਂ ਖ਼ੁਸ਼ੀ ਦੀ ਗੱਲ ਹੈ, ਪਰ ਕੀਰਤਨ ਜਾਂ ਕਥਾ ਸੁਣਾਉਣ ਦਾ ਤਹਿ ਸੌਦਾ ਜਿਥੇ ਵਪਾਰ ਬਣਿਆ ਹੈ, ਉਥੇ ਬਾਣੀ-ਨਿਰਾਦਰ ਦਾ ਵੀ ਕਾਰਨ ਹੈ। ਜਿਹੜੇ ਪ੍ਰਬੰਧਕ ਤਹਿ-ਸ਼ੁਦਾ ਦੌਲਤ ਦੇ ਸਕਣ ਦੇ ਸਮਰੱਥ ਹਨ, ਉਹ ਹੀ ਇਹਨਾਂ ਜਥਿਆਂ ਪਾਸੋਂ ਕੀਰਤਨ ਕਥਾ ਸੁਣ ਸਕਦੇ ਹਨ। ਜਿਹੜੇ ਗੁਰਦੁਆਰੇ ਦੇ ਪ੍ਰਬੰਧਕਾਂ ਕੋਲ ਏਡਾ ਵੱਡਾ ਬਜਟ ਨਹੀਂ, ਉਥੋਂ ਦੀਆਂ ਸੰਗਤਾਂ ਇਹਨਾਂ ਦੀ ਰਸਨਾ ਤੋਂ ਗੁਰੂ ਜੀ ਦੀ ਬਾਣੀ ਦਾ ਕੀਰਤਨ ਸਨਮੁਖ ਬੈਠ ਕੇ ਨਹੀਂ ਸੁਣ ਸਕਦੀਆਂ। ਪਿੰਡਾਂ ਵਿੱਚ ਜਿਥੇ ਕੀਰਤਨ ਤੇ ਕਥਾ ਦੀ ਲੋੜ ਹੈ, ਉਥੇ ਇਹ ਪਹੁੰਚਦੇ ਹੀ ਨਹੀਂ। ਮਸਕੀਨ ਜੀ ਰਾਗੀ ਅਤੇ ਪ੍ਰਚਾਰਕਾਂ ਦੀ ਐਸੀ ਸੋਚਣੀ ਅਤੇ ਮਨੋਬਿਰਤੀ ਨੂੰ ਵੇਖ ਕੇ ਬਹੁਤ ਚਿੰਤਤ ਸਨ। ਆਪ ਜੀ ਨੇ ਆਪਣਾ ਪ੍ਰਚਾਰਕ ਜੀਵਨ ਇਸ ਤਰ੍ਹਾਂ ਦੀ ਅਲਾਮਤ ਤੋਂ ਬਚਾਈ ਰੱਖਿਆ।

ਜਿਥੇ ਗੁਰਮਤਿ ਮਿਸ਼ਨਰੀ ਹੋਣ ਦੇ ਨਾਤੇ ਮਸਕੀਨ ਜੀ ਨੇ ਸਿੱਖ ਪੰਥ ਅਤੇ ਸਮਾਜ ਅੰਦਰ ਫੈਲੀਆਂ ਹੋਰ ਅਨੇਕਾਂ ਹੀ ਕੁਰੀਤੀਆਂ ਨੂੰ ਆਪਣੇ ਵਿਚਾਰਾਂ ਰਾਹੀਂ ਅਨੋਖੀ ਸ਼ੈਲੀ ਨਾਲ ਨਕਾਰਿਆ, ਉਥੇ ਆਪ ਜੀ ਨੇ ਇਸ ਬਿਰਤੀ ਉੱਤੇ ਵੀ ਨਿਵੇਕਲੇ ਢੰਗ ਨਾਲ ਚਾਨਣਾ ਪਾਇਆ, ਤਾਂ ਕਿ ਕੌਮ ਦੀ ਪ੍ਰਚਾਰਕ ਸ਼੍ਰੇਣੀ—ਰਾਗੀ, ਢਾਡੀ, ਪਾਠੀ, ਗ੍ਰੰਥੀ ਅਤੇ ਪ੍ਰਚਾਰਕਾਂ ਅੰਦਰ ਆਏ ਐਸੇ ਰੁਝਾਨ ਨੂੰ ਠੱਲ੍ਹ ਪੈ ਸਕੇ। ਕਿਉਂਕਿ ਇਹ ਪਦਵੀਆਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਦੀਆਂ ਹਨ, ਜੋ ਗੁਰੂ-ਪਿਆਰ ਅੰਦਰ ਆਨੰਦ ਨਾਲ ਭਰੇ ਹੋਏ ਸਬਰ, ਸੰਤੋਖ ਅਤੇ ਸ਼ੁਕਰਾਨੇ ਦੀਆਂ ਮੂਰਤਾਂ ਸਨ।

ਮਸਕੀਨ ਜੀ ਦਾ ਨਿਰਮਲ ਜੀਵਨ ਅੱਜ ਦੀ ਪੀੜ੍ਹੀ ਸਾਹਮਣੇ ਇਕ ਮਿਸਾਲ ਹੈ। ਗੁਰਮਤਿ ਦੀ ਜੁਗਤ ਅਨੁਸਾਰ ਮਾਇਆ ਅੰਦਰ ਉਦਾਸ ਕਿਵੇਂ ਰਹੀਦਾ ਹੈ, ਉਹਨਾਂ ਨੇ ਉਦਾਹਰਣ ਬਣ ਦਿਖਾਇਆ। ਅਕਾਲ ਪੁਰਖ ਨੂੰ ਵਿਸਾਰ ਕੇ ਦਿਨ-ਰਾਤ ਦੌਲਤ ਦਾ ਚਿੰਤਨ ਮਨੁੱਖ ਦੀ ਬਦਕਿਸਮਤੀ ਦੀ ਨਿਸ਼ਾਨੀ ਹੈ। ਭਗਤ ਕਬੀਰ ਜੀ ਨੇ ਮਨੁੱਖ ਦੀ ਇਸ ਬਿਰਤੀ ਦਾ ਵਿਸ਼ਲੇਸ਼ਣ ਕੀਤਾ ਹੈ :

# ਕਥਾ ਪ੍ਰਭਾਵ

ਅਕਸਰ ਮਨੁੱਖ ਦੂਜਿਆਂ ਨੂੰ ਉਪਦੇਸ਼ ਦਿੰਦਾ ਹੈ, ਪਰ ਉਸ ਦੀ ਆਪਣੀ ਜ਼ਿੰਦਗੀ ਪ੍ਰਭੂ ਭਰੋਸੇ ਤੋਂ ਸੱਖਣੀ, ਰਸ-ਹੀਣ, ਬੇ-ਸੁਆਦੀ ਹੁੰਦੀ ਹੈ। ਧਰਮ ਉਹਨਾਂ ਪ੍ਰਭੂ ਪਿਆਰਿਆਂ ਦੇ ਸਦਕੇ ਸੰਸਾਰ ਅੰਦਰ ਫੈਲਦਾ ਹੈ, ਜਿਹਨਾਂ ਦੀ ਜ਼ਿੰਦਗੀ ਪਰਮਾਤਮਾ ਦੇ ਸਿਦਕ ਅਤੇ ਪਿਆਰ ਅੰਦਰ ਉਸਰੀ ਹੋਵੇ। ਉਹ ਰੁੱਖ ਹੀ ਆਪਣਾ ਫੈਲਾਅ ਉਪਰੋਂ ਸੰਘਣਾ ਤੇ ਵਿਸਥਾਰ ਵਾਲਾ ਬਣਾਉਂਦੇ ਹਨ, ਜਿਹਨਾਂ ਦੀਆਂ ਜੜ੍ਹਾਂ ਧਰਤੀ ਵਿਚ ਡੂੰਘੇਰੀਆਂ ਅਤੇ ਮਜ਼ਬੂਤ ਹੋਵਣ। ਸਤਿਗੁਰੂ ਜੀ ਦਾ ਅਮੁੱਲ ਬਚਨ ਹੈ :

**ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਂਉ ॥**

*(ਮ: ੧, ਪੰਨਾ 1288)*

ਫ਼ਲਕ-ਬੋਸ ਇਮਾਰਤਾਂ ਦੀਆਂ ਨੀਹਾਂ ਬਹੁਤ ਮਜ਼ਬੂਤ ਤੇ ਗਹਿਰੀਆਂ ਹੁੰਦੀਆਂ ਹਨ। ਗਗਨ ਚੁੰਬੀ ਬਿਲਡਿੰਗਾਂ ਦੀ ਬੁਨਿਆਦ ਕਿਤੇ ਰੇਤ ਉਪਰ ਥੋੜ੍ਹੀ ਖੜੀ ਹੁੰਦੀ ਹੈ। ਬੁਲੰਦੀਆਂ 'ਤੇ ਪਹੁੰਚਣ ਵਾਲੇ ਪਰਿੰਦਿਆਂ ਦੇ ਪੰਖ ਮਜ਼ਬੂਤ ਤੇ ਤਾਕਤਵਰ ਹੁੰਦੇ ਹਨ। ਕਮਜ਼ੋਰ ਖੰਭਾਂ ਵਾਲੇ ਪੰਛੀ ਉੱਚੀ ਪਰਵਾਜ਼ ਨਹੀਂ ਲਗਾ ਸਕਦੇ।

ਧਾਰਮਿਕ ਮੰਦਰ ਉਸਾਰਨੇ ਕੋਈ ਔਖੀ ਗੱਲ ਨਹੀਂ। ਹਰ ਮਤ ਦੇ ਪੈਰੋਕਾਰ ਆਪਣੇ ਆਪਣੇ ਧਰਮ ਦੀ ਜੈ-ਜੈਕਾਰ ਵਾਸਤੇ ਧਰਮ ਮੰਦਰ ਉਸਾਰ ਲੈਂਦੇ ਹਨ। ਪਰ ਆਪਣੇ ਜੀਵਨ ਨੂੰ ਧਰਮ ਦੀ ਅਸਲ ਭਾਵਨਾ ਵਿਚ ਰੰਗ ਕੇ ਮਾਨਵਵਾਦੀ ਬਣ ਜਾਣਾ, ਇਹ ਹੀ ਧਰਮ ਦਾ ਉੱਤਮ ਮਨੋਰਥ ਹੈ ਅਤੇ ਬਿਖਮ ਕੰਮ ਵੀ ਹੈ। ਇਸ ਅਵਸਥਾ ਤੋਂ ਵੇਖਣ ਵਿਚ ਆਇਆ ਹੈ ਕਿ ਮਨੁੱਖ ਕੋਰਾ ਹੀ ਰਹਿ ਜਾਂਦਾ ਹੈ ਅਤੇ ਹਉਮੈਵਾਦੀ ਬਣ ਕੇ ਰੁਕੇ ਹੋਏ ਪਾਣੀ ਵਾਂਗ ਤਰੱਕ ਜਾਂਦਾ ਹੈ। ਡਾ. ਸਰ ਮੁਹੰਮਦ ਇਕਬਾਲ ਨੇ ਅਜਿਹੀ ਬਿਰਤੀ ਵਾਲਿਆਂ 'ਤੇ ਤਨਜ਼ ਕਰਦਿਆਂ ਆਖਿਆ ਸੀ :

ਮਸਜਿਦ ਤੋ ਬਨਾ ਦੀ ਸ਼ਬ ਭਰ ਮੇਂ, ਇਮਾਂ ਕੀ ਹਰਾਰਤ ਵਾਲੋਂ ਨੇ,
ਮਨ ਅਪਨਾ ਪੁਰਾਨਾ ਪਾਪੀ ਥਾ, ਬਰਸੋਂ ਸੇ ਨਿਮਾਜ਼ੀ ਬਨ ਨਾ ਸਕਾ।

ਜਿਸ ਦੀ ਜ਼ਿੰਦਗੀ ਵਿੱਚੋਂ ਧਰਮ ਦੀ ਸੁਗੰਧੀ ਆਵੇ, ਉਹ ਹੀ ਧਰਮੀ ਹੁੰਦਾ ਹੈ। ਜਿਸ ਦੀ ਬੋਲ-ਬਾਣੀ ਅਤੇ ਵਿਚਾਰਾਂ ਵਿੱਚੋਂ ਹਰ ਪ੍ਰਾਣੀ ਨੂੰ ਪਰਮਾਤਮਾ ਦੀ ਨੇੜਤਾ ਮਹਿਸੂਸ ਹੋਵੇ ਤਾਂ ਸਮਝੋ ਐਸਾ ਵਕਤਾ ਵਾਹਿਗੁਰੂ ਜੀ ਦੀ ਹਜ਼ੂਰੀ ਦਾ ਰਸ ਮਾਣ ਰਿਹਾ ਹੁੰਦਾ ਹੈ।

ਗਿਆਨੀ ਸੰਤ ਸਿੰਘ ਜੀ ਮਸਕੀਨ ਜਦੋਂ ਮੂਲ-ਮੰਤਰ ਜਾਂ ਗੁਰਬਾਣੀ ਦੀ ਕਿਸੇ ਪਾਵਨ ਪੰਗਤੀ ਨੂੰ ਬਿਨੈ-ਰੂਪ 'ਚ ਮੰਗਲਾਚਰਨ ਵਜੋਂ ਉਚਾਰ ਕੇ ਕਥਾ ਦੀ ਸ਼ੁਰੂਆਤ ਕਰਦੇ ਤਾਂ ਜਿਥੋਂ ਤਕ ਸੰਗਤ ਬੈਠੀ ਹੋਵੇ, ਉਥੋਂ ਤਕ ਕਿਸੇ ਵਿਸਮਾਦ ਅਵਸਥਾ ਦਾ ਛਾ ਜਾਣਾ ਸੁਭਾਵਿਕ ਹੀ ਹੋ ਜਾਂਦਾ। ਹਜ਼ਾਰਾਂ ਜਾਂ ਲੱਖਾਂ ਦੀ ਗਿਣਤੀ ਵਿਚ ਬੈਠੇ ਗੁਰੂ ਦੇ ਸਿੱਖ ਸੇਵਕ ਤੇ ਕਥਾ ਪ੍ਰੇਮੀ ਇਕਾਗਰ ਚਿੱਤ ਹੋ ਜਾਂਦੇ ਸਨ। ਪ੍ਰਬੰਧਕਾਂ ਜਾਂ ਮਸਕੀਨ ਜੀ ਨੂੰ ਕਹਿਣਾ ਨਹੀਂ ਸੀ ਪੈਂਦਾ ਕਿ ਸੰਗਤਾਂ ਕ੍ਰਿਪਾ ਕਰਕੇ ਚੁੱਪ ਦਾ ਦਾਨ ਬਖ਼ਸ਼ਣ। ਸਹਿਜ ਇਕਾਗਰਤਾ ਹੀ ਦੱਸਦੀ ਸੀ ਕਿ ਮਸਕੀਨ ਜੀ ਦੇ ਹਿਰਦੇ ਅੰਦਰ ਵੱਸੇ ਗੁਰ-ਸ਼ਬਦ ਦੀਆਂ ਹੀ ਇਹ ਬਰਕਤਾਂ ਹਨ। ਇਹ ਉਹਨਾਂ ਦੀ ਨਾਮ-ਰਸਿਕ ਅਵਸਥਾ ਦਾ ਜਾਦੂਮਈ ਕ੍ਰਿਸ਼ਮਾ ਹੁੰਦਾ ਸੀ। ਸੰਗਤਾਂ ਅੰਦਰ ਅਕਾਲ ਪੁਰਖ ਜੀ ਦੇ ਨਿੱਤ ਦਿਨ ਨਿੱਤ ਨਵੇਂ ਗੁਣ ਸੁਣਨ ਦਾ ਅਥਾਹ ਉਮਾਹ ਨਜ਼ਰੀਂ ਆਉਂਦਾ। ਉਹਨਾਂ ਦੀ ਕਥਾ ਸੁਣਨ ਲਈ ਜਨ-ਸਾਧਾਰਨ ਸਰੋਤਿਆਂ ਤੋਂ ਇਲਾਵਾ ਵਿਦਿਆ ਦੀਆਂ ਨਵੀਆਂ ਪਰਤਾਂ ਪ੍ਰਗਟਾਉਣ ਵਾਲੀਆਂ ਉੱਚ ਡਿਗਰੀ ਪ੍ਰਾਪਤ ਸ਼ਖ਼ਸੀਅਤਾਂ ਹੁੰਦੀਆਂ। ਗੁਰਮਤਿ ਦੀ ਸਦੈਵ-ਕਾਲ ਸਚਿਆਰੀ ਵਿਚਾਰ ਅਤੇ ਸਰਬ ਸਾਂਝੀ ਗਿਆਨ ਰੌਸ਼ਨੀ ਪ੍ਰਾਪਤ ਕਰਨ ਦਾ ਹਰੇਕ ਸਰੋਤੇ ਅੰਦਰ ਵਿਸ਼ੇਸ਼ ਹੀ ਚਾਅ ਹੁੰਦਾ।

ਆਪ ਜੀ ਜਿਸ ਵੀ ਮਜ਼ਮੂਨ ਨੂੰ ਸ਼ੁਰੂ ਕਰਦੇ, ਅਨੇਕਾਂ ਦਲੀਲਾਂ ਦੇ ਸਨਮੁਖ ਉਸ ਮਜ਼ਮੂਨ ਨੂੰ ਸੰਗਤਾਂ ਦੇ ਧੁਰ ਹਿਰਦੇ ਤਕ ਪਹੁੰਚਾ ਦਿੰਦੇ। ਇਹ ਉਹਨਾਂ ਦੀ ਮਹਾਨ ਉੱਚੀ ਪ੍ਰਤਿਭਾ ਅਤੇ ਬਾ-ਦਲੀਲ, ਮਿਠਾਸ ਭਰੀ ਬੋਲੀ ਅਤੇ ਸ਼ੈਲੀ ਦਾ ਕਮਾਲ ਸੀ :

**ਬੋਲਾਇਆ ਬੋਲੀ ਖਸਮ ਦਾ॥** *(ਸਿਰੀਰਾਗੁ ਮਹਲਾ ੫, ਪੰਨਾ 74)*

ਉਪਰੋਕਤ ਮਸਕੀਨ ਜੀ ਦਾ ਵਿਸ਼ੇਸ਼ ਗੁਣ ਸੀ। ਦੇਸ਼-ਵਿਦੇਸ਼ ਵਿਚ ਵੱਸਦੇ ਗੁਰਸਿੱਖਾਂ ਅੰਦਰ ਇਕ ਉਮਾਹ ਹਮੇਸ਼ਾ ਬਣਿਆ ਰਹਿੰਦਾ ਕਿ ਕਦੋਂ ਮਸਕੀਨ ਜੀ ਦੀ ਕਥਾ ਦਾ ਸਮਾਂ ਬਣੇ। ਗੁਰ-ਸੰਗਤਾਂ ਉਸ ਸਮੇਂ ਦੀ ਉਡੀਕ ਕਰਦੀਆਂ ਰਹਿੰਦੀਆਂ। ਉਹਨਾਂ ਦੀ ਰਸਨਾ ਤੋਂ ਵਿਚਾਰਾਂ ਦਾ ਦੁਹਰਾਓ ਇਕੇਵਾਂ ਜਾਂ

ਥਕੇਵਾਂ ਨਹੀਂ ਸੀ ਬਣਦਾ ਸਗੋਂ ਕਥਾ ਨੂੰ ਹੋਰ ਸੁਆਦਲਾ ਬਣਾ ਕੇ ਸਰੋਤੇ ਦੀ ਸੁਰਤ ਨੂੰ ਕਥਾ ਰਸ ਅੰਦਰ ਡੁਬੋ ਦਿੰਦਾ। ਜਦੋਂ ਕਦੇ ਕੋਈ ਤਰਕਬਾਜ਼ ਕਹਿ ਦਿੰਦਾ ਕਿ ਮਸਕੀਨ ਜੀ ਦੇ ਵਿਚਾਰਾਂ ਅੰਦਰ ਬਾਰ-ਬਾਰ ਦਾ ਦੁਹਰਾਓ ਸਾਹਿਤ ਦੇ ਨਿਯਮਾਂ ਮੁਤਾਬਿਕ ਦੋਸ਼ ਬਣ ਜਾਂਦਾ ਹੈ ਤਾਂ ਆਪ ਜੀ ਮੋੜਵਾਂ ਉੱਤਰ ਦਿੰਦੇ ਕਿ ਦੁਹਰਾਓ ਹੀ ਤਾਂ ਜ਼ਿੰਦਗੀ ਦਾ ਵਹਾਅ ਹੈ, ਜੀਵਨ ਦਾ ਸਿਧਾਂਤ ਹੈ। ਮਨੁੱਖ ਦੇ ਸੁਆਸ ਬਾਰ-ਬਾਰ ਆ ਜਾ ਰਹੇ ਹਨ। ਖ਼ੂਨ ਸਾਰੇ ਸਰੀਰ ਅੰਦਰ ਬਾਰ-ਬਾਰ ਗਰਦਿਸ਼ ਕਰ ਰਿਹਾ ਹੈ। ਨਬਜ਼ ਬਾਰ-ਬਾਰ ਚੱਲ ਰਹੀ ਹੈ। ਦਿਲ ਬਾਰ-ਬਾਰ ਧੜਕ ਰਿਹਾ ਹੈ। ਇਹ ਦੁਹਰਾਓ ਹੀ ਤਾਂ ਜੀਵਨ ਦੇ ਰਿਹਾ ਹੈ। ਗੁਰ-ਮੰਤਰ ਦਾ ਬਾਰ-ਬਾਰ ਜਪ, ਦੁਹਰਾਓ ਹੀ ਆਤਮਿਕ ਆਨੰਦ ਅੰਦਰ ਤਾਰੀਆਂ ਲਗਾ ਦਿੰਦਾ ਹੈ। ਇਸ ਨਾਲ ਹੀ ਪਰਮ ਰਸ ਤੇ ਪਰਮ ਜੀਵਨ ਮਿਲਦਾ ਹੈ। ਆਸਾ ਜੀ ਦੀ ਵਾਰ ਰੋਜ਼ ਹੀ ਅੰਮ੍ਰਿਤ ਵੇਲੇ ਗਾਈ ਜਾਂਦੀ ਹੈ ਅਤੇ ਹਰ ਰੋਜ਼ "ਸਾਹਿਬੁ ਮੇਰਾ ਨੀਤ ਨਵਾ" ਦੇ ਦਰਸ਼ਨ ਹੁੰਦੇ ਹਨ।

ਗੁਰ-ਸ਼ਬਦ ਦੀ ਕਮਾਈ ਦੇ ਪ੍ਰਤਾਪ ਦੁਆਰਾ ਹੀ ਆਪ ਜੀ ਦੀ ਕਥਾ ਦਾ ਅਮਿੱਟ ਪ੍ਰਭਾਵ ਹਰੇਕ ਹਿਰਦੇ ਉਪਰ ਅਸਰ ਕਰ ਜਾਂਦਾ ਸੀ। ਉਂਜ ਤਾਂ ਟੈਲੀਵਿਯਨ, ਵੀ.ਸੀ.ਡੀ., ਟੇਪਾਂ ਰਾਹੀਂ ਵੀ ਕਥਾ-ਕੀਰਤਨ ਦੇ ਪ੍ਰਵਾਹ ਚੱਲ ਰਹੇ ਹਨ। ਇਹ ਤਾਂ ਸਿਰਫ਼ ਇਲੈਕਟ੍ਰੋਨਿਕ ਮੀਡੀਆ ਹੈ, ਜੋ ਸਿਰਫ਼ ਪ੍ਰਚਾਰ ਦਾ ਸਾਧਨ ਹਨ। ਨਾ ਇਹਨਾਂ ਅੰਦਰ ਹਿਰਦਾ ਹੈ, ਨਾ ਸ਼ਰਧਾ-ਵਿਸ਼ਵਾਸ ਭਰਿਆ ਦਿਲ। ਭਗਤੀ ਭਾਵਨਾ ਬਗ਼ੈਰ ਮਸ਼ੀਨਾਂ ਹਨ, ਜੋ ਚੱਲ ਰਹੀਆਂ ਹਨ। ਇਸੇ ਤਰ੍ਹਾਂ ਜਿਹਨਾਂ ਮਨੁੱਖਾਂ ਦੇ ਹਿਰਦੇ ਵੀ ਭਗਤੀ ਰਸ ਤੋਂ ਖ਼ਾਲੀ ਹਨ, ਉਹਨਾਂ ਦੀ ਰਸਨਾ ਤੋਂ ਕਥਾ-ਕੀਰਤਨ ਦਾ ਕੋਈ ਖ਼ਾਸ ਪ੍ਰਭਾਵ ਨਹੀਂ ਪੈਂਦਾ। ਕਿਸੇ ਵਿਚਾਰਵਾਨ ਨੇ ਠੀਕ ਕਿਹਾ ਹੈ:

ਬਾਤ ਬਾਤ ਮੇਂ ਅੰਤਰ ਨਹੀਂ,
ਜੀਵਨ ਜੀਵਨ ਮੇਂ ਅੰਤਰ ਹੈ।

ਉਂਜ ਤਾਂ ਇੱਲ ਦੀ ਪਰਵਾਜ਼/ਉਡਾਰੀ ਵੀ ਬਹੁਤ ਉੱਚੀ ਹੁੰਦੀ ਹੈ, ਪਰ ਮੁਰਦਾਰ ਵੇਖਦਿਆਂ ਉਡਾਰੀਆਂ ਭੁੱਲ ਜਾਂਦੀਆਂ ਹਨ। ਦਰਅਸਲ ਉਸ ਦੀਆਂ ਉਡਾਰੀਆਂ ਤਾਂ ਸ਼ਿਕਾਰ ਦੀ ਭਾਲ ਵਾਸਤੇ ਹੀ ਸਨ। ਗੁਰਵਾਕ ਹੈ:

**ਫਿਰਦੀ ਫਿਰਦੀ ਦਹ ਦਿਸਾ ਜਲ ਪਰਬਤ ਬਨਰਾਇ ॥**
**ਜਿਥੈ ਡਿਠਾ ਮਿਰਤਕੋ ਇਲ ਬਹਿਠੀ ਆਇ ॥** *(ਮ: ੫, ਪੰਨਾ 322)*

ਕਥਾ-ਕੀਰਤਨ ਨੂੰ ਵੀ ਕਈਆਂ ਨੇ ਚੰਗੀ ਕਮਾਈ ਦਾ ਸਾਧਨ ਬਣਾਇਆ

ਹੋਇਆ ਹੈ, ਨਾ ਕਿ ਪ੍ਰਚਾਰ ਸੇਵਾ ਵਾਲੀ ਲਗਨ। ਗੁਰੂ ਅਰਜਨ ਦੇਵ ਜੀ ਨੇ ਇਸ ਤਰ੍ਹਾਂ ਦੀ ਸੋਚ ਰੱਖਣ ਵਾਲਿਆਂ ਨੂੰ ਸੁਚੇਤ ਕਰਦਿਆਂ ਫ਼ੁਰਮਾਇਆ ਹੈ :

**ਰਹਤ ਅਵਰ ਕਛੁ ਅਵਰ ਕਮਾਵਤ ॥**
**ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥**
**ਜਾਨਨਹਾਰ ਪ੍ਰਭੂ ਪਰਬੀਨ ॥**
**ਬਾਹਰਿ ਭੇਖ ਨ ਕਾਹੂ ਭੀਨ ॥** *(ਗਉੜੀ ਸੁਖਮਨੀ ਮ: ੫, ਪੰਨਾ 269)*

ਪਰਮਾਤਮਾ ਭੇਖ ਆਡੰਬਰ 'ਤੇ ਕਦੇ ਨਹੀਂ ਰੀਝਦਾ। ਭੇਖ ਦਾ ਸਹਾਰਾ ਤਾਂ ਨਾਮ ਅਭਿਆਸ ਤੋਂ ਖ਼ਾਲੀ ਹਿਰਦਿਆਂ ਵਾਲਿਆਂ ਨੂੰ ਲੈਣਾ ਪੈਂਦਾ ਹੈ। ਸਾਹਿਬੇ-ਕਮਾਲ ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੇ ਹੀ ਭੇਖਧਾਰੀਆਂ ਦੀ ਮਾਨਸਿਕਤਾ ਤੋਂ ਪਰਦਾ ਜ਼ਰਾ ਕੁ ਸਿਰਕਾਇਆ ਹੈ ਕਿ ਮਨੁੱਖ ਭੇਖ ਦਾ ਆਸਰਾ ਕਿਉਂ ਲੈਂਦਾ ਹੈ ? ਕਿਉਂਕਿ ਲੋਕਾਂ ਨੂੰ ਪ੍ਰਭਾਵਿਤ ਕਰਨਾ ਹੈ। ਸਾਧਾਰਨ ਸ਼ਰਧਾਲੂਆਂ ਉਪਰ ਦਿਖਾਵੇ ਯੁਕਤ ਰੂਹਾਨੀਅਤ ਦਾ ਪ੍ਰਭਾਵ ਪਾਉਣਾ ਹੈ ਪਰ ਆਪਣਾ ਹਿਰਦਾ ਸ਼ੁਭ ਗੁਣਾਂ ਤੋਂ ਸੱਖਣਾ ਹੁੰਦਾ ਹੈ। ਗੁਰੂ ਸਾਹਿਬ ਦਾ ਬਾ-ਕਮਾਲ ਬਚਨ ਹੈ :

**ਭੇਖ ਦਿਖਾਇ ਜਗਤ ਕੋ ਲੋਗਨ ਕੋ ਬਸਿ ਕੀਨ ॥**
**ਅੰਤ ਕਾਲ ਕਾਤੀ ਕਟਿਓ ਬਾਸੁ ਨਰਕ ਮੋ ਲੀਨ ॥** *(ਬਚਿੱਤ੍ਰ ਨਾਟਕ)*

ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਭੇਖ ਨੂੰ ਸਿਰਫ਼ ਪ੍ਰਚਾਰ ਦਾ ਇਕ ਸਾਧਨ ਬਣਾਇਆ ਸੀ। ਇਹ ਸਾਧਨ ਉਹਨਾਂ ਨੇ ਉਦਾਸੀਆਂ ਭਾਵ ਪ੍ਰਚਾਰ ਦੌਰਿਆਂ ਦੌਰਾਨ ਵਰਤਿਆ। ਪ੍ਰਚਾਰ ਦੌਰਿਆਂ ਤੋਂ ਬਾਅਦ ਵਾਪਸ ਆ ਕੇ ਕਰਤਾਰਪੁਰ ਸਾਹਿਬ ਵਿਖੇ ਇਸ ਸਾਧਨ (ਭੇਖ) ਨੂੰ ਪਾਸੇ ਕਰ ਛੱਡਿਆ। ਫਿਰ ਪ੍ਰਚਲਿਤ ਗ੍ਰਿਹਸਤੀਆਂ ਵਾਂਗ ਪਹਿਰਾਵਾ ਪਹਿਨ ਲਿਆ। ਮੌਸਮ ਦੇ ਅਨੁਕੂਲ ਲੋਕ-ਰਿਵਾਜੀ ਬਸਤਰ ਪਹਿਨ ਲਏ। ਅਠਾਰਾਂ ਸਾਲ ਕਰਤਾਰਪੁਰ ਸਾਹਿਬ ਵਿਖੇ ਅਮਲੀ ਰੂਪ 'ਚ ਸਿੱਖੀ ਜੀਵਨ-ਜਾਚ ਸਿਖਾਈ, ਜੋ ਪੂਰਨਿਆਂ ਵਾਂਗ ਸੀ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਕਿੰਨਾ ਵੱਡਾ ਪਰਉਪਕਾਰ ਕੀਤਾ ਹੈ। ਆਪ ਜੀ ਕਰਤਾਰਪੁਰ ਦੀ ਗੁਰੂ-ਕਰਨੀ ਦਰਸਾਉਂਦੇ ਹਨ :

**ਫਿਰਿ ਬਾਬਾ ਆਇਆ ਕਰਤਾਰ ਪੁਰਿ ਭੇਖੁ ਉਦਾਸੀ ਸਗਲ ਉਤਾਰਾ ॥**
**ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ ॥**
**ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ ॥**
**ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ ॥**
**ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਿਆਰਾ ॥**

**ਗਿਆਨ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ॥
ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥
ਗੁਰਮੁਖਿ ਭਾਰ ਅਥਰਬਣਿ ਤਾਰਾ॥੩੮॥੧॥**

*(ਵਾਰਾਂ ਭਾਈ ਗੁਰਦਾਸ ਜੀ)*

ਕੁਝ ਸਚਿਆਰੇ ਪੁਰਸ਼ ਸੁਤੇ-ਸਿੱਧ ਪਹਿਰਾਵਾ ਪਹਿਨਦੇ ਹਨ, ਲੋਕ ਉਸ ਨੂੰ ਭੇਖ ਸਮਝ ਕੇ ਪੂਜਣ ਲੱਗ ਪੈਂਦੇ ਹਨ।

ਮਸਕੀਨ ਜੀ ਨੇ ਕਿਸੇ ਵਿਸ਼ੇਸ਼ ਭੇਖ ਨੂੰ ਮਹੱਤਤਾ ਨਹੀਂ ਦਿੱਤੀ। ਕਮੀਜ਼, ਆਮ ਪਜਾਮੀ ਤੇ ਜੈਕਟ ਆਪ ਜੀ ਦਾ ਮਨ-ਪਸੰਦ ਲਿਬਾਸ ਰਿਹਾ ਹੈ। ਸਿਰ ਉਪਰ ਕਾਲੀ ਪੱਗ। ਇਹ ਪਹਿਰਾਵਾ ਆਪਣੀ ਨਿਰਾਲੀ ਦਿੱਖ ਭਰਪੂਰ ਸੀ। ਮੋਢੇ ਉਪਰ ਇਕ ਲੋਈ ਜਾਂ ਚਾਦਰ ਮੌਸਮ ਅਤੇ ਲੋੜ ਅਨੁਸਾਰ। ਉਹਨਾਂ ਦੇ ਸਿਖਿਆਰਥੀਆਂ ਅੰਦਰ ਇਹ ਇਕ ਵਰਦੀ ਵਾਂਗ ਪ੍ਰਸਿੱਧ ਹੋ ਗਈ ਜਿਵੇਂ ਕਿਸੇ ਸਕੂਲ ਦੀ ਯੂਨੀਫ਼ਾਰਮ ਹੋਵੇ, ਪਰ ਰੰਗ ਦੀ ਬੰਦਸ਼ ਕੋਈ ਨਹੀਂ।

ਹਾਂ, ਇਕ-ਦੋ ਵਿਦਿਆਰਥੀਆਂ ਨੇ ਸੰਤ ਅਡੰਬਰ ਦੀ ਨਕਲ ਕਰਦਿਆਂ ਗੇਰੂਏ ਰੰਗ ਨਾਲ ਪੱਕੇ ਤੌਰ 'ਤੇ ਚੰਬੜਨ ਦੀ ਕੋਸ਼ਿਸ਼ ਜ਼ਰੂਰ ਕੀਤੀ, ਸਿਰਫ਼ ਮਾਇਆ ਦੀ ਮੋਹਣੀ ਕਲਾ ਕਰਕੇ, ਕਿਉਂਕਿ ਆਮ ਪ੍ਰੇਮੀ ਭੇਖ ਪੁਜਾਰੀ ਬਣ ਜਾਂਦੇ ਹਨ। ਸੁਆਰਥੀ ਮਨੁੱਖ ਭੇਖ, ਪਾਖੰਡ ਤੇ ਭਰਮ ਦੀ ਤ੍ਰਿਬੇਣੀ ਅੰਦਰ ਗੋਤੇ ਖਾਂਦੇ ਰਹਿੰਦੇ ਹਨ। ਮਸਕੀਨ ਜੀ ਨੇ ਤਾਂ ਗੁਣ-ਗ੍ਰਾਹਕ ਬਣਨ ਦੀ ਪ੍ਰੇਰਨਾ ਦਿੱਤੀ ਹੈ। ਆਪ ਜੀ ਸਾਰਾ ਜੀਵਨ ਭਰਮ ਭੇਖ ਤੇ ਅਡੰਬਰ ਤੋਂ ਗੁਰਮਤਿ ਦੀ ਨਿਆਰੀ ਜੀਵਨ ਜੁਗਤ ਅਨੁਸਾਰ ਨਿਰਲੇਪ ਤੇ ਨਿਆਰੇ ਰਹੇ। ਹਰ ਪ੍ਰਚਾਰਕ ਲਈ ਇਹ ਸਬਕ ਵੀ ਹੈ ਅਤੇ ਸੇਧ ਵੀ।

# ਪੂਰਬਲੀ ਕਮਾਈ

ਮਨੁੱਖ ਦੀ ਸੋਚ ਤੇ ਅਕਲ ਇਕ ਸੀਮਾ ਤਕ ਸੱਚ ਨੂੰ ਕਬੂਲ ਕਰਦੀ ਹੈ। ਸੀਮਾ ਤੋਂ ਬਾਹਰਲਾ ਸੱਚ ਅਕਲ ਲਈ ਸ਼ੱਕ ਬਣ ਜਾਂਦਾ ਹੈ। ਜੋ ਦਿੱਸਦਾ ਹੈ ਉਸ 'ਤੇ ਭਰੋਸਾ ਹੈ, ਪਰ ਜੋ ਦਿਖਾਈ ਨਹੀਂ ਦਿੰਦਾ ਉਸ ਲਈ ਅਕਲ ਇਨਕਾਰੀ ਹੋ ਜਾਂਦੀ ਹੈ। ਬੇਅੰਤ ਕੁਝ ਐਸਾ ਹੈ ਜੋ ਇਸ ਦੀ ਪਕੜ ਵਿਚ ਨਹੀਂ ਆਉਂਦਾ, ਬੇਸ਼ੱਕ ਇਹ ਮਨੁੱਖ ਉਸ ਨੂੰ ਪਕੜਨਾ ਵੀ ਚਾਹੇ। ਨਾਸਤਿਕ ਤਾਂ ਰੱਬੀ ਹੋਂਦ-ਹਸਤੀ ਤੋਂ ਇਨਕਾਰੀ ਹੈ ਹੀ, ਪਰ ਕੁਝ ਆਸਤਕ ਵੀ ਅਦ੍ਰਿਸ਼ ਦੁਨੀਆ ਨੂੰ ਅਕਲ ਦੀ ਕਸਵੱਟੀ 'ਤੇ ਪਰਖਣਾ ਚਾਹੁੰਦੇ ਹਨ।

ਧਾਰਮਿਕ ਦੁਨੀਆ ਦਾ ਸਫ਼ਰ ਗਿਆਨ, ਸ਼ਰਧਾ ਅਤੇ ਵਿਸ਼ਵਾਸ ਰਾਹੀਂ ਸ਼ੁਰੂ ਹੁੰਦਾ ਹੈ। ਅਕਸਰ ਮਸਕੀਨ ਜੀ ਇਸ ਸੰਬੰਧ ਵਿਚ ਵਿਚਾਰ ਦਿਆ ਕਰਦੇ ਸਨ ਕਿ ਮਨੁੱਖ ਵਸਤੂ ਪਹਿਲਾਂ ਦੇਖਦਾ ਹੈ, ਫਿਰ ਉਸ ਦਾ ਖ਼ਰੀਦਦਾਰ ਬਣਦਾ ਹੈ, ਪਰ ਧਰਮ ਦੀ ਯਾਤਰਾ ਇਸ ਦੇ ਉਲਟ ਹੈ। ਪਹਿਲਾਂ ਵਿਸ਼ਵਾਸ ਕਰਨਾ ਪੈਂਦਾ ਹੈ, ਫਿਰ ਦਿਖਾਈ ਦਿੰਦਾ ਹੈ। ਗੁਰੂ ਜੀ ਦਾ ਬਚਨ ਹੈ:

**ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥**
**ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥** *(ਗਉੜੀ ਸੁਖਮਨੀ ਮ: ੫, ਪੰਨਾ 285)*

ਤੱਤ ਦੀ ਪ੍ਰਾਪਤੀ ਬਾਅਦ 'ਚ ਹੈ। ਸੁਆਦ ਬਾਅਦ 'ਚ ਆਉਂਦਾ ਹੈ, ਭੋਜਨ ਦੀ ਬੁਰਕੀ ਤਾਂ ਪਹਿਲਾਂ ਮੂੰਹ ਵਿਚ ਰੱਖਣੀ ਪੈਂਦੀ ਹੈ। ਬਿਨਾਂ ਭੋਜਨ ਮੂੰਹ ਅੰਦਰ ਬੁਰਕੀ ਦਾ ਸੁਆਦ ਕਿਵੇਂ ਆਵੇਗਾ ? ਪ੍ਰੀਤ ਤੇ ਪ੍ਰਤੀਤ ਦੇ ਅੰਦਰ ਹੀ ਮਿਲਾਪ ਦੀ ਧਾਰਾ ਵਹਿੰਦੀ ਹੈ।

ਇਸੇ ਤਰ੍ਹਾਂ ਧਰਮ ਦੀ ਚੇਤਨਾ ਅਨੁਸਾਰ ਮਨੁੱਖੀ ਜੀਵਨ ਦੀ ਯਾਤਰਾ ਦਾ ਵੀ ਇਕ ਗਹਿਰਾ ਰਹੱਸ ਹੈ—ਪੂਰਬਲਾ ਜਨਮ। ਭਗਤਾਂ ਨੇ ਇਸ ਪੂਰਬਲੇ ਜਨਮ ਦੇ ਰਹੱਸ ਨੂੰ ਜਗਤ ਸਾਹਮਣੇ ਰੱਖਿਆ ਹੈ। ਗੁਰੂ ਸਾਹਿਬ ਜੀ ਨੇ ਖ਼ੁਲਾਸਾ ਕੀਤਾ ਹੈ, ਪੂਰਬਲੇ ਜਨਮਾਂ ਦੀ ਹੋਂਦ ਨੂੰ ਮੰਨਿਆ ਹੈ। ਪੂਰਬਲੇ ਕਰਮਾਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ। ਕੋਈ ਬਾਲਕ ਜਨਮ ਤੋਂ ਹੀ ਅੰਨ੍ਹਾ ਜਾਂ

ਅਪਾਹਜ ਹੈ ਤਾਂ ਕੀ ਕਹਾਂਗੇ? ਇਸ ਦੁਨੀਆ ਅੰਦਰ ਤਾਂ ਉਸ ਦੀ ਕਰਮ ਯਾਤਰਾ ਅਜੇ ਸ਼ੁਰੂ ਹੋਣੀ ਹੈ। ਇਹ ਕਿਸ ਕਰਮ ਦਾ ਫਲ ਹੈ, ਤਾਂ ਮੰਨਣਾ ਪਵੇਗਾ ਕਿ ਕੋਈ ਪੂਰਬਲੇ ਜਨਮ ਦਾ ਲੈਣ-ਦੇਣ ਹੋਵੇਗਾ। ਸੰਸਾਰ ਦੇ ਸੰਬੰਧੀ ਵੀ ਇਸੇ ਧਾਰਨਾ ਵਿਸ਼ਵਾਸ ਅਨੁਸਾਰ ਜੁੜੇ ਹਨ:

**ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥**

*(ਜੈਤਸਰੀ ਮਹਲਾ ੫, ਪੰਨਾ 700)*

ਭਗਤ ਵੀ ਇਸੇ ਨਿਯਮ ਅਨੁਸਾਰ ਆਪਣੀ ਪ੍ਰਭੂ ਮਿਲਾਪ ਦੀ ਅਧੂਰੀ ਰਹਿ ਗਈ ਯਾਤਰਾ ਨੂੰ ਸੰਪੂਰਨ ਕਰਨ ਲਈ ਮਨੁੱਖਾ ਸਰੀਰ ਪ੍ਰਾਪਤ ਕਰਦੇ ਹਨ। ਭਗਤ ਸ਼ਿਰੋਮਣੀ ਕਬੀਰ ਜੀ ਨੇ ਸਪੱਸ਼ਟ ਫ਼ੁਰਮਾਇਆ ਹੈ:

**ਪੂਰਬ ਜਨਮ ਹਮ ਤੁਮ੍ਹਰੇ ਸੇਵਕ ਅਬ ਤਉ ਮਿਟਿਆ ਨ ਜਾਈ॥**
**ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ॥**

*(ਰਾਮਕਲੀ ਬਾਣੀ ਕਬੀਰ ਜੀਉ ਕੀ, ਪੰਨਾ 970)*

ਹੇ ਪ੍ਰਭੂ ਜੀ! ਅਸੀਂ ਤਾਂ ਤੇਰੇ ਪਹਿਲਾਂ ਵੀ ਸੇਵਕ ਸਾਂ, ਹੁਣ ਤਾਂ ਉਸ ਪਿਆਰ ਨੂੰ ਤਿਆਗਿਆ ਨਹੀਂ ਜਾ ਸਕਦਾ। ਮਸਕੀਨ ਜੀ ਕਹਿੰਦੇ ਸਨ ਕਿ ਵਡਭਾਗੀ ਪੁਰਸ਼ ਦੇ ਹਿਰਦੇ ਅੰਦਰ ਪਰਮਾਤਮਾ ਨੂੰ ਮਿਲਣ ਦੀ ਪਿਆਸ ਤਾਂ ਬਣ ਗਈ, ਪਰ ਮਿਲਾਪ ਰੂਪੀ ਜਲ ਪ੍ਰਾਪਤ ਹੋਣ ਤੋਂ ਪਹਿਲਾਂ ਸੁਆਸਾਂ ਦੀ ਪੂੰਜੀ ਮੁੱਕ ਗਈ। ਯਾਤਰਾ ਅੱਧਵਾਟੇ ਹੀ ਰਹਿ ਗਈ। ਇਹ ਭਗਤ-ਆਤਮਾ ਬੰਧਨਾਂ 'ਚ ਤਾਂ ਨਹੀਂ, ਪਰ ਉਡੀਕ ਕਰਦੀ ਹੈ ਮਨੁੱਖਾ ਸਰੀਰ ਦੀ। ਕਿਸੇ ਪਵਿੱਤਰ ਮਾਂ ਤੇ ਪਵਿੱਤਰ ਬਾਪ ਨੂੰ ਸਾਧਨ ਬਣਾ ਕੇ ਇਹ ਆਤਮਾ ਫਿਰ ਦੁਰਲੱਭ ਮਨੁੱਖੀ ਜਾਮੇ ਅੰਦਰ ਬਾਲ ਰੂਪ 'ਚ ਪ੍ਰਵੇਸ਼ ਕਰਦੀ ਹੈ, ਪਰ ਉਸ ਨੂੰ ਉਡੀਕ ਲੰਮੀ ਕਰਨੀ ਪੈਂਦੀ ਹੈ। ਅਜੋਕੇ ਸਮੇਂ ਅੰਦਰ ਐਸੇ ਮਾਂ-ਬਾਪ ਮਿਲਣੇ ਮੁਸ਼ਕਲ ਹੋ ਰਹੇ ਹਨ। ਓਨਾ ਚਿਰ ਐਸੀਆਂ ਨਾਮ-ਰਸਿਕ ਰੂਹਾਂ ਕਥਾ-ਕੀਰਤਨ ਦਾ ਆਨੰਦ ਅਦ੍ਰਿਸ਼ ਸੂਖਮ ਦੁਨੀਆ ਅੰਦਰ ਵਿਚਰਦਿਆਂ ਮਾਣਦੀਆਂ ਹਨ।

ਸ਼ਮਸ ਤਬਰੇਜ਼ ਨੇ ਆਪਣੇ ਸੰਬੰਧ 'ਚ ਐਸਾ ਕਿਹਾ ਹੈ:

ਬਾਜ਼ ਆਮਦਮ ਬਾਜ਼ ਆਮਦਮ। ਤਾ ਯਾਰ ਰਾ ਮਹਿਮਾ ਕੁਨਮ।

ਮੈਂ ਫੇਰ ਆਇਆ। ਮੈਂ ਫੇਰ ਆਇਆ ਤਾਂ ਜੁ ਮਿੱਤਰ ਨੂੰ ਆਪਣਾ ਮਹਿਮਾਨ ਬਣਾ ਸਕਾਂ।

ਆਦਮ ਨ ਬੂਦੋ ਮਨ ਬੂਦਮ। ਹੱਵਾ ਨ ਬੂਦੋ ਮਨ ਬੂਦਮ।
ਈਂ ਕਸ ਨ ਬੂਦੋ ਮਨ ਬੂਦਮ। ਮਨ ਆਸ਼ਕਿ ਦੇਰੀ ਨਾ ਆਮ।

ਬਾਬਾ ਆਦਮ ਤੇ ਮਾਈ ਹੱਵਾ ਅਤੇ ਹੋਰ ਕੋਈ ਵੀ ਬੰਦਾ ਨਹੀਂ ਸੀ। ਹੇ ਪ੍ਰਭੂ!

ਮੈਂ ਸਾਂ। ਮੈਂ ਤੇਰਾ ਪੁਰਾਣਾ ਬੇਲੀ ਹਾਂ। ਭਾਈ ਸਾਹਿਬ ਭਾਈ ਨੰਦ ਲਾਲ ਜੀ ਨੇ ਵੀ ਕੈਸਾ ਖ਼ੂਬ ਖ਼ਿਆਲ ਚਿਤਰਿਆ ਹੈ ਕਿ ਅਕਾਲ ਪੁਰਖ ਸਰੂਪ ਸਤਿਗੁਰੂ ਜੀ! ਤੇਰੀ ਬੰਦਗੀ (ਸੇਵਾ) ਹੀ ਖਿੱਚ ਕੇ ਲਿਆਈ ਹੈ, ਹੁਣ ਇਸ ਸਰੀਰ ਵਿਚ ਆਉਣ ਦੀ ਜ਼ਰੂਰਤ ਮੈਨੂੰ ਕੋਈ ਨਹੀਂ ਸੀ:

> ਹਵਾਇ ਬੰਦਗੀ ਅਵੁਰਦ ਦਰ ਵਜੂਦਿ ਮਰਾ।
> ਵਗਰਨਹ ਜ਼ੌਕਿ ਚੁਨੀਂ ਆਮਦਨ ਨਾ ਬੂਦ ਮਰਾ।

ਇੰਜ ਇਹ ਵਿਸਮਾਦੀ ਮੰਡਲਾਂ ਦੀ ਇਕ ਰਹੱਸਮਈ ਖੇਡ ਹੈ। ਅਨੇਕਾਂ ਹਕੀਕਤਾਂ ਦੇ ਸਨਮੁਖ ਮਨੁੱਖ ਨੂੰ ਸਵੀਕਾਰ ਕਰਨ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ ਕਿ ਮੇਰੀ ਅੱਖ ਤੇ ਅਕਲ ਦੀ ਪਹੁੰਚ ਤੋਂ ਬਾਹਰ ਬੇਅੰਤ ਕੁਝ ਹੋ ਰਿਹਾ ਹੈ। ਸਿਰਜਣਹਾਰ ਨੇ ਇਸ ਮਨੁੱਖ ਦੀ ਅਕਲ ਤੋਂ ਪਰੇ ਦੀ ਅਦ੍ਰਿਸ਼ ਦੁਨੀਆ ਵੀ ਵਸਾਈ ਹੋਈ ਹੈ, ਜਿਸ ਦੀ ਹੋਂਦ ਇਕ ਨਾ ਇਕ ਦਿਨ ਮਨੁੱਖ ਨੂੰ ਮੰਨਣੀ ਹੀ ਪਵੇਗੀ।

ਮਸਕੀਨ ਜੀ ਘੰਟਿਆਂ-ਬੱਧੀ ਇਕ-ਰਸ ਕਥਾ ਦੀ ਵਰਖਾ ਕਰਦੇ ਰਹਿੰਦੇ ਸਨ ਅਤੇ ਮਹੀਨਿਆਂ-ਬੱਧੀ ਇਕ ਪੰਕਤੀ ਦੀ ਅਗਾਧ ਬੋਧ ਵਿਚਾਰ ਖੋਹਲਦੇ ਰਹਿੰਦੇ ਸਨ। ਸਰੋਤਿਆਂ ਦੇ ਮਨਾਂ ਅੰਦਰ ਹਮੇਸ਼ਾ ਇਹ ਜਗਿਆਸਾ ਬਣੀ ਰਹਿੰਦੀ ਸੀ ਕਿ ਅੱਗੇ ਕੀ ਹੋਇਆ। ਸੁਣਦਿਆਂ-ਸੁਣਦਿਆਂ ਸਰੋਤਾ ਥੱਕ ਜਾਂਦਾ ਸੀ, ਪਰ ਸੁਣਾਂਦਿਆਂ-ਸੁਣਾਂਦਿਆਂ ਮਸਕੀਨ ਜੀ ਥੱਕਦੇ ਨਹੀਂ ਸਨ। ਉਹਨਾਂ ਦੀ ਯਾਦਾਸ਼ਤ ਦਾ ਵੀ ਕੋਈ ਮੁਕਾਬਲਾ ਨਹੀਂ ਹੈ। ਅਸੀਂ ਜਦ ਆਪ ਜੀ ਤੋਂ ਪੁੱਛਣਾ ਕਿ ਸਾਨੂੰ ਵੀ ਯਾਦਾਸ਼ਤ ਵਧਾਉਣ ਦਾ ਕਿਰਪਾ ਕਰਕੇ ਕੋਈ ਨੁਸਖ਼ਾ ਦੱਸੋ ਤਾਂ ਆਪ ਜੀ ਨੇ ਕਹਿਣਾ ਕਿ ਸ਼ਬਦ ਜਾਪ ਹੀ ਦਵਾਈ ਹੈ। ਸ਼ਬਦ ਅੰਦਰ ਧਿਆਨ ਦੀ ਇਕਾਗਰਤਾ ਤੋਂ ਵੱਡੀ ਹੋਰ ਕੋਈ ਦਵਾਈ ਨਹੀਂ। ਧਿਆਨ ਜਿਉਂ ਜਿਉਂ ਗਹਿਰਾ ਹੁੰਦਾ ਜਾਵੇਗਾ, ਤਿਉਂ ਤਿਉਂ ਪੂਰਬਲੀ ਸੋਝੀ ਸਾਖਸ਼ਾਤ ਹੁੰਦੀ ਜਾਵੇਗੀ।

ਮਸਕੀਨ ਜੀ ਨੂੰ ਇਹ ਵਰਦਾਨ ਗੁਰੂ-ਚਰਨਾਂ 'ਚੋਂ ਨਸੀਬ ਹੋਇਆ ਸੀ। ਇਹ ਕੋਈ ਇਸੇ ਜਨਮ ਦੀ ਘਾਲ ਦਾ ਫਲ ਨਹੀਂ ਸੀ, ਸਗੋਂ ਪੂਰਬਲੇ ਜਨਮ ਦੀਆਂ ਮੁਸ਼ੱਕਤਾਂ ਸਾਥ ਸਨ। ਮਸਕੀਨ ਜੀ ਦੇ ਪੂਜਨੀਯ ਪਿਤਾ ਸ: ਕਰਤਾਰ ਸਿੰਘ ਜੀ ਅਤੇ ਪੂਜਨੀਯ ਮਾਤਾ ਰਾਮ ਕੌਰ ਜੀ ਦੇ ਗ੍ਰਹਿ ਵਿਖੇ ਪਹਿਲੀ ਸੰਤਾਨ ਸਪੁੱਤਰੀ ਦੇ ਰੂਪ ਵਿਚ ਪ੍ਰਾਪਤ ਹੋਈ, ਜਿਸ ਦਾ ਨਾਮ ਸੁਜਾਨ ਕੌਰ ਰੱਖਿਆ ਗਿਆ। ਸਪੁੱਤਰੀ ਤੋਂ ਬਾਅਦ ਕੁਲ ਚਰਾਗ਼ ਦੀ ਚਾਹਤ ਨੇ ਲੰਬਾ ਸਮਾਂ ਇੰਤਜ਼ਾਰ ਕਰਵਾਇਆ। ਦੇਸ਼ ਦੀ ਵੰਡ ਤੋਂ ਪਹਿਲਾਂ ਮਸਕੀਨ ਜੀ ਦੇ ਮਾਤਾ-ਪਿਤਾ ਜੀ ਬੰਨੋ ਡਿਸਟ੍ਰਿਕ 'ਚ ਪਿੰਡ ਲੱਖੀ ਮਰੱਵਤ ਵਿਖੇ ਰਹਿੰਦੇ ਸਨ। ਉਸ ਇਲਾਕੇ ਦੇ ਡਾਕਘਰ ਅੰਦਰ ਇਕ ਨਾਮ-ਰਸਿਕ ਗੁਰਬਾਣੀ-ਅਭਿਆਸੀ ਪੁਰਸ਼

ਬਤੌਰ ਮੁਲਾਜ਼ਮ ਸਨ। ਉਹਨਾਂ ਦੀ ਰੂਹਾਨੀ ਅਵਸਥਾ ਸਤਿਗੁਰੂ ਜੀ ਨੇ ਬਹੁਤ ਉੱਚੀ ਬਣਾ ਦਿੱਤੀ ਸੀ। ਰੂਹਾਨੀ ਮੰਡਲਾਂ ਅੰਦਰ ਇਕ ਐਸਾ ਪੜਾਅ ਆਉਂਦਾ ਹੈ ਜਿਥੇ ਪਹੁੰਚ ਕੇ ਅਭਿਆਸੀ ਜੋ ਚਾਹੇ ਕਰ ਸਕਦਾ ਹੈ। ਜੈਸੇ ਬਾਬਾ ਅਟੱਲ ਰਾਇ ਜੀ ਗੁਰੂ ਪਿਤਾ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਬਚਨ ਸੁਣ ਕੇ ਸ੍ਵੈ-ਇੱਛਾ ਅਨੁਸਾਰ ਸਰੀਰ ਤਿਆਗ ਗਏ ਸਨ। ਫਿਰ ਬਾਬਾ ਗੁਰਦਿੱਤਾ ਜੀ ਨੇ ਵੀ ਐਸਾ ਹੀ ਕੀਤਾ ਅਤੇ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪਿਆਰੇ ਸਿੱਖ ਭਾਈ ਜੀਵਨ ਜੀ ਨੇ ਵੀ ਸ੍ਵੈ-ਇੱਛਾ ਅਨੁਸਾਰ ਸਰੀਰ ਤਿਆਗ ਦਿੱਤਾ ਸੀ।

ਡਾਕਖ਼ਾਨੇ ਵਾਲੇ ਰੂਹਾਨੀ ਮੰਡਲਾਂ ਦੇ ਵਾਸੀ ਗੁਰਮੁਖ ਦੀ ਵਡਿਆਈ ਦੂਰ-ਦੂਰ ਤਕ ਪਸਰ ਗਈ। ਫੁੱਲਾਂ ਅੰਦਰ ਸੁਗੰਧੀ ਆਉਂਦਿਆਂ ਹੀ ਭੌਰਿਆਂ ਨੂੰ ਸੁਨੇਹੇ ਮਿਲ ਜਾਂਦੇ ਹਨ। ਭਾਈ ਵੀਰ ਸਿੰਘ ਜੀ ਦੇ ਛੁਪੇ ਰਹਿਣ ਦੀ ਚਾਹ ਇਸੇ ਅਵਸਥਾ ਦਾ ਪ੍ਰਗਟਾਵਾ ਹੈ :

ਮੇਰੀ ਛੁਪੇ ਰਹਿਣ ਦੀ ਚਾਹ ਤੇ ਛੁਪ ਟੁਰ ਜਾਣ ਦੀ,
ਹਾਇ! ਪੂਰੀ ਹੁੰਦੀ ਨਾਂਹ ਮੈਂ ਤਰਲੇ ਲੈ ਰਿਹਾ।

ਮਸਕੀਨ ਜੀ ਦੇ ਮਾਤਾ-ਪਿਤਾ ਜੀ ਨੇ ਉਸ ਗੁਰਸਿੱਖ ਨੂੰ ਆਪਣੀ ਪੁੱਤਰ-ਚਾਹਤ ਬਾਰੇ ਦੱਸਿਆ ਤਾਂ ਉਹ ਗੁਰੂ ਪਿਆਰਾ ਖ਼ਾਮੋਸ਼ ਰਿਹਾ। ਦੂਜੇ ਦਿਨ ਫਿਰ ਬੇਨਤੀ ਕੀਤੀ ਗਈ ਕਿ ਗੁਰੂ-ਚਰਨਾਂ 'ਚ ਅਰਦਾਸ ਕਰੋ। ਤੀਜੇ ਦਿਨ ਉਹ ਗੁਰਮੁਖ ਸਰੀਰ ਦਾ ਚੋਲਾ ਬਦਲ ਗਿਆ। ਪ੍ਰਭੂ ਜੁਗਤ ਅਨੁਸਾਰ ਇਕ ਨਵੇਂ ਸਰੀਰ ਦੀ ਘਾੜਤ ਘੜੀ ਗਈ। ਗੁਰਬਾਣੀ ਜਾਪ ਦੀ ਭੁੱਖ, ਪਿਆਸ, ਸ਼ਰਧਾ, ਵਿਸ਼ਵਾਸ ਤੇ ਕ੍ਰਿਪਾਲੂ ਸੁਭਾਅ ਜਨਮ ਦੇ ਨਾਲ ਹੀ ਆਏ। ਭੈਣ ਸੁਜਾਨ ਕੌਰ ਨੇ ਵੀਰ ਸੰਤ ਸਿੰਘ ਨੂੰ ਰੱਜ-ਰੱਜ ਕੇ ਖਿਡਾਇਆ। ਹਾਲਾਤ ਨੇ ਮੋੜ ਖਾਧੇ; ਸਮੇਂ ਨੇ ਕਰਵਟਾਂ ਲਈਆਂ। ਅੰਨ-ਜਲ ਨੇ ਸਥਾਨ ਬਦਲਵਾਏ; ਕਿਰਤ ਨੇ ਅੱਗੇ ਤੋਰਿਆ, ਪਰ ਗੁਰੂ ਜੀ ਦੀ ਕੀਰਤੀ ਹਮੇਸ਼ਾ ਮਸਕੀਨ ਜੀ ਦੀ ਰਸਨਾ ਗਾਇਨ ਕਰਦੀ ਰਹੀ। ਜਿਥੇ ਆਪ ਜੀ ਦੀ ਰਸਨਾ ਤੋਂ ਸਤਿਗੁਰੂ ਜੀ ਦੀ ਕਥਾ ਸੰਗਤਾਂ ਮੰਤਰ-ਮੁਗਧ ਹੋ ਕੇ ਸੁਣਦੀਆਂ, ਉਥੇ ਆਪ ਜੀ ਦੇ ਅੰਦਰੋਂ ਦਿਨ-ਰਾਤ ਕਥਾ ਦੇ ਵਗਦੇ ਝਰਨੇ ਨੂੰ ਵੇਖ ਕੇ ਵੀ ਵਿਸਮਾਦ ਹੋ ਜਾਂਦੀਆਂ। ਈ.ਟੀ.ਸੀ. ਪੰਜਾਬੀ ਚੈਨਲ ਨੇ ਉਹਨਾਂ ਨੂੰ 'ਗਿਆਨ ਦਾ ਸਾਗਰ' ਕਹਿ ਕੇ ਜਗਤ ਸਾਹਮਣੇ ਲਿਆਂਦਾ। ਗੁਰਵਾਕ ਹੈ :

**ਧਨੁ ਜਨਨੀ ਜਿਨਿ ਜਾਇਆ ਧੰਨੁ ਪਿਤਾ ਪਰਧਾਨੁ ॥**
**ਸਤਗੁਰੁ ਸੇਵਿ ਸੁਖੁ ਪਾਇਆ ਵਿਚਹੁ ਗਇਆ ਗੁਮਾਨੁ ॥**

*(ਸਿਰੀਰਾਗੁ ਮਹਲਾ ੩, ਪੰਨਾ 32)*

# ਮਸਕੀਨ ਜੀ ਵੱਲੋਂ ਇਕ ਦਰਵੇਸ਼ ਨਾਲ ਅਨੋਖਾ ਪਿਆਰ

ਰੂਹਾਨੀਅਤ ਦੀ ਦੁਨੀਆ ਵੀ ਕੇਹੀ ਵਿਸਮਾਦੀ ਹੈ। ਮਨੁੱਖ ਦੀ ਸੁਰਤ ਜਦੋਂ ਇਸ ਦੁਨੀਆ ਅੰਦਰ ਪ੍ਰਵੇਸ਼ ਕਰਦੀ ਹੈ ਤਾਂ ਰਸ-ਰਸ ਹੋ ਜਾਂਦੀ ਹੈ। ਦੇਸ਼-ਕਾਲ, ਅਮੀਰੀ-ਗ਼ਰੀਬੀ, ਨਸਲ-ਗੋਤ, ਰੂਪ-ਰੰਗ ਆਦਿ ਦੀਆਂ ਸਾਰੀਆਂ ਹੱਦਾਂ ਮਿੱਟ ਜਾਂਦੀਆਂ ਹਨ। ਲੋਕ-ਲਾਜ ਦੀਆਂ ਦੀਵਾਰਾਂ ਢਹਿ-ਢੇਰੀ ਹੋ ਜਾਂਦੀਆਂ ਹਨ। ਇਸ ਅਨੋਖੇ ਸੰਸਾਰ ਦੇ ਯਾਤਰੀ ਪੰਜ ਤੱਤਾਂ ਦੇ ਸਰੀਰ ਨੂੰ ਵੀ ਵਿੱਚ ਰੁਕਾਵਟ ਨਹੀਂ ਸਮਝਦੇ।

ਮਸਕੀਨ ਜੀ ਜਿਸ ਰੂਹਾਨੀਅਤ ਜ਼ਿੰਦਗੀ ਨੂੰ ਮਾਣ ਰਹੇ ਸਨ, ਉਸ ਦਾ ਅੰਦਾਜ਼ਾ ਲਗਾਉਣਾ ਵੀ ਅਲਪੱਗ ਜੀਵਾਂ ਦੇ ਵੱਸੋਂ ਬਾਹਰ ਹੈ। ਛੋਟੀ ਉਮਰ ਤੋਂ ਲੈ ਕੇ ਵਡੇਰੀ ਉਮਰ ਵਾਲੇ ਧਾਰਮਿਕ ਪੁਰਸ਼ਾਂ ਨੂੰ ਆਪ ਜੀ ਹਮੇਸ਼ਾ ਸਤਿਕਾਰ ਦਿਆ ਕਰਦੇ ਸਨ। ਆਪ ਜੀ ਦੇ ਪ੍ਰਚਾਰ ਵਹੀਰ ਵਿਚ ਇਕ ਬੇਪਰਵਾਹ, ਫ਼ਕੀਰਾਨਾ ਸੁਭਾਅ ਵਾਲੀ ਆਤਮਾ ਸੀ—ਬਾਬਾ ਲਛਮਣ ਸਿੰਘ ਜੀ। ਬਾਬਾ ਲਛਮਣ ਸਿੰਘ ਜੀ ਨੇ ਪੰਥ ਦੀਆਂ ਕਈ ਮਹਾਨ ਹਸਤੀਆਂ ਦੇ ਦਰਸ਼ਨ ਕੀਤੇ ਅਤੇ ਕੁਝ ਸਮਾਂ ਉਹਨਾਂ ਨਾਲ ਬਿਤਾਇਆ। ਨਿਰਮਲੇ ਸੰਤਾਂ ਦੀ ਸੰਗਤ, ਪੰਥਕ ਵਿਦਵਾਨਾਂ ਦਾ ਸੰਗ-ਸਾਥ ਤੇ ਹੁਣ ਮਸਕੀਨ ਜੀ ਦੇ ਵਹੀਰ ਅੰਦਰ ਵਿਚਰਨਾ ਸ਼ੁਰੂ ਕੀਤਾ। ਅਕਾਲ ਚਲਾਣੇ ਸਮੇਂ ਬਾਬਾ ਜੀ ਦੀ ਉਮਰ ਲਗਭਗ ਇਕ ਸੌ ਵੀਹ ਕੁ ਸਾਲਾਂ ਦੇ ਆਸ-ਪਾਸ ਹੋ ਗਈ ਸੀ। ਸਰੀਰ ਬੁਢਾਪੇ ਦੀ ਜਕੜ ਵਿਚ ਪੂਰੀ ਤਰ੍ਹਾਂ ਆ ਚੁੱਕਿਆ ਸੀ, ਪਰ ਉੱਦਮ ਅੰਦਰ ਕੋਈ ਫ਼ਰਕ ਨਹੀਂ ਸੀ ਆਇਆ। ਸੁਰਤ ਤੇ ਦੰਦ ਪਹਿਲਾਂ ਵਾਂਗ ਹੀ ਕਾਇਮ ਸਨ। ਬਾਬੇ ਦੇ ਮੋਢੇ 'ਤੇ ਇਕ ਮੈਲਾ ਜਿਹਾ ਝੋਲਾ ਲਟਕਿਆ ਹੁੰਦਾ। ਉਸ ਵਿਚ ਹੋਰ ਸਾਜ਼ੋ-ਸਾਮਾਨ ਦੇ ਨਾਲ ਇਕ ਤੂੰਬੀ ਹੁੰਦੀ। ਹੱਥ ਵਿਚ ਹਮੇਸ਼ਾ ਇਕ ਛਤਰੀ ਹੁੰਦੀ। ਪੈਰੀਂ ਮੋਟੇ ਜਿਹੇ ਬੂਟ, ਤਸਮੇਂ ਖੁੱਲ੍ਹੇ ਹੁੰਦੇ। ਅੱਖਾਂ 'ਤੇ ਮੋਟੇ ਸ਼ੀਸ਼ੇ ਵਾਲੀਆਂ ਐਨਕਾਂ। ਸਹਿਜੇ-ਸਹਿਜੇ ਤੁਰਦਿਆਂ ਉਸ ਅਸਥਾਨ 'ਤੇ ਪਹੁੰਚ ਜਾਣਾ, ਜਿਥੇ ਸਿੱਖ ਪੰਥ ਦੀ

ਮਾਇਆ-ਨਾਜ਼ ਹਸਤੀ ਮਸਕੀਨ ਜੀ ਰਾਗੀ ਪ੍ਰਚਾਰਕਾਂ ਸਮੇਤ ਪਹੁੰਚੇ ਹੁੰਦੇ। ਗੁਰਦੁਆਰਾ ਸਾਹਿਬ ਵਿਖੇ ਜਿਹੜਾ ਵੀ ਸੇਵਾਦਾਰ ਜਾਂ ਸੰਗਤ 'ਚੋਂ ਕੋਈ ਪ੍ਰੇਮੀ ਮਿਲਣਾ ਤਾਂ ਬਾਬਾ ਜੀ ਨੇ ਉਸ ਪਾਸੋਂ ਪੁੱਛਣਾ—ਮਸਕੀਨ ਜੀ ਪਹੁੰਚ ਗਏ ਹਨ। ਅੱਗੋਂ ਉੱਤਰ ਮਿਲਣਾ—ਹਾਂ, ਪਹੁੰਚ ਗਏ ਹਨ। ਆਰਾਮ ਕਰ ਰਹੇ ਹਨ ਤਾਂ ਬਾਬਾ ਜੀ ਨੇ ਕਹਿਣਾ ਕਿ ਅੱਛਾ ਕੋਈ ਗੱਲ ਨਹੀਂ, ਫਿਰ ਮਿਲ ਲਵਾਂਗੇ। ਫਿਰ ਗੁਰਦੁਆਰਾ ਸਾਹਿਬ ਦੇ ਕਿਸੇ ਖੂੰਜੇ ਜਾਂ ਬਰਾਂਡੇ ਦੀ ਕਿਸੇ ਨੁਕਰੇ ਆਪਣਾ ਆਸਣ ਜਮਾ ਦੇਣਾ ਤੇ ਓਨੇ ਦਿਨ ਉਥੇ ਕਬਜ਼ਾ ਰੱਖਣਾ, ਜਿੰਨੇ ਦਿਨ ਤਕ ਗੁਰਮਤਿ ਸਮਾਗਮ ਸੰਪੂਰਨ ਨਾ ਹੋ ਜਾਣਾ।

ਇਕ ਦਿਨ ਮਸਕੀਨ ਜੀ ਨੇ ਬਹੁਤ ਵਧੀਆ ਸੂਟ ਬਾਬਾ ਜੀ ਨੂੰ ਪਹਿਨਣ ਲਈ ਦੇ ਦਿੱਤਾ ਜੈਕਟ ਸਮੇਤ। ਬਾਬਾ ਲਛਮਣ ਸਿੰਘ ਜੀ ਨੇ ਉਸ ਸੂਟ ਨੂੰ ਥਾਂ ਥਾਂ ਤੋਂ ਸੀਣਾਂ ਉਧੇੜ ਕੇ ਹੋਰ ਦਾ ਹੋਰ ਹੀ ਬਣਾ ਦਿੱਤਾ। ਕਿਸੇ ਨੇ ਪੁੱਛਿਆ ਕਿ ਬਾਬਾ, ਇਹ ਸੂਟ ਕਿਉਂ ਉਧੇੜ ਦਿੱਤਾ ? ਤਾਂ ਅੱਗੋਂ ਆਖਣ ਲੱਗਾ—ਏਨਾ ਸੋਹਣਾ ਸੂਟ ਜੇ ਮੈਂ ਪਾ ਲਿਆ ਤਾਂ ਮੈਨੂੰ ਕਿਸੇ ਨੇ ਦਮੜੀ ਨਹੀਂ ਦੇਣੀ। ਇਹ ਬਾਬੇ ਦੀ ਆਪਣੀ ਹੀ ਮੌਜ ਸੀ। ਪਤਾ ਨਹੀਂ ਕਿਸ ਰੰਗ ਵਿਚ ਵਿਚਰਦਾ ਸੀ। ਪ੍ਰੇਮੀ ਸੰਗਤਾਂ ਬਾਬਾ ਜੀ ਨੂੰ ਮਾਇਆ ਆਉਂਦਿਆਂ ਜਾਂਦਿਆਂ ਦੇ ਜਾਇਆ ਕਰਦੀਆਂ ਸਨ। ਉਸ ਨੂੰ ਗਿਣ ਕੇ ਮਸਕੀਨ ਜੀ ਪਾਸ ਜਮ੍ਹਾਂ ਕਰਾਉਣ ਆ ਜਾਣਾ। ਇਕ ਵਾਰ ਪੂਰੇ ਦੋ ਸੌ ਰੁਪਏ ਲੈ ਕੇ ਬਾਬਾ, ਮਸਕੀਨ ਜੀ ਪਾਸ ਆ ਗਿਆ ਤੇ ਬੜੀ ਬੇ-ਪਰਵਾਹੀ ਨਾਲ ਮਾਇਆ ਫੜਾ ਕੇ ਆਖਣ ਲੱਗਾ—ਗਿਣ ਲੇ ! ਪੂਰੇ ਦੋ ਸੌ ਹੈਂ ! ਮਸਕੀਨ ਜੀ ਨੇ ਮੁਸਕਰਾ ਕੇ ਉਸ ਦੀ ਅਮਾਨਤ ਆਪਣੇ ਪਾਸ ਰੱਖ ਲਈ। ਦੂਜੇ ਹੀ ਦਿਨ ਬਾਬਾ ਆਪਣੀ ਅਮਾਨਤ ਮਸਕੀਨ ਜੀ ਪਾਸੋਂ ਲੈਣ ਆ ਗਿਆ ਤੇ ਆਖਣ ਲੱਗਾ—ਮੇਰੇ ਪੈਸੇ ਨਿਕਾਲ। ਮਸਕੀਨ ਜੀ ਹੱਸ ਕੇ ਕਹਿਣ ਲੱਗੇ—ਬਾਬਾ ਕਿੰਨੇ ਪੈਸੇ ਸਨ। ਪੂਰੇ ਪਾਂਚ ਸੌ ਥੇ ! ਹੋਰ ਕਿਤਨੇ ਸਨ ! ਬੜੀ ਜਲਦੀ ਭੂਲ ਜਾਤੇ ਓ। ਮਸਕੀਨ ਜੀ ਦੇ ਲਾਗੇ ਬੈਠੇ ਕਥਾਵਾਚਕਾਂ, ਰਾਗੀ ਸਿੰਘਾਂ ਹੱਸ ਪੈਣਾ ਕਿ ਫੜਾਏ ਤੇ ਦੋ ਸੌ ਸਨ ਪਰ ਬਾਬਾ ਮੰਗਦਾ ਪੰਜ ਸੌ ਹੈ। ਫਿਰ ਬਾਬੇ ਨੇ ਰੋਹਬ ਨਾਲ ਆਖਣਾ—ਜਲਦੀ ਕਰੋ ਜਲਦੀ ! ਮਾਇਆ ਨਾਲ ਪਿਆਰ ਨਹੀਂ ਕਰੀਦਾ।

ਫਿਰ ਮਸਕੀਨ ਜੀ ਨੇ ਪਿਆਰ ਨਿਹੋਰੇ 'ਚ ਆਖਣਾ—ਬਾਬਾ ! ਤੂੰ ਵਿਆਜ ਬਹੁਤ ਲਾਉਨਾਂ ਏਂ। ਫਿਰ ਆਪਣੇ ਕੋਲੋਂ ਉਨੇ ਹੀ ਫੜਾ ਦੇਣੇ, ਜਿੰਨੇ ਉਸ ਵਕਤ ਬਾਬਾ ਮੰਗ ਰਿਹਾ ਹੁੰਦਾ ਸੀ। ਬਾਬੇ ਨੇ ਲਖਨਊ ਵਿਖੇ ਕਿਸੇ ਬੈਂਕ ਵਿਚ ਜਮ੍ਹਾਂ ਕਰਵਾ ਛੱਡਣੇ। ਨਾ ਕੋਈ ਉਸ ਦੀ ਧੀ ਨਾ ਪੁੱਤ, ਨਾ ਕੋਈ ਸਖਾ ਨਾ ਕੋਈ ਸੰਬੰਧੀ।

ਅਲਵਰ (ਰਾਜਸਥਾਨ) ਵਿਖੇ ਸਾਲਾਨਾ ਗੁਰਮਤਿ ਸਮਾਗਮ ਦਾ ਆਖ਼ਰੀ ਦੀਵਾਨ ਜੋ ਰੈਣ-ਸਬਾਈ ਦੇ ਰੂਪ 'ਚ ਹੋ ਜਾਂਦਾ ਸੀ, ਸਮਾਪਤੀ ਵਕਤ ਬਾਬਾ ਆਪਣੀ ਤੂੰਬੀ ਮਾਇਕਰੋਫ਼ੋਨ ਸਾਹਮਣੇ ਲੈ ਕੇ ਆ ਬਹਿੰਦਾ। ਸਮਾਪਤੀ ਤੋਂ ਪਹਿਲਾਂ ਹੌਲੀ ਹੌਲੀ ਉਸ ਨੂੰ ਸੁਰ ਕਰਨ ਦੇ ਆਹਰ ਵਿਚ ਮਗਨ ਰਹਿੰਦਾ। ਜਦ ਪ੍ਰਸ਼ਾਦ ਵਰਤਣ ਲੱਗਣਾ ਤਾਂ ਬਾਬੇ ਨੇ ਉੱਚੀ ਹੇਕ ਨਾਲ ਭੱਟਾਂ ਦੇ ਸਵੱਈਏ ਪੜ੍ਹੀ ਜਾਣੇ, ਸ਼ਬਦਾਂ ਦੀਆਂ ਪੰਕਤੀਆਂ ਗਾਈ ਜਾਣੀਆਂ ਤੇ ਸੰਗਤਾਂ ਨੇ ਖ਼ੁਸ਼ ਹੋ ਕੇ ਮਾਇਆ ਦੇ ਢੇਰ ਲਗਾ ਦੇਣੇ।

ਆਖ਼ਰੀ ਟਾਇਮ ਤਾਂ ਬਾਬਾ ਲਛਮਣ ਸਿੰਘ ਹੀ ਲਾਉਂਦਾ ਸੀ। ਕਿਸੇ ਮੋਹ ਜਾਂ ਲਾਲਚ ਵੱਸ ਨਹੀਂ। ਬੱਸ ਇਕ ਨਿਰਾਲੀ ਹੀ ਖੇਡ ਸੀ। ਯਾਦਾਸ਼ਤ ਵੀ ਬੜੀ ਕਾਇਮ ਸੀ। ਕਦੇ ਕਦੇ ਕਿਸੇ ਵਕਤੇ ਦੇ ਬੋਲਣ ਸਮੇਂ ਬਾਬੇ ਨੇ ਜੈਕਾਰਾ ਗਜਾਉਣਾ। ਮਸਕੀਨ ਜੀ ਤੇ ਹੋਰ ਸ਼ਖ਼ਸੀਅਤਾਂ ਸਟੇਜ 'ਤੇ ਸੁਭਾਇਮਾਨ ਹੁੰਦੀਆਂ। ਸੰਗਤਾਂ 'ਚ ਸ਼ਾਂਤ ਰਸ ਬਣਿਆ ਹੁੰਦਾ ਤਾਂ ਬਾਬਾ ਲਛਮਣ ਸਿੰਘ ਨੇ ਅਚਾਨਕ ਜੈਕਾਰਾ ਗਜਾਉਣਾ, ਬੋਲੇ...ਲੇ...ਲੇ...ਹੇ...ਹੇ...ਹੇ...ਏ ਤੇ ਫਿਰ ਬੱਸ। ਲੰਬੀ ਹੇਕ ਤੋਂ ਬਾਅਦ ਚੁੱਪ ਹੋ ਜਾਣਾ। ਲਾਗੋਂ ਕਿਸੇ ਹੋਰ ਨੇ ਜੈਕਾਰਾ ਪੂਰਾ ਕਰਨਾ, "ਸੋ ਨਿਹਾਲ"। ਸੰਗਤਾਂ ਨੇ ਹੱਸਦਿਆਂ-ਹੱਸਦਿਆਂ ਕਹਿਣਾ, "ਸਤਿ ਸ੍ਰੀ ਅਕਾਲ"। ਗੁਰਪੁਰਵਾਸੀ ਗਿਆਨੀ ਦਲੀਪ ਸਿੰਘ ਜੀ ਦਰਦੀ ਨੇ ਕਹਿਣਾ—ਬਾਬਾ ਜੀ ਦੀ ਬੈਟਰੀ ਲੋਅ ਹੋ ਗਈ ਆ।

ਮਸਕੀਨ ਜੀ ਆਪ ਬਾਬਾ ਜੀ ਦਾ ਬਹੁਤ ਖ਼ਿਆਲ ਰੱਖਿਆ ਕਰਦੇ ਸਨ। ਆਪਣੀ ਕਾਰ 'ਚ ਬਾਬਾ ਜੀ ਨੂੰ ਬਿਠਾਲ ਲਿਆ ਕਰਦੇ ਸਨ। ਆਖਣਾ—ਬਾਬਾ ਬੈਠ! ਚੱਲੀਏ। ਲੰਬੇ ਸਫ਼ਰਾਂ 'ਤੇ ਇਸ ਦਰਵੇਸ਼ ਰੂਹ ਨੂੰ ਆਪਣੀ ਕਾਰ 'ਤੇ ਨਾਲ ਲੈ ਕੇ ਝੂਟੇ ਦੇਣੇ ਤੇ ਪੰਧ ਸੁਖਾਲਾ ਕਰ ਦੇਣਾ।

ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਕਾਨਪੁਰ ਵਿਖੇ ਅਕਾਲੀ ਜੀ ਦੀ ਧਰਮਸ਼ਾਲਾ ਵਿਖੇ ਗੁਰਮਤਿ ਸਮਾਗਮ ਚੱਲ ਰਿਹਾ ਸੀ। ਸਵੇਰੇ ਅਕਾਲੀ ਜੀ ਦੀ ਧਰਮਸ਼ਾਲਾ ਵਿਖੇ ਸਮਾਗਮ ਹੁੰਦਾ ਅਤੇ ਰਾਤ ਨੂੰ ਕਿਸੇ ਦੂਰ ਨੇੜੇ ਕਾਲੋਨੀ ਦੇ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਸੱਜਦੇ। ਰਾਤ ਦੇ ਕਥਾ-ਕੀਰਤਨ ਦੇ ਪ੍ਰਵਾਹ ਚੱਲੇ। ਰਾਗੀ-ਪ੍ਰਚਾਰਕ ਆਪੋ-ਆਪਣੇ ਟਿਕਾਣੇ 'ਤੇ ਵਾਪਸ ਪਹੁੰਚ ਚੁੱਕੇ ਸਨ। ਰਾਤ ਦੇ ਤਕਰੀਬਨ ਸਾਢੇ ਗਿਆਰਾਂ ਵੱਜ ਚੁੱਕੇ ਸਨ। ਮਸਕੀਨ ਜੀ ਨੇ ਕਥਾ ਕੀਤੀ। ਦਾਸ ਸਟੇਜ ਦੀ ਸੇਵਾ ਵੀ ਨਿਭਾ ਰਿਹਾ ਸੀ। ਦੀਵਾਨ ਸੰਪੂਰਨ ਹੋਇਆ। ਮਸਕੀਨ ਜੀ ਕਾਰ ਅੰਦਰ ਬੈਠੇ। ਸੇਵਾਦਾਰ ਨਾਲ ਸਨ। ਕਾਰ ਅੰਦਰ ਹੋਰ ਬੈਠਣ ਦੀ ਜਗ੍ਹਾ ਨਹੀਂ ਸੀ। ਮਸਕੀਨ ਜੀ ਦੀ ਨਜ਼ਰ ਬਾਹਰ ਖਲੋਤੇ ਬਾਬਾ ਲਛਮਣ

ਸਿੰਘ 'ਤੇ ਪੈ ਗਈ। ਆਪ ਜੀ ਨੇ ਕਿਹਾ—ਬਾਬਾ ਤੂੰ ਅਜੇ ਏਥੇ ਏਂ, ਜਾਣਾਂ ? ਹੋਰ ਨਹੀਂ ਜਾਣਾਂ ! ਗੱਡੀ ਰੋਕ—ਆਪਣੇ ਬੇਪਰਵਾਹੀ ਅੰਦਾਜ਼ ਵਿਚ ਬਾਬਾ ਜੀ ਨੇ ਕਿਹਾ। ਹਨੇਰਾ ਸੀ ਤੇ ਮਸਕੀਨ ਜੀ ਕਾਰ ਨੂੰ ਬੈਕ ਕਰ ਰਹੇ ਸਨ। ਅਚਾਨਕ ਥੋੜੀ ਜਿਹੀ ਪਿੱਛੋਂ ਗੱਡੀ ਬਾਬਾ ਜੀ ਨਾਲ ਜਾ ਛੋਹੀ। ਬਾਬਾ ਗੱਜਿਆ—ਮੈਨੂੰ ਮਾਰਨੈ, ਜਾਹ ਲੈ ਜਾ ਗੱਡੀ, ਮੈਂ ਨਹੀਂ ਜਾਂਦਾ। ਵੱਡਾ ਮਸਕੀਨ ਬਣਿਆ ਫਿਰਦੈ। ਮੈਂ ਥੋੜਾ ਕੁ ਹਟਵਾਂ ਖਲੋਤਾ ਸਾਂ। ਇਸ ਸਾਰੇ ਵਾਕਿਆਤ ਨੂੰ ਵੇਖ ਰਿਹਾ ਸਾਂ। ਮਸਕੀਨ ਜੀ ਗੱਡੀ ਵਿੱਚੋਂ ਉਤਰੇ। ਇਕ ਸੇਵਾਦਾਰ ਨੂੰ ਉਤਾਰ ਕੇ ਸੀਟ ਖ਼ਾਲੀ ਕਰਵਾਈ। ਉਸ ਸੇਵਾਦਾਰ ਨੂੰ ਕਿਹਾ ਕਿ ਤੁਸੀਂ ਗੁਰਵਿੰਦਰ ਸਿੰਘ ਨਾਲ ਆ ਜਾਣਾ ਤੇ ਬਦੋ-ਬਦੀ ਬਾਬਾ ਜੀ ਨੂੰ ਗੱਡੀ ਵਿਚ ਬਹਾਲ ਲਿਆ ਅਤੇ ਟਿਕਾਣੇ 'ਤੇ ਲਿਆ ਉਤਾਰਿਆ।

ਮੈਂ ਸੋਚਦਾ ਹੀ ਰਹਿ ਗਿਆ, ਜਿਸ ਮਹਾਂਪੁਰਸ਼ ਦੀ ਰਸਨਾ ਉਪਰ ਗੁਰੂ ਜੀ ਦੀਆਂ ਬਰਕਤਾਂ ਦਾ ਵਾਸਾ ਹੋਵੇ; ਜਿਹਨਾਂ ਦੇ ਪਿੱਛੇ-ਪਿੱਛੇ ਮਾਇਆ, ਸ਼ੁਹਰਤ, ਮਾਣ-ਵਡਿਆਈ ਆਪ ਦੌੜਦੀ ਆ ਰਹੀ ਹੋਵੇ, ਉਹਨਾਂ ਨੇ ਕਿਵੇਂ ਇਕ ਬੇਪਰਵਾਹ ਦਰਵੇਸ਼ ਦੇ ਬੋਲਾਂ ਵੱਲ ਬਿਲਕੁਲ ਹੀ ਧਿਆਨ ਨਹੀਂ ਦਿੱਤਾ, ਸਗੋਂ ਆਪਣੇ ਪਰਉਪਕਾਰੀ ਸੁਭਾਅ ਦੇ ਮੁਤਾਬਿਕ ਕਾਰ 'ਚੋਂ ਆਪ ਉਤਰ ਕੇ ਉਸ ਨੂੰ ਅਦਬ ਸਹਿਤ ਕਾਰ ਵਿਚ ਬਹਾਲ ਕੇ ਟਿਕਾਣੇ ਲਿਆਂਦਾ।

ਮਸਕੀਨ ਜੀ ਦੇ ਅਕਾਲ ਚਲਾਣੇ ਤੋਂ ਚਾਰ ਕੁ ਸਾਲ ਪਹਿਲਾਂ ਬਾਬਾ ਲਛਮਣ ਸਿੰਘ ਵੀ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਿਆ ਸੀ। ਅਲਵਰ ਵਿਖੇ ਗੁਰਮਤਿ ਸਮਾਗਮ ਤੋਂ ਬਾਅਦ ਮੁੜ ਕੇ ਉਸ ਦਰਵੇਸ਼ ਦੇ ਇਕਤਾਰੇ ਦੀ ਟੁਣਕਾਰ ਕਦੇ ਵੀ ਕੰਨੀਂ ਨਾ ਪਈ, ਸਗੋਂ ਜਿਹਨਾਂ ਦੀ ਬਦੌਲਤ ਦਰਵੇਸ਼ ਤੇ ਨੇਕ ਆਤਮਾਵਾਂ ਆਪਣੇ ਦਰਸ਼ਨ ਆ ਕੇ ਦਿੰਦੀਆਂ ਸਨ, ਉਹ ਵੀ ਸੱਚਖੰਡ ਵਾਸੀ ਹੋ ਗਏ ਹਨ। ਗੁਰਵਾਕ ਹੈ :

**ਜੋਰੁ ਨ ਮੰਗਣਿ ਦੇਣਿ ਨ ਜੋਰੁ ॥**
**ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥** *(ਜਪੁ ਜੀ)*

# ਨਿੰਦਕਾਂ ਦਾ ਵੀ ਭਲਾ

ਸ੍ਰੀ ਅੰਮ੍ਰਿਤਸਰ ਵਿਖੇ ਦਾਸ ਇਕ ਦੁਕਾਨ ਤੋਂ ਕੁਝ ਲੋੜੀਂਦਾ ਸਾਮਾਨ ਖ਼ਰੀਦ ਰਿਹਾ ਸੀ ਤਾਂ ਅਚਾਨਕ ਨਜ਼ਰ ਇਕ ਚੌਵਰਕੀ ਜਿਹੀ 'ਤੇ ਪੈ ਗਈ। ਉਸ ਉਪਰ ਇਕ ਮੋਟੇ ਅੱਖਰਾਂ ਵਿਚ ਸ਼ੇਅਰ ਲਿਖਿਆ ਸੀ, ਜਿਸ ਨੂੰ ਪੜ੍ਹਨ ਦੀ ਮੇਰੀ ਦਿਲਚਸਪੀ ਬਣ ਗਈ। ਉਸ ਚੌਵਰਕੀ ਨੂੰ ਮੈਂ ਦੁਕਾਨਦਾਰ ਕੋਲੋਂ ਮੰਗ ਲਿਆ ਅਤੇ ਖਲੋਤਾ-ਖਲੋਤਾ ਪੜ੍ਹਨ ਲੱਗ ਪਿਆ। ਇਹ ਕੋਈ 1996 ਈ: ਦੀ ਗੱਲ ਹੋਵੇਗੀ। ਇਸ ਦੇ ਲੇਖਕ ਨੇ ਉਸ ਵਿਚ ਅਨੇਕਾਂ ਲੀਡਰਾਂ 'ਤੇ ਅਨੇਕਾਂ ਲਾਂਛਣ ਲਾਏ ਸਨ। ਮੈਂ ਪੜ੍ਹਦਿਆਂ-ਪੜ੍ਹਦਿਆਂ ਅਚਾਨਕ ਤ੍ਰਭਕਿਆ। ਉਸ ਦੀ ਨਿੰਦਕ ਬਿਰਤੀ ਤੋਂ ਮਸਕੀਨ ਜੀ ਜੈਸੀ ਬੇਲਾਗ਼ ਤੇ ਧਾਰਮਿਕ ਸ਼ਖ਼ਸੀਅਤ ਵੀ ਨਾ ਬਚ ਸਕੀ। ਗੁਰਬਾਣੀ ਅੰਦਰ ਇਕ ਪਿਆਰਾ ਜਿਹਾ ਬਚਨ ਆਉਂਦਾ ਹੈ :

**ਦੁਸਟਾ ਨਾਲਿ ਦੋਸਤੀ ਨਾਲਿ ਸੰਤਾ ਵੈਰੁ ਕਰੰਨਿ ॥**
**ਆਪਿ ਡੁਬੇ ਕੁਟੰਬ ਸਿਉ ਸਗਲੇ ਕੁਲ ਡੋਬੰਨਿ ॥੫॥**
**ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥**
**ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥**

*(ਰਾਗ ਸੂਹੀ ਮਹਲਾ ੩, ਪੰਨਾ 755)*

ਨਿੰਦਕ ਲਾ-ਇਲਾਜ ਹੁੰਦੇ ਹਨ। ਭਗਤਾਂ ਦੀ ਅਤੇ ਗੁਰੂ ਸਾਹਿਬਾਨਾਂ ਦੀ ਵੀ ਇਹ ਲੋਕ ਨਿੰਦਾ ਕਰਨੋਂ ਨਹੀਂ ਹਟਦੇ। ਪਰਮਾਤਮਾ ਨੇ ਇਹਨਾਂ ਦੀ ਝੋਲੀ ਸ਼ੁਭ ਗੁਣਾਂ ਤੋਂ ਖ਼ਾਲੀ ਹੀ ਰੱਖੀ ਹੁੰਦੀ ਹੈ। ਨਿੰਦਕ ਉਸ ਪੱਥਰ ਵਾਂਗ ਹੈ ਜਿਸ ਦੀ ਫ਼ਿਤਰਤ ਡੁੱਬਣਾ ਤੇ ਡੋਬਣਾ ਹੁੰਦਾ ਹੈ :

**ਜਨ ਕਬੀਰ ਕਉ ਨਿੰਦਾ ਸਾਰੁ ॥**
**ਨਿੰਦਕੁ ਡੂਬਾ ਹਮ ਉਤਰੇ ਪਾਰਿ ॥**

*(ਗਉੜੀ ਚੇਤੀ, ਕਬੀਰ ਜੀ, ਪੰਨਾ 339)*

**ਆਪਿ ਨ ਦੇਹਿ ਚੁਰੂ ਭਰਿ ਪਾਨੀ ॥**
**ਤਿਹ ਨਿੰਦਹਿ ਜਿਹ ਗੰਗਾ ਆਨੀ ॥**

*(ਗਉੜੀ ਚੇਤੀ, ਕਬੀਰ ਜੀ, ਪੰਨਾ 332)*

ਖ਼ੈਰ! ਉਸ ਨਿੰਦਕ ਨੇ ਜਿਥੇ ਹੋਰ ਲੀਡਰਾਂ ਉਪਰ ਆਪਣਾ ਨਜ਼ਲਾ ਝਾੜਿਆ ਸੀ, ਉਥੇ ਉਸ ਨੂੰ ਮਸਕੀਨ ਜੀ ਪ੍ਰਥਾਏ ਇਹ ਅਲਰਜੀ ਸੀ ਕਿ ਗਿਆਨੀ ਜੀ ਰਜਨੀਸ਼ ਆਚਾਰਯ ਨੂੰ ਕਿਉਂ ਪੜ੍ਹਦੇ ਹਨ। ਉਸ ਨਿੰਦਕ ਨੇ ਤਾਂ ਇਥੋਂ ਤਕ ਲਿਖਿਆ ਕਿ ਮਸਕੀਨ ਜੀ ਰਜਨੀਸ਼ ਦਾ ਨੱਗ ਮੁੰਦਰੀ ਵਿਚ ਪ੍ਰੋ ਕੇ ਆਪਣੀ ਉਂਗਲ ਵਿਚ ਸਜਾਈ ਬੈਠੇ ਹਨ।

ਦਰਅਸਲ ਮਸਕੀਨ ਜੀ ਦੇ ਚਿੰਤਨ ਦਾ ਦਾਇਰਾ ਬਹੁਤ ਹੀ ਵਿਸ਼ਾਲ ਸੀ। ਉਹਨਾਂ ਪਾਸ ਹਰ ਤਰ੍ਹਾਂ ਦਾ ਗਿਆਨ ਸੀ। ਸਤਿਗੁਰੂ ਜੀ ਦੀ ਬਖ਼ਸ਼ਿਸ਼ ਕੀਤੀ ਬਿਬੇਕ ਬੁੱਧ ਸੀ। ਸ਼ਬਦ ਨਾਲ ਸਤਿਗੁਰੂ ਜੀ ਨੇ ਉਹਨਾਂ ਨੂੰ ਸੰਵਾਰਿਆ ਤੇ ਸ਼ਿੰਗਾਰਿਆ ਸੀ। ਪਾਤਸ਼ਾਹ ਜੀ ਦਾ ਬਚਨ ਵੀ ਹੈ:

**ਇਹ ਬੁਧਿ ਪਾਈ ਮੈ ਸਾਧੂ ਕੰਨਹੁ ਲੇਖੁ ਲਿਖਿਓ ਧੁਰਿ ਮਾਥੈ ॥**

*(ਟੋਡੀ ਮਹਲਾ ੫, ਪੰਨਾ 715)*

ਬਾਕੀ ਗਿਆਨ ਪ੍ਰਮਾਣ ਤਾਂ ਮਨੁੱਖ ਜਿਥੋਂ ਮਰਜ਼ੀ ਲੈ ਸਕਦਾ ਹੈ। ਉਹਨਾਂ ਦੇ ਅੰਦਰੋਂ ਤਾਂ ਅਨੁਭਵ ਦੇ ਗਿਆਨ-ਫੁਹਾਰੇ ਪਏ ਚੱਲਦੇ ਸਨ। ਮਨੁੱਖੀ ਸੁਭਾਅ ਦਾ ਦੁਖਾਂਤਕ ਪਹਿਲੂ ਇਹ ਹੈ ਕਿ ਦੂਜੇ ਦੀ ਵਧਦੀ ਸ਼ੋਭਾ ਇਸ ਕੋਲੋਂ ਜਰੀ ਨਹੀਂ ਜਾਂਦੀ। ਕਿਸੇ ਦੀ ਤਰੱਕੀ ਤੇ ਕਾਮਯਾਬੀ ਵੇਖ ਕੇ ਇਹ ਸੜ ਬਲ ਕੋਇਲਾ ਹੋ ਜਾਂਦਾ ਹੈ। ਐਸਾ ਹੋਛਾ ਮਨੁੱਖ ਅੰਦਰੋਂ ਬੇਚੈਨ ਤੇ ਤਰਲੋ-ਮੱਛੀ ਹੁੰਦਾ ਹੈ, ਭਈ ਅਗਲੇ ਦੀ ਵਡਿਆਈ ਨੂੰ ਘਟਾਇਆ ਜਾਏ, ਮਿਟਾਇਆ ਜਾਏ। ਪੰਜਾਬੀ ਦੇ ਮਹਾਨ ਸੰਤ ਕਵੀ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਕਿ ਦੂਸਰੇ ਦੀ ਵਡਿਆਈ ਤਾਂ ਈਰਖਾਲੂ ਮਨੁੱਖ ਨੂੰ ਇਵੇਂ ਦੁਖੀ ਕਰਦੀ ਹੈ ਜਿਵੇਂ ਦੁਖਦੀਆਂ ਅੱਖਾਂ ਵਾਲੇ ਨੂੰ ਦੀਵੇ ਦੀ ਜਗਦੀ ਲੋਅ ਦੁਖੀ ਕਰਦੀ ਹੈ।

ਉਂਜ ਭਾਈ ਗੁਰਦਾਸ ਜੀ ਤਾਂ ਕਹਿੰਦੇ ਹਨ ਕਿ ਗਿਆਨ ਜਿਥੋਂ ਮਿਲੇ ਗ੍ਰਹਿਣ ਕਰ ਲੈਣਾ ਚਾਹੀਦਾ ਹੈ। ਅਗਰ ਮੋਰ ਦੇ ਪੈਰ ਕੁਰੂਪ ਹਨ ਤਾਂ ਹੇ ਮਨੁੱਖ! ਤੂੰ ਉਸ ਦੇ ਪੈਰ ਵੇਖਣ ਵਿਚ ਕਿਉਂ ਰੁਚੀ ਰੱਖਦਾ ਏਂ, ਉਹਦੇ ਸੋਹਣੇ ਪੰਖ ਵੇਖ, ਉਹਦੀ ਸੋਹਣੀ ਕਲਗ਼ੀ ਵੇਖ, ਸੁੰਦਰ ਨੇਤ੍ਰਾਂ ਦੀ ਝਲਕ ਪਾ, ਉਸ ਦੀਆਂ ਮਿੱਠੀਆਂ-ਮਿੱਠੀਆਂ ਕੂਕਾਂ ਸੁਣ, ਉਸ ਦੀ ਸੁੰਦਰਤਾ ਦਾ ਸ਼ੈਦਾਈ ਹੋ, ਕਾਹਨੂੰ ਆਪਣਾ ਧਿਆਨ ਕੁਰੂਪਤਾ 'ਤੇ ਟਿਕਾਇਆ ਈ। ਫਿਰ ਦੂਜੀ ਪੰਕਤੀ 'ਚ ਕਹਿੰਦੇ ਹਨ ਕਿ ਚੰਦਨ ਅੰਦਰ ਜਿਥੇ ਸੁਗੰਧੀ ਹੈ, ਉਥੇ ਕੰਡੇ ਵੀ ਹਨ। ਸੁਗੰਧੀ ਭਰੇ ਹੋਏ ਇਸ ਸੋਹਣੇ ਜਿਹੇ ਬ੍ਰਿਛ ਦੀ ਮਹਿਕ ਤੇ ਖੇੜੇ ਮਾਣ, ਆਪਣਾ ਧਿਆਨ ਇਸ ਦੇ ਗੁਣਾਂ ਵੱਲ ਕੇਂਦਰਿਤ ਕਰ, ਕੰਡਿਆਂ ਵੱਲ ਵੇਖ ਕੇ ਪਰੇਸ਼ਾਨ ਕਿਉਂ ਹੁੰਦਾ ਏਂ? ਤੀਜੀ ਪੰਗਤੀ 'ਚ ਕਿਹਾ ਕਿ ਮਿੱਠੇ ਗੁਣ ਭਰਪੂਰ ਫਲਾਂ ਦਾ ਤੈਨੂੰ

ਰਸ ਮਾਨਣਾ ਚਾਹੀਦਾ ਹੈ, ਨਾ ਕਿ ਬੀਜਾਂ ਵਿਚਲੀ ਕਉੜੱਤਣ ਨੂੰ ਚਿਤਾਰਨਾ ਚਾਹੀਦਾ ਹੈ। ਇੰਜ ਹੀ ਗੁਰ-ਗਿਆਨ ਜਿਥੋਂ ਵੀ ਮਿਲੇ, ਧੰਨਵਾਦ ਸਹਿਤ ਲੈ ਲੈਣਾ ਚਾਹੀਦਾ ਹੈ, ਅਗਲੇ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਆਪਣੀ ਕੋਹਝੀ ਨਿੰਦਕ ਬਿਰਤੀ ਨੂੰ ਮਿਟਾਉਣਾ ਚਾਹੀਦਾ ਹੈ:

**ਜੈਸੇ ਨੈਨ ਬੈਨ ਪੰਖ ਸੁੰਦਰ ਸਰਬੰਗ ਮੋਰ,**
**ਤਾ ਕੇ ਪਗ ਓਰ ਦੇਖਿ ਦੋਖ ਨ ਬੀਚਾਰੀਐ॥**
**ਸੰਦਲ ਸੁਗੰਧ ਅਤਿ ਕੋਮਲ ਕਮਲ ਜੈਸੇ,**
**ਕੰਟਕਿ ਬਿਲੋਕਿ ਨ ਅਉਗਨ ਉਰਿਧਾਰੀਐ॥**
**ਜੈਸੇ ਅੰਮ੍ਰਿਤ ਫਲ ਮਿਸਟਿ ਗੁਨਾਦਿ ਸ੍ਵਾਦ,**
**ਬੀਜ ਕਰਵਾਈ ਕੈ ਬੁਰਾਈ ਨ ਸਮਾਰੀਐ॥**
**ਤੈਸੇ ਗੁਰ ਗਿਆਨ ਦਾਨ ਸਬਹੂੰ ਸੈ ਮਾਂਗਿ ਲੀਜੈ,**
**ਬੰਦਨਾ ਸਕਲ ਭੂਤ ਨਿੰਦਾ ਨ ਤਕਾਰੀਐ॥੩੯੯॥**

*(ਕਬਿੱਤ ਸਵੱਯੇ ਭਾਈ ਗੁਰਦਾਸ ਜੀ)*

ਉਸ ਚੌਵਰਕੀ ਨੂੰ ਪੜ੍ਹ ਕੇ ਮੇਰੇ ਲੂੰ-ਕੰਡੇ ਖੜੇ ਹੋ ਗਏ। ਮੈਂ ਸੋਚਣ ਲੱਗਾ ਕਿ ਇਸ ਨਿੰਦਕ ਦੇ ਅੰਦਰ ਜੋ ਈਰਖਾ ਤੇ ਦਵੈਸ਼ ਦੀ ਅਗਨੀ ਜਲ ਰਹੀ ਹੈ, ਉਹ ਇਸ ਕਰਕੇ ਕਿ ਮਸਕੀਨ ਜੀ ਜਿਸ ਅਸਥਾਨ 'ਤੇ ਵੀ ਜਾਂਦੇ ਹਨ, ਗੁਰ-ਸੰਗਤਾਂ ਆਪ ਜੀ ਦੀ ਰਸਨਾ ਤੋਂ ਗੁਰਬਾਣੀ ਦੀ ਰਸ-ਮਈ, ਗਿਆਨ ਭਰਪੂਰ ਕਥਾ ਸੁਣਨ ਇੰਜ ਉਮਡ ਪੈਂਦੀਆਂ ਹਨ ਜਿਵੇਂ ਭੌਰੇ ਫੁੱਲਾਂ ਵਿੱਚੋਂ ਰਸ ਮਾਨਣ ਲਈ ਡਾਰਾਂ ਬੰਨ੍ਹ-ਬੰਨ੍ਹ ਕੇ ਆ ਰਹੇ ਹੋਵਣ। ਤੇ ਇਸ ਨਿੰਦਕ ਨੂੰ ਸ਼ਹਿਰ ਅੰਦਰ ਕੋਈ ਕਥਾ ਦਾ ਸਮਾਂ ਵੀ ਨਹੀਂ ਦਿੰਦਾ ਹੋਣਾ। ਫਿਰ ਇਹ ਭਰਮ ਵੀ ਪਾਲੀ ਬੈਠਾ ਹੋਣਾ ਕਿ ਸਿੱਖ ਪੰਥ ਮੇਰੀਆਂ ਸਿਆਣਪਾਂ ਤੋਂ ਅਗਵਾਈ ਲਵੇ।

ਮੈਂ ਸੋਚਿਆ, ਐਸਾ ਕਿਹੜਾ ਬੰਦਾ ਹੋ ਸਕਦਾ ਹੈ ਜਿਸ ਦੀਆਂ ਅੱਖਾਂ ਮਸਕੀਨ ਜੀ ਦੀ ਸ਼ੋਭਾ ਵੇਖ ਕੇ ਚੁੰਧਿਆ ਗਈਆਂ ਹਨ। ਸੂਰਜ ਦਾ ਤੇਜ਼ ਜਲਾਲ ਕਮਜ਼ੋਰ ਅੱਖਾਂ ਸਹਿਣ ਨਹੀਂ ਕਰ ਸਕਦੀਆਂ। ਫਿਰ ਸਤਿਗੁਰੂ ਜੀ ਆਪ ਜਿਹਨਾਂ ਦੀ ਵਡਿਆਈ/ਨਾਮਣਾ ਉੱਚਾ ਕਰੇ, ਉਸ ਸ਼ਖ਼ਸੀਅਤ ਨੂੰ ਛੁਟਿਆਉਣਾ ਆਪਣੀ ਅਕਲ ਦਾ ਜਨਾਜ਼ਾ ਕੱਢਣ ਵਾਂਗ ਹੈ, ਜਾਂ ਜਿਵੇਂ ਸੂਰਜ ਦੇ ਪ੍ਰਕਾਸ਼ ਨੂੰ ਕੋਈ ਮੂਰਖ ਚਾਦਰ ਤਾਣ ਕੇ ਛੁਪਾਉਣ ਦਾ ਮੂਰਖਤਾ ਭਰਿਆ ਕਰਮ ਕਰੇ ਤਾਂ ਐਸੇ ਮੂਰਖਾਂ ਦੀ ਜਗਤ ਅੰਦਰ ਕਿਸੇ ਵੀ ਜੁਗ ਵਿਚ ਕਮੀ ਤਾਂ ਹੋਈ ਹੀ ਨਹੀਂ।

ਮਸਕੀਨ ਜੀ ਦੇ ਪ੍ਰਚਾਰ ਵਹੀਰ ਵਿਚਲੇ ਇਕ-ਦੋ ਸਿੰਘਾਂ ਨਾਲ ਜਦ

ਮੈਂ ਗੱਲ ਕੀਤੀ ਤਾਂ ਮੈਨੂੰ ਉਹਨਾਂ ਨੇ ਹੰਸਾਂ ਵਿਚ ਬੈਠੇ ਬਗਲੇ ਦੇ ਦਰਸ਼ਨ ਵੀ ਕਰਵਾ ਦਿੱਤੇ। ਮਸਕੀਨ ਜੀ ਨੇ ਅੰਮ੍ਰਿਤਸਰ ਨਿਵਾਸੀ ਸਿੱਖ ਸੰਗਤਾਂ ਨੂੰ ਹਰ ਸਾਲ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਗੁਰਪੁਰਬ ਦੇ ਸਮੇਂ ਪਹੁੰਚਣ ਦਾ ਵਚਨ ਦਿੱਤਾ ਸੀ। ਸੰਗਤਾਂ ਉਡੀਕਦੀਆਂ ਰਹਿੰਦੀਆਂ ਕਿ ਜਲਦੀ-ਜਲਦੀ ਸਮਾਂ ਲੰਘੇ ਅਤੇ ਮਸਕੀਨ ਜੀ ਪਹੁੰਚਣ। ਉਲੀਕੇ ਹੋਏ ਪ੍ਰੋਗਰਾਮ ਅਨੁਸਾਰ ਆਪ ਜੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਜੀ ਤੋਂ ਬਖ਼ਸ਼ਿਸ਼ ਹੋਏ ਅੰਮ੍ਰਿਤ ਵੇਲੇ ਦੇ ਮੁਖਵਾਕ ਦੀ ਕਥਾ ਮੰਜੀ ਸਾਹਿਬ ਵਿਖੇ ਕਰਦੇ ਅਤੇ ਸ਼ਾਮ ਦੇ ਦੀਵਾਨ ਨੇੜਲੇ ਪਿੰਡਾਂ ਜਾਂ ਕਾਲੋਨੀਆਂ ਵਿਚ ਹੋਇਆ ਕਰਦੇ ਸਨ। ਬਾਬਾ ਅਟੱਲ ਰਾਏ ਜੀ ਪਾਸ ਇਕ ਅਸਥਾਨ ਮਸਕੀਨ ਜੀ ਨੂੰ ਕਿਸੇ ਪ੍ਰੇਮੀ ਨੇ ਦੇ ਦਿੱਤਾ, ਜਿਸ ਨੂੰ ਰਾਗੀ ਤੇ ਪ੍ਰਚਾਰਕਾਂ ਦੇ ਨਿਵਾਸ ਲਈ ਵਰਤਣ ਵਾਸਤੇ ਬਾਬਾ ਦਰਸ਼ਨ ਸਿੰਘ ਜੀ ਘਨੂੰਪੁਰ ਕਾਲੇ ਵਾਲਿਆਂ ਨੇ ਸੋਹਣੀ ਇਮਾਰਤ ਬਣਵਾ ਦਿੱਤੀ। ਫਿਰ ਇਸ ਦਾ ਨਾਂ ਰੱਖਿਆ ਗਿਆ—ਮਸਕੀਨ ਕੁਟੀਆ।

ਅਜੇ ਇਹ ਅਸਥਾਨ ਬਣਿਆ ਨਹੀਂ ਸੀ ਅਤੇ ਮਸਕੀਨ ਜੀ ਆਪਣੇ ਗੁਰਮਤਿ ਪ੍ਰਚਾਰ ਵਹੀਰ ਪਰਿਵਾਰ ਸਮੇਤ ਨਾਨਕ ਨਿਵਾਸ ਸਰਾਂ ਦੀ ਦੂਜੀ ਮੰਜ਼ਲ 'ਤੇ ਠਹਿਰਿਆ ਕਰਦੇ ਸਨ। ਦੁਪਹਿਰ ਦਾ ਸਮਾਂ ਸੀ। ਮੈਂ ਮਸਕੀਨ ਜੀ ਨੂੰ ਮਿਲਣ ਵਾਸਤੇ ਕਮਰੇ ਅੰਦਰ ਗਿਆ ਤਾਂ ਉਹੋ ਨਿੰਦਕ ਅੱਗੇ ਦਰੀ 'ਤੇ ਬੈਠਾ ਸੀ, ਮਸਕੀਨ ਜੀ ਕੁਰਸੀ 'ਤੇ ਬੈਠੇ ਸਨ। ਅਚਾਨਕ ਉਸ ਨਿੰਦਕ ਨੂੰ ਉਥੇ ਬੈਠਾ ਵੇਖ ਕੇ ਮੈਂ ਹੈਰਾਨ ਹੋ ਗਿਆ। ਕਮਰੇ ਅੰਦਰ ਹੋਰ ਕੋਈ ਤੀਜਾ ਆਦਮੀ ਨਹੀਂ ਸੀ। ਮੇਰੇ ਅੰਦਰ ਕੋਈ ਧੁੜਕੂ ਜਿਹਾ ਲੱਗ ਗਿਆ ਕਿ ਇਹ ਆਦਮੀ ਕਿਸੇ ਖੋਟੀ ਨੀਅਤ ਨਾਲ ਨਾ ਆਇਆ ਹੋਵੇ। ਮੈਂ ਗਿਆਨੀ ਜੀ ਨੂੰ ਫ਼ਤਹਿ ਬੁਲਾਈ ਤੇ ਨੇੜੇ ਬੈਠ ਗਿਆ। ਮਸਕੀਨ ਜੀ ਉਸਨੂੰ ਕਹਿ ਰਹੇ ਸਨ—ਅਸੀਂ ਗੁਰੂ ਬਿਨਾਂ ਹੋਰ ਕਿਸੇ ਦੀ ਪਰਵਾਹ ਨਹੀਂ ਕਰਦੇ। ਚੱਲ ਉੱਠ, ਸਾਡਾ ਖਹਿੜਾ ਛੱਡ।

ਨਾਲ ਹੀ ਮੈਨੂੰ ਉਹਨਾਂ ਨੇ ਰਾਗੀ ਪ੍ਰਚਾਰਕਾਂ ਦੀ ਲਿਸਟ ਫੜਾ ਦਿੱਤੀ ਤੇ ਕਹਿਣ ਲੱਗੇ ਕਿ ਅੱਜ ਬਾਬਾ ਦਰਸ਼ਨ ਸਿੰਘ ਜੀ ਦੇ ਅਸਥਾਨ 'ਤੇ ਗੁਰਮਤਿ ਸਮਾਗਮ ਹੈ। ਤੁਸੀਂ ਸਾਰਿਆਂ ਨੂੰ ਭੁਗਤਾਓ ਤੇ ਇਸ਼ਾਰਾ ਉਸ ਨਿੰਦਕ ਵੱਲ ਕਰ ਕੇ ਕਹਿਣ ਲੱਗੇ ਕਿ ਇਸ ਦਾ ਨਾਂ ਵੀ ਲਿਖ ਲੈਣਾ। ਮੈਂ ਕਿਹਾ—ਸਤਿ ਬਚਨ ਜੀ। ਇੰਨੇ ਚਿਰ ਨੂੰ ਉਹ ਮਨੁੱਖ ਅੰਦਰੋਂ ਬਾਹਰ ਚਲਾ ਗਿਆ। ਮੈਂ ਕਿਹਾ—ਗਿਆਨੀ ਜੀ! ਇਹ ਮਨੁੱਖ ਤਾਂ ਤੁਹਾਡੀ ਬਹੁਤ ਵਿਰੋਧਤਾ ਕਰਦਾ ਏ। ਇਕ ਵਾਰ ਮੈਂ ਇਸ ਦੀ ਲਿਖੀ ਹੋਈ ਚੌਵਰਕੀ ਜਿਹੀ ਪੜ੍ਹੀ ਸੀ ਤਾਂ ਮੈਨੂੰ ਬਹੁਤ

ਹੀ ਬੁਰਾ ਮਹਿਸੂਸ ਹੋਇਆ ਸੀ। ਮੈਨੂੰ ਮਸਕੀਨ ਜੀ ਕਹਿਣ ਲੱਗੇ ਕਿ ਇਹ ਕਈ ਸਾਲਾਂ ਤੋਂ ਸਾਡੇ ਵਿਰੁੱਧ ਲਿਖਦਾ ਆ ਰਿਹਾ ਹੈ। ਬੱਸ ਅੱਗ ਹੀ ਵਰ੍ਹਾਉਂਦਾ ਹੈ। ਚਲੋ ਗੁਰੂ ਭਲੀ ਕਰੇਗਾ। ਤੁਸੀਂ ਬਾਬਾ ਜੀ ਦੇ ਅਸਥਾਨ 'ਤੇ ਸਾਰਿਆਂ ਨੂੰ ਲੈ ਕੇ ਪਹੁੰਚੋ। ਹੇਠਾਂ ਗੱਡੀ ਆ ਗਈ ਹੋਣੀ ਏਂ। ਮੈਂ ਫ਼ਤਹਿ ਬੁਲਾ ਕੇ ਕਮਰੇ 'ਚੋਂ ਬਾਹਰ ਆ ਗਿਆ। ਸਾਰੇ ਰਾਗੀ ਪ੍ਰਚਾਰਕ ਘਣੂੰਪੁਰ ਕਾਲੇ ਪਹੁੰਚੇ। ਮਸਕੀਨ ਜੀ ਦੇ ਕਹਿਣ ਮੁਤਾਬਿਕ ਮੈਂ ਉਸ ਨਿੰਦਕ ਦਾ ਨਾਮ ਅਨਾਊਂਸ ਕੀਤਾ ਤਾਂ ਉਸ ਪੁਰਸ਼ ਨੇ ਕਥਾ ਸ਼ੁਰੂ ਕੀਤੀ। ਮੈਂ ਸੁਣ ਕੇ ਫਿਰ ਅਚੰਭਿਤ ਹੋਇਆ। ਉਸ ਮਨੁੱਖ ਨੇ ਸਟੇਜ 'ਤੇ ਕਥਾ ਕਰਦਿਆਂ ਮਸਕੀਨ ਜੀ ਦੀ ਤਾਰੀਫ਼ ਵਿਚ ਕਈ ਬਚਨ ਆਖੇ ਅਤੇ ਵਾਰ-ਵਾਰ ਆਖੇ।

ਮੈਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਬਾਬਾ ਫ਼ਰੀਦ ਜੀ ਨੇ ਕੱਚੇ ਅਤੇ ਸੱਚੇ ਮਨੁੱਖ ਦੀ ਜੋ ਪਰਿਭਾਸ਼ਾ ਤਹਿ ਕੀਤੀ ਹੈ, ਉਸ ਦੇ ਅਰਥ ਕਿੰਨੇ ਪਿਆਰੇ ਹਨ :

**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥**
**ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥**

*(ਆਸਾ ਸੇਖ ਫਰੀਦ ਜੀਉ ਕੀ ਬਾਣੀ, ਪੰਨਾ 488)*

ਪਰ ਧੰਨ ਸਨ ਮਸਕੀਨ ਜੀ ਜਿਹਨਾਂ ਦੇ ਹਿਰਦੇ ਅੰਦਰ ਨਿੰਦਕਾਂ ਦਾ ਵੀ ਭਲਾ ਕਰਨ ਦੀ ਲੋਚਾ ਹਮੇਸ਼ਾ ਬਣੀ ਰਹਿੰਦੀ ਸੀ। ਐਸਾ ਵਿਸ਼ਾਲ ਹਿਰਦਾ ਸਤਿਗੁਰੂ ਜੀ ਨੇ ਨਾਮ-ਰਸਿਕ ਸਤਿਪੁਰਸ਼ ਦਾ ਹੀ ਬਣਾਇਆ ਹੁੰਦਾ ਹੈ, ਪਰ ਈਰਖਾਲੂ, ਚੁਗਲ ਖ਼ੋਰ ਤੇ ਨਿੰਦਕ ਹਮੇਸ਼ਾ ਅੰਦਰੋਂ ਕੱਚੇ ਅਤੇ ਤਪਦੇ ਹੀ ਨਜ਼ਰ ਆਉਂਦੇ ਹਨ। ਗੁਰੂ ਜੀ ਦੀ ਦਰਗਾਹ 'ਚੋਂ ਫਿਟਕਾਰਿਆਂ ਦੀ ਐਸੀ ਹੀ ਬਿਰਤੀ ਬਣਦੀ ਹੈ। ਗੁਰਵਾਕ ਹੈ :

**ਚੁਗਲ ਨਿੰਦਕ ਭੁਖੇ ਰੁਲਿ ਮੁਏ ਏਨਾ ਹਥੁ ਨ ਕਿਥਾਊ ਪਾਇ॥**

*(ਸਲੋਕ ਮਹਲਾ 3, ਪੰਨਾ 1417)*

# ਵੈਰਾਗ ਦੀਆਂ ਨਦੀਆਂ

ਪਰਮ ਪੂਜਨੀਯ ਗਿਆਨੀ ਸੰਤ ਸਿੰਘ ਜੀ ਮਸਕੀਨ ਦੇ ਸੱਚਖੰਡ ਪਿਆਨੇ ਦੀ ਖ਼ਬਰ ਸਭ ਤੋਂ ਪਹਿਲਾਂ ਈ.ਟੀ.ਸੀ. ਪੰਜਾਬੀ ਚੈਨਲ ਤੋਂ 18 ਫ਼ਰਵਰੀ, 2005 ਦਿਨ ਸ਼ੁਕਰਵਾਰ ਨੂੰ ਸਵੇਰੇ ਸਕਰੀਨ ਉਪਰ ਆਉਣ ਲੱਗ ਪਈ। ਕਥਾ-ਪ੍ਰੇਮੀਆਂ ਨੂੰ ਪਹਿਲਾਂ ਤਾਂ ਯਕੀਨ ਨਾ ਆਇਆ, ਪਰ ਧਿਆਨ ਦੀ ਇਕਾਗਰਤਾ ਨਾਲ ਖ਼ਬਰ ਪੜ੍ਹਨ 'ਤੇ ਇਹ ਤੌਖਲਾ ਹਕੀਕਤ ਦਾ ਰੂਪ ਧਾਰਨ ਕਰ ਗਿਆ। ਸਾਰੇ ਸਿੱਖ ਜਗਤ ਅੰਦਰ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਪ੍ਰੇਮੀ ਹਿਰਦੇ ਵਿਆਕੁਲ ਹੋ ਉਠੇ। ਅਲਵਰ (ਰਾਜਸਥਾਨ) ਮਹਾਂਪੁਰਸ਼ਾਂ ਦੇ ਨਿਵਾਸ ਅਸਥਾਨ ਤੋਂ ਫ਼ੋਨਾਂ ਰਾਹੀਂ ਰੱਬੀ ਹੁਕਮ ਦੇ ਵਰਤਾਰੇ ਦੀ ਤਸਦੀਕ ਹੋ ਗਈ।

ਮਸਕੀਨ ਜੀ ਪ੍ਰਤੀ ਗੁਰਸਿੱਖਾਂ ਦਾ ਜੋ ਅਦਬ ਅਤੇ ਪਿਆਰ ਹੈ, ਉਸ ਨੂੰ ਸ਼ਬਦਾਂ ਨਾਲ ਬਿਆਨਣਾ ਅਸੰਭਵ ਹੈ। ਪਿਆਰ ਵਾਲੀਆਂ ਰੂਹਾਂ ਵੈਰਾਗ ਦੀਆਂ ਨਦੀਆਂ ਅੰਦਰ ਡੁੱਬ ਗਈਆਂ। ਗੁਰਸਿੱਖਾਂ ਨੇ ਲੰਬੇ ਅਰਸੇ ਬਾਅਦ ਕੌਮ ਅੰਦਰ ਭਾਈ ਵੀਰ ਸਿੰਘ ਜੀ ਤੋਂ ਮਗਰੋਂ ਐਸੀ ਸ਼ਖ਼ਸੀਅਤ ਦੇ ਦਰਸ਼ਨ ਕੀਤੇ ਸਨ, ਜਿਹਨਾਂ ਦੀ ਜ਼ਮੀਰ ਰੌਸ਼ਨ ਸੀ। ਕਦਮਾਂ ਵਿਚ ਕ੍ਰਾਂਤੀ, ਬੋਲਾਂ 'ਚ ਮਿਠਾਸ ਤੇ ਹਲੀਮੀ। ਹਿਰਦੇ ਅੰਦਰ ਸਤਿਗੁਰੂ ਜੀ ਦਾ ਅਥਾਹ ਸਤਿਕਾਰ ਤੇ ਵਿਸ਼ਵਾਸ। ਨਿਰਵੈਰਤਾ ਤੇ ਨਿਰਭੈਤਾ ਵਾਲੀ ਅਵਸਥਾ। ਪਰਉਪਕਾਰੀ ਉਮਾਹ। ਬੇਸ਼ੱਕ ਪੰਥ ਅੰਦਰ ਕਦੇ ਗੁਰੂ ਪਿਆਰਿਆਂ ਦੀ ਅਣਹੋਂਦ ਨਹੀਂ ਹੋਈ ਅਤੇ ਨਾ ਹੀ ਹੋਵੇਗੀ। ਗੁਪਤ ਰੂਪ 'ਚ ਜੀਵਨ ਯਾਤਰਾ ਸਕਾਰਥੀ ਕਰਦੇ ਅਨੇਕਾਂ ਗੁਰੂ ਜੀ ਦੇ ਲਾਲ ਹਨ, ਪਰ ਬੋਲ ਕੇ ਅਤੇ ਆਪ ਗੁਰਮਤਿ ਨੂੰ ਜੀਵਨ ਅੰਦਰ ਧਾਰ ਕੇ ਭਰਮ ਦੇ ਛਉੜ ਕੱਟਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹੇਠ ਵਾਹਿਗੁਰੂ ਜੀ ਨਾਲ ਜੁੜਨ-ਜੋੜਨ ਵਾਲੇ ਭਾਵੇਂ ਦੁਰਲੱਭ ਨਹੀਂ, ਪਰ ਲੱਭਦੇ ਔਖੇ ਜ਼ਰੂਰ ਹਨ। ਅਨਮਤੀਆਂ ਦੇ ਸ਼ੰਕਿਆਂ ਨੂੰ ਗੁਰ-ਸ਼ਬਦ ਦੀ ਰੌਸ਼ਨੀ ਅਤੇ ਗੁਰ-ਇਤਿਹਾਸ ਦੀ ਵਡੱਤਣ ਨਾਲ ਸਹਿਜ ਦੂਰ ਕਰ ਕੇ ਅਗਲੇ ਦੇ

ਹਿਰਦੇ ਅੰਦਰ ਸਤਿਗੁਰੂ ਜੀ ਪ੍ਰਤੀ ਸ਼ਰਧਾ-ਭਾਵਨਾ ਨੂੰ ਬਣਾ ਦੇਣਾ, ਇਹ ਮਸਕੀਨ ਜੀ ਦੀ ਕਮਾਲਤਾ ਸੀ। ਐਸਾ ਤਾਂ ਆਪ ਜੀ ਦੇ ਹੀ ਹਿੱਸੇ ਆਇਆ ਸੀ। ਧਰਮ ਰਾਹੀਂ ਮਾਨਵਵਾਦੀ ਨਜ਼ਰੀਆ ਪ੍ਰਗਟਾਉਣਾ, ਫਿਰ ਬੇਮੁਖਾਂ ਤੇ ਨਾਸਤਕ ਫ਼ਿਲਾਸਫ਼ਰਾਂ ਨੂੰ ਧਰਮ ਪ੍ਰਤੀ ਵਿਸ਼ਵਾਸੀ ਬਣਾਉਣਾ, ਮਸਕੀਨ ਜੀ ਦੀ ਕਾਮਯਾਬੀ ਸੀ।

ਉਦਾਹਰਣ ਵਜੋਂ ਇਕ ਸਰਬ ਧਰਮ ਸੰਮੇਲਨ ਸਮੇਂ ਮਸਕੀਨ ਜੀ ਦੀ ਵਿਚਾਰ ਚਰਚਾ ਐਸੇ ਨਾਸਤਿਕ ਮਨੁੱਖ ਨਾਲ ਹੋਈ ਜਿਸ ਦੀ ਸੋਚਣੀ ਅੰਦਰ ਪਰਮਾਤਮਾ ਦਾ ਕੋਈ ਵਿਸ਼ਵਾਸ ਨਹੀਂ ਸੀ। ਧਰਮ ਪ੍ਰਤੀ ਕੋਈ ਸ਼ਰਧਾ ਨਹੀਂ ਸੀ, ਪਰ ਆਪ ਜੀ ਦੀਆਂ ਅਕੱਟ ਦਲੀਲਾਂ ਸਾਹਮਣੇ ਉਸ ਮਨੁੱਖ ਨੇ ਮੰਨਿਆ ਕਿ ਜਿਸ ਢੰਗ ਨਾਲ ਤੁਸੀਂ ਸਮਝਾਉਂਦੇ ਹੋ ਤਾਂ ਯਕੀਨ ਬਣਦਾ ਹੈ ਕਿ ਕੋਈ ਸ਼ਕਤੀ ਤਾਂ ਹੈ ਜੋ ਸਾਰੇ ਸਿਸਟਮ ਨੂੰ ਚਲਾ ਰਹੀ ਹੈ ਅਤੇ ਗਤੀਸ਼ੀਲ ਹੈ, ਜਿਸ ਕਰਕੇ ਇਹ ਸਾਰਾ ਕੁਦਰਤੀ ਸਿਲਸਿਲਾ ਕਰਮ ਕਰ ਰਿਹਾ ਹੈ।

ਇਸ ਸਰਬ ਧਰਮ ਸੰਮੇਲਨ ਅੰਦਰ ਈਸਾਈਆਂ ਵੱਲੋਂ ਪਾਦਰੀ ਬੁਲਾਇਆ ਗਿਆ ਸੀ। ਜੈਨ ਤੇ ਬੁੱਧ ਮਤ ਦੇ ਮੁਖੀ ਪਹੁੰਚੇ ਸਨ। ਸਨਾਤਨ ਮਤ ਦੇ ਆਚਾਰਯ ਆਏ ਹੋਏ ਸਨ। ਇਸਲਾਮ ਮਤ ਵੱਲੋਂ ਮੌਲਵੀ ਪਧਾਰੇ ਅਤੇ ਸਿੱਖ ਧਰਮ ਵੱਲੋਂ ਗਿਆਨੀ ਸੰਤ ਸਿੰਘ ਜੀ ਮਸਕੀਨ ਸੱਦੇ ਗਏ ਸਨ। ਫਿਰ ਪ੍ਰਬੰਧਕਾਂ ਨੇ ਇਕ ਨਾਸਤਕ ਵੀ ਬੁਲਾ ਲਿਆ। ਸੰਮੇਲਨ ਆਰੰਭ ਹੋਇਆ। ਸਮਾਂ-ਵੰਡ ਇਸ ਤਰ੍ਹਾਂ ਕੀਤੀ ਗਈ ਕਿ ਹਰ ਧਰਮ ਦੇ ਵਕਤੇ ਨੂੰ ਆਪਣੇ ਮਜ਼੍ਹਬ ਦੀ ਗੱਲ ਕਹਿਣ ਲਈ ਵੀਹ ਮਿੰਟ ਮਿਲਣੇ ਸਨ ਅਤੇ ਹਰ ਵਕਤੇ ਤੋਂ ਬਾਅਦ ਨਾਸਤਿਕ ਨੂੰ ਸਮਾਂ ਮਿਲਣਾ ਸੀ ਕਿ ਵਕਤਿਆਂ ਦੀਆਂ ਧਰਮ ਅਤੇ ਪਰਮਾਤਮਾ ਸੰਬੰਧੀ ਦਿੱਤੀਆਂ ਦਲੀਲਾਂ ਤੇ ਕਹੀਆਂ ਵਿਚਾਰਾਂ ਨੂੰ ਨਕਾਰਿਆ ਜਾ ਸਕੇ। ਫਿਰ ਐਸਾ ਹੀ ਹੋਇਆ। ਪਹਿਲਾਂ ਈਸਾਈ ਧਰਮ ਵੱਲੋਂ ਪਾਦਰੀ ਨੇ ਵਿਚਾਰ ਰੱਖੇ, ਫਿਰ ਮੌਲਵੀ ਬੋਲਿਆ। ਉਸ ਨਾਸਤਿਕ ਨੇ ਦੋਹਾਂ ਦੀਆਂ ਦਲੀਲਾਂ ਨੂੰ ਰੱਦ ਕਰ ਦਿੱਤਾ। ਫਿਰ ਵਾਰੀ ਆਈ ਮਸਕੀਨ ਜੀ ਦੇ ਬੋਲਣ ਦੀ। ਵੀਹ ਕੁ ਮਿੰਟ ਮਸਕੀਨ ਜੀ ਬੋਲੇ ਤੇ ਨਾਸਤਿਕ ਪੁਰਸ਼ ਉੱਠਿਆ। ਉਸ ਨੇ ਮਸਕੀਨ ਜੀ ਨੂੰ ਕਿਹਾ ਕਿ ਮੈਂ ਤੁਹਾਡੇ 'ਤੇ ਕੁਝ ਬੋਲਣਾ ਨਹੀਂ, ਪਰ ਜੋ ਕੁਝ ਤੁਸਾਂ ਬੋਲਿਆ ਹੈ, ਤੁਹਾਡੇ ਪਾਸੋਂ ਉਸ ਬਾਰੇ ਸੁਆਲ ਪੁੱਛਣੇ ਹਨ। ਆਪ ਜੀ ਨੇ ਕਿਹਾ—ਪੁੱਛੋ! ਨਾਸਤਿਕ ਕਹਿਣ ਲੱਗਾ—ਜਿਸ ਰੱਬ ਬਾਰੇ ਤੁਸੀਂ ਵੀਹ ਮਿੰਟ ਬੋਲੇ ਹੋ, ਉਸ ਨੂੰ ਕਦੇ ਵੇਖਿਆ ਹੈ ? ਆਪ ਜੀ ਨੇ ਕਿਹਾ—ਨਹੀਂ। ਨਾਸਤਿਕ ਨੇ ਕਿਹਾ—ਜਿਸ ਨੂੰ ਤੁਸਾਂ ਵੇਖਿਆ ਨਹੀਂ, ਉਸ ਬਾਰੇ ਏਨਾ ਸਮਾਂ ਬੋਲਦੇ ਰਹੇ। ਲੋਕਾਂ

ਦਾ ਸਮਾਂ ਖ਼ਰਾਬ ਪਏ ਕਰਦੇ ਓ। ਤੇ ਨਾਲ ਹੀ ਆਖ ਦਿੱਤਾ ਕਿ ਮੈਂ ਪਹਿਲੇ ਵਕਤਿਆਂ ਦੀਆਂ ਦਲੀਲਾਂ ਰੱਦ ਕਰ ਦਿੱਤੀਆਂ ਹਨ, ਤੁਹਾਡੀਆਂ ਵੀ ਰੱਦ ਕਰ ਦਿਆਂਗਾ।

ਮਸਕੀਨ ਜੀ ਨੇ ਕਿਹਾ—ਜਿਸ ਨੂੰ ਵੇਖਿਆ ਨਾ ਹੋਵੇ ਤਾਂ ਏਹਦਾ ਇਹ ਮਤਲਬ ਤਾਂ ਨਹੀਂ ਕਿ ਉਸ ਦੀ ਕੋਈ ਹੋਂਦ ਹੀ ਨਹੀਂ। ਖੰਡ ਤਾਂ ਦਿੱਸਦੀ ਹੈ, ਪਰ ਮਿਠਾਸ ਤਾਂ ਦਿੱਸਦੀ ਨਹੀਂ। ਮਿਰਚਾਂ ਦਿੱਸਦੀਆਂ ਹਨ, ਪਰ ਕਉੜੱਤਣ ਤਾਂ ਦਿੱਸਦੀ ਨਹੀਂ। ਅੱਗੋਂ ਨਾਸਤਿਕ ਕਹਿਣਾ ਲੱਗਾ—ਖੰਡ ਜੇਕਰ ਮੂੰਹ ਵਿਚ ਪਾਈਏ ਤਾਂ ਝੱਟ ਮਿਠਾਸ ਦਾ ਸੁਆਦ ਆ ਜਾਂਦਾ ਹੈ। ਮਿਰਚਾਂ ਜੇਕਰ ਮੂੰਹ ਵਿਚ ਪਾਈਏ, ਉਸੇ ਵਕਤ ਕਉੜੱਤਣ ਦਾ ਅਹਿਸਾਸ ਹੋ ਜਾਂਦਾ ਹੈ, ਪਰ ਵਾਹਿਗੁਰੂ ਵਾਹਿਗੁਰੂ ਕਰਦੇ ਰਹੀਏ ਤਾਂ ਕੁਝ ਵੀ ਪਤਾ ਨਹੀਂ ਚੱਲਦਾ ਕਿ ਵਾਹਿਗੁਰੂ ਹੈ ਵੀ ਕਿ ਨਹੀਂ। ਤਾਂ ਮਸਕੀਨ ਜੀ ਨੇ ਦਲੀਲ ਦਿੱਤੀ ਕਿ ਬੇਹੋਸ਼ ਮਨੁੱਖ ਦੇ ਮੂੰਹ ਵਿਚ ਖੰਡ ਦੀ ਮਿਠਾਸ ਕਿਵੇਂ ਆਵੇਗੀ ? ਬੇਹੋਸ਼ ਮਨੁੱਖ ਨੂੰ ਕਉੜੱਤਣ ਦਾ ਅਹਿਸਾਸ ਕਿਵੇਂ ਹੋਵੇਗਾ ?

ਨਾਸਤਿਕ ਆਖਣ ਲੱਗਾ ਕਿ ਮੈਂ ਤੁਹਾਨੂੰ ਬੇਹੋਸ਼ ਦਿੱਸਦਾ ਹਾਂ। ਤੁਹਾਡੀ ਮੈਂ ਇਕ ਵੀ ਚੱਲਣ ਨਹੀਂ ਦੇਣੀ। ਫਿਰ ਮਸਕੀਨ ਜੀ ਨੇ ਉਸ ਪਾਸੋਂ ਪੁੱਛਿਆ ਕਿ ਅੱਛਾ ਤੁਸੀਂ ਮੈਨੂੰ ਆਪਣੇ ਪਿਤਾ ਜੀ ਦਾ ਨਾਮ ਦੱਸੋਗੇ ? ਉਸ ਨਾਸਤਿਕ ਦੇ ਮੂੰਹੋਂ ਨਿਕਲਿਆ, ਇਸ ਬਹਿਸ ਵਿਚ ਮੇਰੇ ਪਿਤਾ ਦੀ ਕੀ ਲੋੜ ਪੈ ਗਈ ? ਮਸਕੀਨ ਜੀ ਕਹਿਣ ਲੱਗੇ ਕਿ ਲੋੜ ਪੈ ਗਈ ਹੈ। ਕ੍ਰਿਪਾ ਕਰਕੇ ਆਪਣੇ ਪਿਤਾ ਜੀ ਦਾ ਨਾਮ ਦੱਸੋ ?

ਉਸ ਦੇ ਪਿਤਾ ਦਾ ਨਾਮ ਦਲੀਪ ਸਾਲੂਕੇ ਸੀ। ਨਾਸਤਿਕ ਪੁਰਸ਼ ਨੇ ਦੱਸਿਆ ਕਿ ਮੇਰੇ ਪਿਤਾ ਜੀ ਦਾ ਨਾਮ ਦਲੀਪ ਸਾਲੂਕੇ ਹੈ। ਮਹਾਂਪੁਰਸ਼ਾਂ ਕਿਹਾ ਕਿ ਜੇਕਰ ਮੈਂ ਸ਼ੱਕ ਕਰਾਂ ਕਿ ਦਲੀਪ ਸਾਲੂਕੇ ਤੇਰਾ ਪਿਤਾ ਨਹੀਂ, ਤੁਸੀਂ ਸਿੱਧ ਕਰ ਕੇ ਦੱਸੋ ? ਇਹ ਸੁਣਦਿਆਂ ਹੀ ਉਹ ਇਕਦਮ ਆਪੇ ਤੋਂ ਬਾਹਰ ਹੋ ਗਿਆ ਤੇ ਕਾਹਲੀ ਨਾਲ ਬੋਲਿਆ ਕਿ ਇਕ ਧਾਰਮਿਕ ਵਿਅਕਤੀ ਦੇ ਮੂੰਹੋਂ ਇਹੋ ਜਿਹੀ ਗੱਲ ਸ਼ੋਭਾ ਨਹੀਂ ਦਿੰਦੀ। ਤੁਸੀਂ ਤਹਿਜ਼ੀਬ ਤੋਂ ਬਾਹਰ ਹੋ ਗਏ ਹੋ। ਮੇਰੇ ਪਿਤਾ 'ਤੇ ਸ਼ੱਕ ਕਰਦੇ ਹੋ ?

ਮਸਕੀਨ ਜੀ ਨੇ ਅੱਗੋਂ ਬਾਦਲੀਲ ਉੱਤਰ ਦਿੱਤਾ ਕਿ ਮੈਂ ਤਾਂ ਤੇਰੇ ਪਿਉ 'ਤੇ ਸ਼ੱਕ ਕੀਤਾ ਹੈ, ਪਰ ਤੁਸਾਂ 'ਤੇ ਜਗਤ ਪਿਤਾ 'ਤੇ ਸ਼ੱਕ ਕੀਤਾ ਹੈ, ਜਿਸ ਨੇ ਤੇਰੇ ਪਿਤਾ ਵਰਗੇ ਸੰਸਾਰ ਅੰਦਰ ਅਨੰਤ ਪੈਦਾ ਕਰ ਕੇ ਭੇਜੇ ਹਨ। ਜਿਵੇਂ ਮਾਂ ਦੇ ਬਚਨਾਂ 'ਤੇ ਭਰੋਸਾ ਕਰ ਕੇ ਪਿਉ ਨੂੰ ਪਿਉ ਮੰਨੀਦਾ ਹੈ, ਇਵੇਂ ਹੀ ਗੁਰੂ

ਮਾਂ 'ਤੇ ਭਰੋਸਾ ਕਰ ਕੇ ਪਰਮਾਤਮਾ ਨੂੰ ਪਰਮਾਤਮਾ ਮੰਨੀਦਾ ਹੈ। ਮਸਕੀਨ ਜੀ ਪਾਸੋਂ ਇਹ ਬਚਨ ਸੁਣਦਿਆਂ ਹੀ ਧਾਰਮਿਕ ਵਕਤੇ ਜੋ ਸਿਰ ਨੀਵਾਂ ਕਰ ਕੇ ਬੈਠੇ ਸਨ, ਇਕਦਮ ਖੇੜੇ ਤੇ ਹੁਲਾਸ ਵਿਚ ਆ ਗਏ। ਹਾਜ਼ਰੀਨ ਸਰੋਤਿਆਂ ਨੇ ਮਸਕੀਨ ਜੀ ਦੇ ਹੱਕ ਵਿਚ ਤਾੜੀਆਂ ਵਜਾ ਦਿੱਤੀਆਂ। ਆਖ਼ਰ ਉਹ ਨਾਸਤਿਕ ਵੀ ਕਹਿਣ ਲੱਗਾ ਕਿ ਇਸ ਰੂਪ ਵਿਚ ਮੇਰਾ ਵੀ ਮਨ ਮੰਨਦਾ ਹੈ, ਪਰ ਜੋ ਰੱਬ ਨੂੰ ਸੱਤਵੇਂ ਅਸਮਾਨ ਜਾਂ ਪਾਤਾਲ ਵਿਚ ਮੰਨਦੇ ਹਨ, ਉਨ੍ਹਾਂ ਨਾਲ ਮੈਂ ਸਹਿਮਤ ਨਹੀਂ ਹਾਂ। ਕੋਈ ਸ਼ਕਤੀ ਤਾਂ ਹੈ ਜੋ ਸਾਰਾ ਪ੍ਰਬੰਧ ਚਲਾ ਰਹੀ ਹੈ। ਮਸਕੀਨ ਜੀ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਜੀ ਇਹੋ ਹੀ ਦਲੀਲ ਦਿੰਦੇ ਹਨ :

**ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥**
**ਸਗਲ ਪਰੋਈ ਅਪੁਨੈ ਸੂਤਿ ॥** *(ਗਉੜੀ ਸੁਖਮਨੀ ਮ: ੫, ਪੰਨਾ 284)*

ਇਕ ਉਦਾਹਰਣ ਹੋਰ :

ਇਸੇ ਤਰ੍ਹਾਂ ਇਕ ਹੋਰ ਅਸਥਾਨ 'ਤੇ ਕੁਝ ਸੰਨਿਆਸੀ ਅਤੇ ਤਿਆਗੀ ਆਦਿ ਮਹਾਤਮਾ ਇਕੱਠੇ ਹੋਏ। ਪ੍ਰਬੰਧਕਾਂ ਨੇ ਮਸਕੀਨ ਜੀ ਨੂੰ ਵੀ ਸੱਦਾ-ਪੱਤਰ ਭੇਜਿਆ, ਤਾਂ ਆਪ ਜੀ ਵੀ ਪਹੁੰਚੇ। ਇਕ ਬ੍ਰਹਮਚਾਰੀ ਅਖੌਤੀ ਤਿਆਗੀ ਮਸਕੀਨ ਜੀ ਨੂੰ ਕ੍ਰੋਧਿਤ ਨਜ਼ਰਾਂ ਨਾਲ ਵੇਖ ਰਿਹਾ ਸੀ ਕਿ ਭਈ ਇਸ ਗ੍ਰਿਹਸਥੀ ਪੁਰਸ਼ ਨੂੰ ਇਸ ਸਮਾਗਮ ਵਿਚ ਕਿਉਂ ਬੁਲਾ ਲਿਆ ਹੈ। ਆਖ਼ਰ ਉਸ ਦੇ ਕ੍ਰੋਧ ਨੇ ਉਸ ਨੂੰ ਬੇਚੈਨ ਕਰ ਦਿੱਤਾ। ਪ੍ਰਬੰਧਕਾਂ ਨੂੰ ਖਿੱਝ ਕੇ ਆਖਣ ਲੱਗਾ ਕਿ ਇਸ ਸੰਮੇਲਨ ਅੰਦਰ ਗ੍ਰਿਹਸਥੀ ਨੂੰ ਕਿਉਂ ਬੁਲਾਇਆ ਗਿਆ ਹੈ ?

ਦਰਅਸਲ ਇਹਨਾਂ ਅਖੌਤੀ ਤਿਆਗੀਆਂ ਨੂੰ ਇਕ ਭਰਮ ਹੈ ਕਿ ਅਸੀਂ ਗ੍ਰਿਹਸਥੀਆਂ ਤੋਂ ਸ੍ਰੇਸ਼ਟ ਹਾਂ। ਇਹ ਤਾਂ ਬੰਧਨਾਂ ਵਿਚ ਪਏ ਹਨ ਤੇ ਅਸੀਂ ਆਜ਼ਾਦ ਹਾਂ। ਗ੍ਰਿਹਸਥੀਆਂ ਉਪਰ ਕੀਤੀ ਤਨਜ਼ ਨੂੰ ਸੁਣ ਕੇ ਮਸਕੀਨ ਜੀ ਨੇ ਉਸ ਨੂੰ ਉੱਤਰ ਦਿੱਤਾ ਕਿ ਮਹਾਤਮਾ ਜੀ! ਜਿਸ ਸ੍ਰੀ ਰਾਮ ਚੰਦਰ ਜੀ ਨੂੰ ਤੁਸੀਂ ਅਰਾਧਦੇ ਹੋ, ਗ੍ਰਿਹਸਥੀ ਤਾਂ ਉਹ ਵੀ ਸਨ। ਪਹਿਲਾਂ ਉਹਨਾਂ ਨਾਲੋਂ ਸੀਤਾ ਮਈਆ ਨੂੰ ਅਲੱਗ ਕਰੋ। ਗ੍ਰਿਹਸਥੀ ਤਾਂ ਸ਼ਿਵਜੀ ਵੀ ਹਨ। ਪਾਰਬਤੀ ਨੂੰ ਕਿਵੇਂ ਨਿਖੇੜੋਗੇ ? ਸ੍ਰੀ ਕ੍ਰਿਸ਼ਨ ਜੀ ਗ੍ਰਿਹਸਥੀ ਸਨ। ਤੁਹਾਡੇ ਇਸ਼ਟ ਤਾਂ ਗ੍ਰਿਹਸਥੀ ਜੀਵਨ ਵਾਲੇ ਹਨ। ਇੰਨੇ ਚਿਰ ਨੂੰ ਇਕ ਸੰਨਿਆਸੀ ਉਸ ਬ੍ਰਹਮਚਾਰੀ ਸਾਧ ਨੂੰ ਕਹਿਣ ਲੱਗਾ ਕਿ ਤੈਨੂੰ ਆਖਿਆ ਸੀ ਕਿ ਸਰਦਾਰ ਜੀ ਨਾਲ ਪੰਗਾ ਨਾ ਲੈਣਾ। ਇਹ ਸੁਣ ਕੇ ਉਹ ਸਾਧ ਨਿਰੁੱਤਰ ਹੋ ਗਿਆ ਤੇ ਉਸ ਨੇ ਨਿੰਮੋਝੂਣਾ ਬਣ ਕੇ ਬੈਠਣ 'ਚ ਹੀ ਭਲਾ ਜਾਣਿਆ।

ਇਸ ਤਰ੍ਹਾਂ ਦੀ ਬਾਦਲੀਲ ਵਿਚਾਰ-ਸ਼ੈਲੀ ਦੀ ਦਾਤ ਸਤਿਗੁਰੂ ਜੀ ਨੇ ਮਸਕੀਨ ਜੀ ਦੀ ਝੋਲੀ ਪਾਈ। ਹਰ ਥਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਵਡੱਤਣ ਅਤੇ ਗੁਰੂ-ਪੰਥ ਦੀ ਮਹਾਨਤਾ ਪ੍ਰਗਟਾਈ। ਨਕਲੀ ਗੁਰੂਆਂ ਅਤੇ ਧਾਰਮਿਕ ਪਾਖੰਡੀਆਂ ਦੇ ਆਪ ਜੀ ਬਖੀਏ ਉਧੇੜ ਦਿਆ ਕਰਦੇ ਸਨ। ਬਿਨਾਂ ਕਿਸੇ ਦਬਾਓ ਦੇ ਗੁਰ-ਸ਼ਬਦ ਦੀ ਬਰਕਤ ਨਾਲ "ਸਚੁ ਸੁਣਾਇਸੀ ਸਚ ਕੀ ਬੇਲਾ" ਉੱਤੇ ਪਹਿਰਾ ਦਿੰਦੇ ਹੋਏ ਆਪ ਜੀ ਸੱਚੇ ਪਰਮਾਤਮਾ 'ਚ ਲੀਨ ਹੋ ਗਏ। ਮੇਰੇ ਇਕ ਮਿੱਤਰ ਨੇ ਦੱਸਿਆ ਕਿ ਮਸਕੀਨ ਜੀ ਦੇ ਅਕਾਲ ਚਲਾਣੇ ਦੀ ਖ਼ਬਰ ਸੁਣ ਕੇ ਇਕ ਨਾਮਧਾਰੀ ਸੇਜਲ ਅੱਖਾਂ ਨਾਲ ਮਿਲਿਆ। ਉਸ ਨੂੰ ਪੁੱਛਿਆ ਕਿ ਮਸਕੀਨ ਜੀ ਤਾਂ ਗੁਰੂ ਜੀ ਦੀ ਰੀਸ ਕਰਨ ਵਾਲਿਆਂ ਨੂੰ ਬਹੁਤ ਲੰਬੇ ਹੱਥੀਂ ਲਿਆ ਕਰਦੇ ਸਨ, ਤੁਹਾਡੇ ਨੇਤ੍ਰ ਕਿਉਂ ਭਰੇ ਹਨ ? ਉਹ ਪੁਰਸ਼ ਆਖਣ ਲੱਗਾ— ਭਾਵੇਂ ਕੁਝ ਵੀ ਹੋਵੇ,. ਮਸਕੀਨ ਜੀ ਗੱਲ ਬੜੀ ਗਹਿਰੀ ਕਰਦੇ ਸਨ। ਉਹਨਾਂ ਦੀ ਖੋਜ ਬੜੀ ਡੂੰਘੇਰੀ ਹੁੰਦੀ ਸੀ। ਉਹਨਾਂ ਨੂੰ ਸੁਣਦਿਆਂ ਸੁਰਤ ਰੂਹਾਨੀ ਮੰਡਲਾਂ ਦੀ ਤਾਰੀ ਲਾਉਣ ਲੱਗ ਪੈਂਦੀ ਸੀ।

ਇਹ ਸੱਚਾਈ ਹੈ ਕਿ ਸਤਿਗੁਰੂ ਜੀ ਨੇ ਉਹਨਾਂ ਨੂੰ ਅਨੰਤ ਬਰਕਤਾਂ ਨਾਲ ਨਿਵਾਜਿਆ ਸੀ। ਉਹ ਜਿਧਰ ਵੀ ਜਾਂਦੇ ਹਨ, ਰਿਧੀਆਂ-ਸਿਧੀਆਂ ਪਰਛਾਵੇਂ ਵਾਂਗ ਉਹਨਾਂ ਦੇ ਪਿੱਛੇ ਪਿੱਛੇ ਰਹਿੰਦੀਆਂ। ਹਰ ਮਨੁੱਖ ਨੂੰ ਮਹਿਸੂਸ ਹੁੰਦਾ ਕਿ ਮੇਰਾ ਪਿਆਰ ਮਸਕੀਨ ਜੀ ਨਾਲ ਬਹੁਤ ਹੈ, ਜਦ ਕਿ ਮਸਕੀਨ ਜੀ ਦਾ ਪਿਆਰ ਸਾਰਿਆਂ ਨਾਲ ਸੀ। ਗੁਰੂ ਜੀ ਨੇ ਬਹੁਤ ਸੁੰਦਰ ਫ਼ੁਰਮਾਇਆ ਹੈ :

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥**
**ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ ॥**

*(ਧਨਾਸਰੀ ਮ: ੫, ਪੰਨਾ 671)*

ਅੰਮ੍ਰਿਤਮਈ ਬਾਣੀ ਦੇ ਅੰਮ੍ਰਿਤ-ਰਸ ਨਾਲ ਭਰੀ ਹੋਈ ਇਸ ਮਹਾਨ ਹਸਤੀ ਦਾ ਰੱਬੀ ਸੱਦੇ ਅਨੁਸਾਰ ਪਰਮਾਤਮਾ ਦੇ ਪਾਸ ਚਲੇ ਜਾਣ ਕਾਰਨ ਇਸ ਸ਼ਖ਼ਸੀਅਤ ਦਾ ਵਿਅਕਤੀਗਤ ਵਿਛੋੜਾ ਸੰਗਤਾਂ ਲਈ ਅਸਹਿ ਬਣ ਗਿਆ। ਵੈਰਾਗ ਦੀਆਂ ਨਦੀਆਂ ਨੇ ਨੇਤਰਾਂ ਨੂੰ ਆਪਣਾ ਰਸਤਾ ਬਣਾਇਆ। ਟੈਲੀਵਿਯਨ ਤੋਂ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲਿਆਂ ਦੀ ਰਸਨਾ ਤੋਂ ਗਾਇਆ ਇਹ ਸ਼ਬਦ ਬਾਰ-ਬਾਰ ਸੁਣਾਇਆ ਜਾ ਰਿਹਾ ਸੀ :

**ਬਾਬਾ ਬੋਲਤੇ ਤੇ ਕਹਾ ਗਏ ਦੇਹੀ ਕੇ ਸੰਗਿ ਰਹਤੇ ॥**

*(ਆਸਾ ਕਬੀਰ ਜੀ, ਪੰਨਾ 480)*

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹਜ਼ੂਰੀ ਰਾਗੀਆਂ ਨੇ ਵੀ ਤਿੰਨ ਦਿਨ ਉਹਨਾਂ ਪਾਵਨ ਸ਼ਬਦਾਂ ਨੂੰ ਗਾਇਆ, ਜਿਹਨਾਂ ਨੂੰ ਸੁਣਦਿਆਂ ਬਿਰਹਾ ਦੀ ਕਸਕ ਚਰਮ ਸੀਮਾ ਤਕ ਪਹੁੰਚ ਗਈ। ਵਾਹਿਗੁਰੂ ਜੀ ਵੱਲੋਂ ਬਣਾਏ ਹੋਏ ਚਲਾਇਮਾਨ ਵਰਤਾਰੇ ਅਨੁਸਾਰ ਮਸਕੀਨ ਜੀ ਦਾ ਅਕਾਲ ਚਲਾਣਾ ਇਸ ਤਰ੍ਹਾਂ ਮਹਿਸੂਸ ਕਰਾ ਰਿਹਾ ਸੀ ਜਿਵੇਂ ਸਾਰੀ ਫ਼ਿਜ਼ਾ ਵੀ ਗ਼ਮਜ਼ਦਾ ਹੋ ਗਈ ਹੋਵੇ :

**ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥**

*(ਵਡਹੰਸੁ ਮਹਲਾ ੧, ਪੰਨਾ 558)*

ਸੱਚਖੰਡ ਸ੍ਰੀ ਦਰਬਾਰ ਸਾਹਿਬ ਤੋਂ ਰੱਬੀ ਹੁਕਮ ਨੂੰ ਸਤਿ ਸਤਿ ਕਰ ਕੇ ਮੰਨਣ ਵਾਲੇ ਸ਼ਬਦਾਂ ਦਾ ਗਾਇਨ ਮਸਕੀਨ ਜੀ ਨੂੰ ਸੱਚੀ ਦਰਗਾਹ 'ਚੋਂ ਬਖ਼ਸ਼ਿਸ਼ ਦਾ ਸਿਰੋਪਾ ਮਿਲੇ ਹੋਣ ਦਾ ਪ੍ਰਤੱਖ ਪ੍ਰਮਾਣ ਹੈ। ਇਕ ਸਫਲ ਤੇ ਸੰਪੂਰਨ ਯਾਤਰਾ ਦੀ ਇਹੋ ਪਹਿਚਾਣ ਹੈ। ਚਹੁੰ ਕੂੰਟਾਂ ਅੰਦਰ ਸਤਿਗੁਰੂ ਜੀ ਦੀ ਵਡਿਆਈ ਅਤੇ ਮਹਿਮਾ ਜਣਾ ਕੇ ਆਪ ਜੀ ਸਤਿ-ਸਰੂਪ ਸਤਿਗੁਰੂ ਜੀ ਦੇ ਚਰਨਾਂ 'ਚ ਪਹੁੰਚ ਗਏ। ਆਪ ਜੀ ਜੈਸੇ ਸਚਿਆਰਿਆਂ ਪ੍ਰਤੀ ਸਤਿਗੁਰੂ ਜੀ ਦਾ ਰਹਿਮਤ ਭਰਿਆ ਫ਼ੁਰਮਾਨ ਹੈ :

**ਐਸੇ ਜਨ ਵਿਰਲੇ ਸੰਸਾਰੇ ॥ ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥**
**ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ ॥**

*(ਮਾਰੂ ਮਹਲਾ ੧, ਪੰਨਾ 1039)*

# ਐਸੇ ਜਨ ਵਿਰਲੇ ਸੰਸਾਰੇ

ਤਿੰਨ ਮਾਰਚ 2005 ਨੂੰ ਅਲਵਰ ਨਵੇਂ ਬਣ ਰਹੇ ਗੁਰਮਤਿ ਸਮਾਗਮ ਅਸਥਾਨ ਵਿਖੇ ਮਸਕੀਨ ਜੀ ਨੂੰ ਸ਼ਰਧਾ ਸਹਿਤ ਆਪਣੀ ਦਿਲੀ ਸ਼ਰਧਾਂਜਲੀ ਭੇਟ ਕਰਨ ਲਈ ਧਾਰਮਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਵੱਡੀ ਗਿਣਤੀ ਵਿਚ ਪਹੁੰਚੀਆਂ। ਮਸਕੀਨ ਜੀ ਨੇ ਆਪ ਸਾਰੀ ਉਮਰ ਰਾਜਨੀਤਕ ਮਨੁੱਖਾਂ ਕੋਲੋਂ ਦੂਰੀ ਹੀ ਬਣਾਈ ਰੱਖੀ। ਜੇ ਕੋਈ ਮਿਲਣ ਆ ਗਿਆ ਤਾਂ ਗੁਰਸਿੱਖ ਹੋਣ ਕਰਕੇ ਉਸ ਦਾ ਆਦਰ ਕੀਤਾ, ਪਰ ਕੋਈ ਉਚੇਚ ਨਾ ਕੀਤੀ। ਅਲਵਰ ਵਿਖੇ ਹਰੇਕ ਸਾਲ ਗੁਰਮਤਿ ਸਮਾਗਮ ਵਾਲੀ ਸਟੇਜ ਧਰਮ ਪ੍ਰਚਾਰ ਵਾਸਤੇ ਹੀ ਰੱਖੀ। ਧਾਰਮਿਕ ਸ਼ਖ਼ਸੀਅਤਾਂ ਨੂੰ ਆਪ ਜੀ ਵਿਸ਼ੇਸ਼ ਮਾਣ ਦਿਆ ਕਰਦੇ ਸਨ। ਉਹਨਾਂ ਦੇ ਪਿਆਰ ਦੇ ਵਿਸ਼ਾਲ ਦਾਇਰੇ ਅੰਦਰੋਂ ਸਾਰੇ ਧਰਮਾਂ ਦੇ ਧਾਰਮਿਕ ਪੁਰਸ਼ ਆਨੰਦ ਅਨੁਭਵ ਕਰਿਆ ਕਰਦੇ ਸਨ।

ਆਪ ਜੀ ਨਾਲ ਵਿਚਰਨ ਵਾਲਿਆਂ ਨੂੰ ਪਤਾ ਹੈ ਕਿ ਆਪ ਜੀ ਦਾ ਨਾ ਕਿਸੇ ਨਾਲ ਸਿਆਸੀ ਲਗਾਓ ਸੀ ਅਤੇ ਨਾ ਹੀ ਕਿਸੇ ਨਾਲ ਜ਼ਾਤੀ ਵਿਰੋਧ। ਆਪ ਦੇ ਨਾਲ ਪਿਆਰ ਕਰਨ ਵਾਲਿਆਂ ਦੀ ਗਿਣਤੀ ਸਾਰੇ ਹੱਦ-ਬੰਨਿਆਂ ਤੋਂ ਪਾਰ ਸੀ। ਇਸ ਦੀ ਮਿਸਾਲ ਸੰਗਤਾਂ ਤੇ ਪ੍ਰੇਮੀਆਂ ਦਾ ਉਹ ਵਿਸ਼ਾਲ ਇਕੱਠ ਸੀ ਜਿਹੜੇ ਕੇਵਲ ਤੇ ਕੇਵਲ ਅਦਬ-ਭਾਵ ਨਾਲ ਮਸਕੀਨ ਜੀ ਪ੍ਰਤੀ ਆਪਣਾ ਪਿਆਰ ਪ੍ਰਗਟ ਕਰਨ ਆਏ ਸਨ।

ਸਵੇਰੇ ਗੁਰ-ਮਰਯਾਦਾ ਅਨੁਸਾਰ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਪਿਆ। ਉਪਰੰਤ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਆਏ ਹਜ਼ੂਰੀ ਰਾਗੀ ਜਥਿਆਂ ਨੇ ਵਾਰੋ-ਵਾਰੀ ਕੀਰਤਨ ਕੀਤਾ। ਸੰਗਤਾਂ ਸੇਜਲ ਤੇ ਨਮ ਹੋਈਆਂ ਅੱਖਾਂ ਨਾਲ ਬੈਠੀਆਂ ਕੀਰਤਨ ਸੁਣ ਰਹੀਆਂ ਸਨ। ਉਸ ਤੋਂ ਬਾਅਦ ਸ਼ਰਧਾਂਜਲੀ ਸਮਾਗਮ ਆਰੰਭ ਹੋ ਗਿਆ। ਧਾਰਮਿਕ ਤੇ ਰਾਜਨੀਤਕ ਪੁਰਸ਼ਾਂ ਨੇ ਮਸਕੀਨ ਜੀ ਨੂੰ ਬਹੁਤ ਹੀ ਭਾਵ-ਭਿੰਨੇ ਅੰਦਾਜ਼ ਵਿਚ ਸ਼ਰਧਾ-ਸੁਮਨ ਅਰਪਿਤ ਕਰਦਿਆਂ ਹੋਇਆਂ ਆਪ ਜੀ ਦੀਆਂ ਪੰਥ ਪ੍ਰਤੀ ਅਤੇ ਮਾਨਵਤਾ

ਪ੍ਰਤੀ ਘਾਲਣਾ ਦਾ ਜ਼ਿਕਰ ਕੀਤਾ। 'ਗੁਰਮਤਿ ਪ੍ਰਕਾਸ਼' ਮੈਗਜ਼ੀਨ ਦੇ ਸਾਬਕਾ ਸੰਪਾਦਕ ਤੇ ਲਿਖਾਰੀ ਭਾਈ ਰੂਪ ਸਿੰਘ ਜੋ ਸਟੇਜ ਦੀ ਸੇਵਾ ਨਿਭਾ ਰਹੇ ਸਨ, ਨੇ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਵੇਖ ਕੇ ਆਖਿਆ ਕਿ ਕਿਸੇ ਪ੍ਰਚਾਰਕ ਦੇ ਭੋਗ ਸਮੇਂ ਏਡਾ ਵੱਡਾ ਇਕੱਠ ਪਹਿਲੀ ਵਾਰ ਵੇਖਿਆ ਹੈ।

ਪਰ ਕੌਣ ਦੱਸੇ, ਜਿਸ ਮਹਾਨ ਸ਼ਖ਼ਸੀਅਤ ਦੇ ਇਸ ਇਕੱਠ ਨੂੰ ਵੇਖ ਕੇ ਹੈਰਾਨੀ ਪ੍ਰਗਟਾਈ ਗਈ, ਉਹ ਕੇਵਲ ਪ੍ਰਚਾਰਕ ਨਹੀਂ ਸਨ। ਪ੍ਰਚਾਰਕਾਂ ਦੇ ਅਕਾਲ ਚਲਾਣੇ ਹੁੰਦੇ ਰਹੇ ਹਨ ਅਤੇ ਹੁੰਦੇ ਰਹਿਣਗੇ। ਏਨਾ ਵੱਡਾ ਇਕੱਠ ਨਾ ਕਦੇ ਪਹਿਲੇ ਹੋਇਆ ਹੈ ਨਾ ਹੋਵੇਗਾ। ਪ੍ਰਚਾਰਕ ਤਾਂ ਅੱਜ ਵੀ ਰੁਲ ਰਹੇ ਹਨ, ਜਿਹਨਾਂ ਨੇ ਆਪਣੀ ਸਾਰੀ ਜ਼ਿੰਦਗੀ ਪ੍ਰਚਾਰ ਸੇਵਾ ਨੂੰ ਸਮਰਪਿਤ ਕਰ ਦਿੱਤੀ। ਮਸਕੀਨ ਜੀ ਨਾਮ-ਰਸਿਕ-ਬੈਰਾਗੀ ਪੁਰਸ਼ ਸਨ। ਗੁਰਬਾਣੀ ਦਾ ਪਰਮ-ਰਸ ਉਨ੍ਹਾਂ ਦੇ ਰੋਮ-ਰੋਮ ਅੰਦਰ ਵੱਸਿਆ ਹੋਇਆ ਸੀ। ਗੁਰ-ਮੰਤਰ ਦੀ ਕਮਾਈ ਨਾਲ ਉਹਨਾਂ ਨੇ ਆਪਣੇ ਭੰਡਾਰ ਭਰ ਲਏ ਸਨ, ਜਿਥੋਂ ਵਰਤਾਂਦਿਆਂ ਅਤੇ ਵਰਤਦਿਆਂ ਕਦੇ ਵੀ ਤੋਟ ਦਾ ਸੁਆਲ ਹੀ ਪੈਦਾ ਨਹੀਂ ਹੋ ਸਕਦਾ। ਸਤਿਗੁਰੂ ਜੀ ਦਾ ਅੰਮ੍ਰਿਤਮਈ ਬਚਨ ਹੈ:

**ਖਾਵਹਿ ਖਰਚਹਿ ਰਲਿ ਮਿਲਿ ਭਾਈ॥**
**ਤੋਟਿ ਨ ਆਵੈ ਵਧਦੋ ਜਾਈ॥** *(ਗਉੜੀ ਮਹਲਾ ੫, ਪੰਨਾ 186)*

ਮਸਕੀਨ ਜੀ ਮਨ, ਬਚਨ ਤੇ ਕਰਮ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਪੰਥ ਨੂੰ ਸਮਰਪਿਤ ਸਨ। ਸਤਿਗੁਰੂ ਜੀ ਨੇ ਆਪਣੀਆਂ ਅਗੰਮੀ ਬਰਕਤਾਂ ਨਾਲ ਉਹਨਾਂ ਦੀਆਂ ਝੋਲੀਆਂ ਭਰ ਰੱਖੀਆਂ ਸਨ, ਇਸ ਲਈ ਉਹਨਾਂ ਨੂੰ ਪੂਰਨ ਪੁਰਖ ਦੇ ਰੂਪ ਵਿਚ ਵੇਖਣਾ ਚਾਹੀਦਾ ਹੈ, ਨਾ ਕਿ ਆਮ ਪ੍ਰਚਾਰਕ ਵਾਂਗ। ਪੁਰਖਾਂ ਨਾਲ ਤਾਂ ਸੰਸਾਰ ਭਰਿਆ ਪਿਆ ਹੈ ਜੋ ਅੰਦਰੋਂ ਹੌਲੇ ਤੇ ਈਰਖਾ-ਦਵੈਸ਼ ਵਿਚ ਜੀਵਨ ਲੰਘਾ ਰਹੇ ਹਨ, ਪਰ ਪੂਰਨ ਪੁਰਖ ਜਾਂ ਮਹਾਂਪੁਰਖ ਕਦੇ ਕੋਈ ਕੋਈ ਹੁੰਦਾ ਹੈ। ਔਗੁਣਹਾਰੇ ਦੇ ਅਵਗੁਣ ਵੇਖ ਕੇ ਖ਼ਫ਼ਾ ਨਾ ਹੋਣਾ, ਸਗੋਂ ਉਸ ਉੱਤੇ ਦਇਆ ਕਰਨੀ, ਉਸ ਨੂੰ ਢੰਗ ਨਾਲ ਸੁਧਾਰਨਾ ਜਾਂ ਸੁਧਰਨ ਦਾ ਅਵਸਰ ਪੈਦਾ ਕਰਨਾ ਹੀ ਮਹਾਂਪੁਰਖ ਹੋਣ ਦੀ ਪਹਿਚਾਣ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਐਸਾ ਹੀ ਮੰਨਿਆ ਅਤੇ ਦਰਸਾਇਆ ਹੈ:

**ਗਨਿਕਾ ਪਾਪਣਿ ਹੋਇਕੈ ਪਾਪਾਂ ਦਾ ਗਲਿ ਹਾਰੁ ਪਰੋਤਾ॥**
**ਮਹਾਂ ਪੁਰਖੁ ਆਚਾਣਚਕ ਗਨਿਕਾ ਵਾੜੇ ਆਇ ਖਲੋਤਾ॥**
**ਦੁਰਮਤਿ ਦੇਖਿ ਦਇਆਲ ਹੋਇ ਹਥਹੁੰ ਉਸਨੋ ਦਿਤੋਨੁ ਤੋਤਾ॥**
**ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜ ਸਓਤਾ॥**

**ਲਿਵਲਾਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ॥**
**ਪਤਿਤ ਉਧਾਰਣੁ ਰਾਮ ਨਾਮ ਦੁਰਮਤਿ ਪਾਪ ਕਲੇਵਰੁ ਧੋਤਾ॥**
**ਅੰਤਕਾਲੁ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁਸੁ ਗੋਤਾ॥**
**ਗਈ ਬੈਕੁੰਠ ਬਿਬਾਣਿ ਚੜ੍ਹਿ ਨਾਉ ਨਰਾਇਣੁ ਛੋਤਿ ਅਛੋਤਾ॥**
**ਥਾਉ ਨਿਥਾਵੇ ਮਾਣੁ ਮਣੋਤਾ॥੨੧॥੧੦॥**

ਅੰਦਰੋਂ ਗਉਰੇ ਸਤਿਪੁਰਸ਼ਾਂ ਦੀ ਬੱਸ ਇਹੋ ਹੀ ਪਹਿਚਾਣ ਹੈ। ਗਨਿਕਾ ਦੀ ਦੁਰਮਤਿ ਵੇਖ ਕੇ ਮਹਾਂਪੁਰਖਾਂ ਨੇ ਨਫ਼ਰਤ ਨਹੀਂ ਕੀਤੀ, ਸਗੋਂ ਉਸ ਦੇ ਪਾਰ-ਉਤਾਰੇ ਲਈ ਦਇਆ ਵੱਸ ਹੋ ਤੋਤੇ ਰਾਹੀਂ ਨਾਮ ਜਪਣ ਦੀ ਜੁਗਤ ਬਣਾ ਦਿੱਤੀ। ਪਰਉਪਕਾਰੀ ਪੁਰਖ ਡਿੱਗਿਆਂ ਨੂੰ, ਪਤਿਤਾਂ ਨੂੰ ਉਠਾਲਦੇ ਹਨ। ਮਸਕੀਨ ਜੀ ਨੇ ਦੇਸ਼-ਵਿਦੇਸ਼ ਅੰਦਰ ਅਨੇਕਾਂ ਡਿੱਗਿਆਂ ਨੂੰ ਉਠਾਇਆ ਤੇ ਮੁੜ ਗੁਰੂ-ਚਰਨਾਂ ਨਾਲ ਜੋੜਿਆ, ਕਿਉਂਕਿ ਜੁੜਨਾ ਤੇ ਜੋੜਨਾ ਹੀ ਲਕਸ਼ ਸੀ। ਕਦੇ ਕਿਸੇ ਨੂੰ ਆਪਣੇ ਅਹਿਸਾਨ ਦੇ ਭਾਰ ਹੇਠ ਨਾ ਦਬਾਇਆ, ਨਾ ਉਸ ਨੂੰ ਜਣਾਇਆ।

ਦੇਸ਼-ਵਿਦੇਸ਼ ਦੀਆਂ ਸੰਗਤਾਂ ਤੇ ਪ੍ਰਬੰਧਕ ਹਮੇਸ਼ਾ ਉਹਨਾਂ ਦੀ ਮੁਕੱਦਸ ਰਸਨਾ ਤੋਂ ਅੰਮ੍ਰਿਤਮਈ ਕਥਾ ਸੁਣਨ ਲਈ ਬੇਤਾਬ ਰਹਿੰਦੇ ਅਤੇ ਸਮੇਂ ਦੀ ਮੰਗ ਕਰਦੇ ਰਹਿੰਦੇ, ਜਦੋਂ ਕਿ ਪ੍ਰਚਾਰਕ ਵਿਚਾਰੇ ਆਪ ਪ੍ਰਬੰਧਕਾਂ ਪਾਸੋਂ ਸਮੇਂ ਦੀ ਮੰਗ ਕਰਦੇ ਰਹਿੰਦੇ ਹਨ ਅਤੇ ਅੱਗੋਂ ਉੱਤਰ ਮਿਲਦਾ ਹੈ—ਸੋਚਾਂਗੇ, ਵਿਚਾਰਾਂਗੇ। ਵੇਖਣ ਵਿਚ ਆਇਆ ਹੈ ਕਿ ਕਈ ਗੁਰਦੁਆਰਿਆਂ ਦੇ ਪ੍ਰਬੰਧਕ ਗੁਰਮਤਿ ਗਿਆਨ ਤੋਂ ਸੱਖਣੇ ਅਤੇ ਧੜੇਬੰਦੀ ਨਾਲ ਸੰਬੰਧਿਤ ਹੁੰਦੇ ਹਨ। ਗੁਰਮਤਿ ਪ੍ਰਚਾਰ ਦੀ ਲਹਿਰ ਉਥੇ ਸੁੱਕ ਗਈ ਹੁੰਦੀ ਹੈ। ਕਦੇ ਕਦੇ ਕੋਈ ਗੁਰੂ-ਭਾਵਨਾ ਵਾਲੇ ਤੇ ਗੁਰਮਤਿ ਜੀਵਨ ਜੁਗਤ ਵਾਲੇ ਸੱਜਣ ਵੀ ਹੁੰਦੇ ਹਨ, ਜਿਹਨਾਂ ਅੰਦਰ ਧਰਮ ਦਾ ਪ੍ਰਚਾਰ ਤੇ ਸਿੱਖੀ ਦਾ ਪਿਆਰ ਹੁੰਦਾ ਹੈ। ਫੋਕੀ ਸ਼ੁਹਰਤ ਦੇ ਵਣਜਾਰੇ ਗੁਰਦੁਆਰਿਆਂ ਨੂੰ ਪੌੜੀ ਬਣਾ ਕੇ ਸੱਤਾ ਦੇ ਸਿਆਸੀ ਫਲ ਨੂੰ ਚੱਖਣ ਲਈ ਹਮੇਸ਼ਾ ਤਾਕ ਅੰਦਰ ਰਹਿੰਦੇ ਹਨ।

ਅਜੋਕੇ ਸਮੇਂ ਅੰਦਰ ਐਸੇ ਵਰਤਾਰੇ ਤੇ ਗੁਰਦੁਆਰਿਆਂ ਦੇ ਪ੍ਰਬੰਧਕੀ ਨਿਜ਼ਾਮ ਨੂੰ ਵੇਖ ਕੇ ਮਸਕੀਨ ਜੀ ਦਾ ਹਿਰਦਾ ਤੜਪ ਉਠਿਆ। ਉਹਨਾਂ ਨੇ ਇਸ ਨਿਜ਼ਾਮ ਨੂੰ ਬਦਲ ਕੇ ਨਿਸ਼ਕਾਮ ਗੁਰ-ਸੇਵਕਾਂ ਨੂੰ ਗੁਰੂ ਘਰ ਦੀਆਂ ਸੇਵਾਵਾਂ ਕਰਨ ਲਈ ਅੱਗੇ ਆਉਣ ਦਾ ਹੋਕਾ ਦਿੱਤਾ। ਇਸ ਸੰਬੰਧ ਵਿਚ ਉਹਨਾਂ ਨੇ ਇਕ ਪੁਸਤਕ ਵੀ ਲਿਖੀ ਹੈ—*ਦੇਸ਼-ਵਿਦੇਸ਼ ਦੇ ਗੁਰਦੁਆਰਿਆਂ ਦਾ ਪ੍ਰਬੰਧਕੀ ਢਾਂਚਾ ਅਤੇ ਪ੍ਰਚਾਰਕ ਸ਼੍ਰੇਣੀ* ।

ਧਰਮ ਹਮੇਸ਼ਾ ਸਚਿਆਰੇ ਪੁਰਸ਼ਾਂ ਨਾਲ ਜਗਤ ਅੰਦਰ ਫੈਲਦਾ ਹੈ। ਐਸੇ ਸਤਿਪੁਰਸ਼ਾਂ ਦੀ ਹਮੇਸ਼ਾ ਸੰਸਾਰ ਨੂੰ ਲੋੜ ਮਹਿਸੂਸ ਹੁੰਦੀ ਰਹਿੰਦੀ ਹੈ। ਮਸਕੀਨ ਜੀ ਦਾ ਇਹ ਵਿਛੋੜਾ ਹਰੇਕ ਗੁਰੂ ਪਿਆਰੇ ਅਤੇ ਸੱਚ ਦੇ ਮੁਤਲਾਸ਼ੀਆਂ ਵਾਸਤੇ ਅਸਹਿ ਬਣ ਗਿਆ। ਗੁਰਮਤਿ ਸਾਗਰ ਦੀਆਂ ਵਿਸਮਾਦੀ ਲਹਿਰਾਂ ਉਹਨਾਂ ਦੇ ਹਿਰਦੇ ਰਾਹੀਂ ਸੰਗਤ ਤਕ ਪਹੁੰਚਦੀਆਂ ਰਹੀਆਂ ਹਨ। ਗੁਰਮਤਿ ਨੂੰ ਪਿਆਰ ਕਰਨ ਵਾਲਿਆਂ ਦੀ ਸੁਰਤ ਸਰੂਰ ਨਾਲ ਭਰੀ ਰਹਿੰਦੀ, ਸਤਿਗੁਰੂ ਜੀ ਨੇ ਐਸੀ ਵਡਿਆਈ ਆਪ ਜੈਸੇ ਸਤਿਪੁਰਸ਼ਾਂ ਦੀ ਝੋਲੀ ਪਾਈ ਸੀ :

**ਐਸੇ ਜਨ ਵਿਰਲੇ ਸੰਸਾਰੇ ॥**
**ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ ॥**
**ਆਪਿ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ ॥**

*(ਮਾਰੂ ਮਹਲਾ ੧, ਪੰਨਾ 1039)*

# ਮਸਕੀਨ ਜੀ ਤੋਂ ਗੁਰਮਤਿ ਰੰਗਣ

ਕੈਨੇਡਾ ਵਿਚ ਇਕ ਗੁਰਦੁਆਰਾ ਸਾਹਿਬ ਵਿਖੇ ਮੈਨੂੰ ਤਿੰਨ ਸੱਜਣ ਮਿਲਣ ਆਏ। ਦੋ ਗੁਰਸਿੱਖੀ ਦੇ ਸੁੰਦਰ ਸਰੂਪ 'ਚ ਸਜੇ ਹੋਏ ਸਨ--ਦਰਸ਼ਨੀ ਸਿੰਘ ਅਤੇ ਇਕ ਉਹਨਾਂ ਦਾ ਸਾਥੀ ਸਤਿਗੁਰੂ ਜੀ ਦੀ ਇਸ ਦਾਤ ਤੋਂ ਅਜੇ ਸੱਖਣਾ ਸੀ। ਉਹਨਾਂ ਤਿੰਨਾਂ ਨੇ ਬੜੇ ਹੀ ਮੁਹੱਬਤ-ਭਾਵ ਨਾਲ ਅਪਣੱਤ ਅੰਦਰ ਭਿੱਜੇ ਹਿਰਦਿਆਂ ਵਿੱਚੋਂ ਵਾਹਿਗੁਰੂ ਜੀ ਦੀ ਫ਼ਤਹਿ ਦੀ ਮੇਰੇ ਨਾਲ ਪਰਸਪਰ ਸਾਂਝ ਕੀਤੀ। ਸੁੱਖ-ਸਾਂਦ ਪੁੱਛਣ ਉਪਰੰਤ ਕਹਿਣ ਲੱਗੇ ਕਿ ਅੱਜ ਅਸੀਂ ਕੰਮ 'ਚੋਂ ਸਮਾਂ ਕੱਢ ਕੇ ਸਿਰਫ਼ ਪੰਜ ਕੁ ਮਿੰਟ ਤੁਹਾਨੂੰ ਮਿਲਣ ਆਏ ਹਾਂ। ਅਸੀਂ ਤਿੰਨ ਚਾਰ ਦਿਨਾਂ ਤੋਂ ਤੁਹਾਡੀ ਕਥਾ ਰੇਡੀਓ ਤੋਂ ਸੁਣਦੇ ਰਹੇ ਹਾਂ। ਅਸੀਂ ਪ੍ਰੋਗਰਾਮ ਬਣਾਇਆ ਹੈ ਕਿ ਅੱਜ ਗਿਆਨੀ ਜੀ ਨੂੰ ਜ਼ਰੂਰ ਮਿਲ ਕੇ ਆਉਣਾ ਹੈ।

ਅੱਗੇ ਉਹਨਾਂ ਨੇ ਗੱਲਬਾਤ ਜਾਰੀ ਰੱਖਦਿਆਂ ਆਖਿਆ ਕਿ ਗਿਆਨੀ ਜੀ, ਸਾਡਾ ਯਕੀਨ ਹੈ ਕਿ ਤੁਸੀਂ ਮਸਕੀਨ ਜੀ ਦੇ ਨੇੜੇ ਜ਼ਰੂਰ ਰਹੇ ਹੋਵੋਗੇ। ਮੈਂ ਮੁਸਕਰਾ ਕੇ ਆਖਿਆ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ ਮਸਕੀਨ ਜੀ ਦਾ ਸੰਗ-ਸਾਥ ਦਾਸ ਨੂੰ ਨਸੀਬ ਹੋਇਆ ਹੈ ਅਤੇ ਉਹਨਾਂ ਦੀਆਂ ਅਸੀਸਾਂ ਹਮੇਸ਼ਾ ਹੀ ਮਾਣੀਦੀਆਂ ਹਨ। ਕੋਈ ਪੂਰਬਲਾ ਭਾਗ ਹੀ ਹੈ ਕਿ ਏਨੀ ਮਹਾਨ ਸ਼ਖ਼ਸੀਅਤ ਦੀ ਪਾਵਨ ਸੰਗਤ ਸਾਨੂੰ ਜੀਵਨ ਅੰਦਰ ਪ੍ਰਾਪਤ ਹੋਈ ਹੈ। ਉਸ ਸਮੇਂ ਮੇਰਾ ਮਸਤਕ ਸਤਿਗੁਰੂ ਜੀ ਦੇ ਸ਼ੁਕਰਾਨੇ ਵਿਚ ਝੁਕ ਗਿਆ। ਇਕ ਅਦੀਬ ਦੇ ਬੋਲ ਵੀ ਯਾਦ ਆਏ :

ਉਨ ਕਾ ਹੀ ਨੂਰ ਹੈ ਜੋ ਚਮਕ ਰਹਾ ਹੈ ਚਿਹਰੇ ਮੇਂ।
ਵਰਨਾ ਕੌਨ ਦੇਖਤਾ ਹਮੇਂ ਇਸ ਰਾਤ ਕੇ ਅੰਧੇਰੇ ਮੇਂ।

ਇਹ ਸੱਜਣ ਕਹਿਣ ਲੱਗੇ ਕਿ ਅਸੀਂ ਹਮੇਸ਼ਾ ਮਸਕੀਨ ਜੀ ਦੇ ਰਿਣੀ ਹਾਂ ਜਿਹਨਾਂ ਦੀਆਂ ਕੈਸਟਾਂ ਸੁਣ ਕੇ ਸਾਨੂੰ ਗੁਰਮਤਿ ਦੇ ਅਮੀਰ ਵਿਰਸੇ ਦੀ ਮਹਾਨਤਾ ਸਮਝ ਆਈ ਅਤੇ ਆਪਣੇ ਪੁਰਖਿਆਂ ਦੀਆਂ ਕੁਰਬਾਨੀਆਂ ਬਾਰੇ ਸੁਚੇਤਤਾ ਪ੍ਰਾਪਤ ਹੋਈ। ਅੱਛਾ! ਫਿਰ ਕਿਸੇ ਦਿਨ ਮਿਲ ਬੈਠਣ ਦਾ ਪ੍ਰੋਗਰਾਮ ਬਣਾਵਾਂਗੇ ਅਤੇ

ਬਹੁਤ ਸਾਰੀਆਂ ਗੱਲਾਂ ਸਾਂਝੀਆਂ ਕਰਾਂਗੇ। ਆਪਣੇ ਨਾਮ ਅਤੇ ਟੈਲੀਫ਼ੋਨ ਨੰਬਰ ਮੈਨੂੰ ਦੱਸ ਕੇ ਤਿੰਨੇ ਫ਼ਤਹਿ ਬੁਲਾ ਕੇ ਕਾਹਲੀ-ਕਾਹਲੀ ਚਲੇ ਗਏ।

ਇਹ ਸੱਜਣ ਸਨ ਭਾਈ ਅਮਰਜੀਤ ਸਿੰਘ ਜੀ ਖੋਸਾ, ਭਾਈ ਸਤਵਿੰਦਰ ਪਾਲ ਸਿੰਘ ਜੰਗੀ ਅਤੇ ਭਾਈ ਬਲਦੇਵ ਸਿੰਘ ਮਾਨ। ਕੈਨੇਡਾ, ਅਮਰੀਕਾ ਆਦਿ ਦੇਸ਼ਾਂ ਵਿਚ ਇਕ ਦੂਸਰੇ ਨੂੰ ਮਿਲਣ-ਮਿਲਾਣ ਲਈ ਸਮਾਂ ਪਹਿਲਾਂ ਨਿਸਚਿਤ ਕਰਨਾ ਪੈਂਦਾ ਹੈ। ਤਰਜ਼ਿ-ਜ਼ਿੰਦਗੀ ਇਸ ਤਰ੍ਹਾਂ ਦੀ ਹੈ ਕਿ ਕੋਈ ਵੀ ਕਿਤੇ ਵਿਹਲਾ ਨਹੀਂ ਹੈ। ਆਖ਼ਰ ਪ੍ਰੋਗਰਾਮ ਬਣਿਆ। ਵਾਰੀ-ਵਾਰੀ ਖੋਸਾ ਜੀ ਅਤੇ ਜੰਗੀ ਜੀ ਦੇ ਘਰ ਗਏ। ਉਹਨਾਂ ਨੇ ਆਪਣੀਆਂ ਉਹ ਫੋਟੋ ਦਿਖਾਈਆਂ ਜਦੋਂ ਉਹ ਅਜੋਕੇ ਨੌਜਵਾਨਾਂ ਵਾਂਗ ਆਪਣੇ ਸਤਿਗੁਰੂ ਜੀ ਦੇ ਬਖ਼ਸ਼ਿਸ਼ ਕੀਤੇ ਸਰੂਪ ਅਤੇ ਸਿੱਖੀ ਵਿਰਾਸਤ ਤੋਂ ਅਚੇਤ ਸਨ, ਪਰ 'ਦੇਰ ਆਏ ਦਰੁਸਤ ਆਏ' ਦੇ ਕਥਨ ਅਨੁਸਾਰ ਹੁਣ ਉਹ ਅੰਮ੍ਰਿਤਧਾਰੀ ਹੋ ਕੇ ਸਤਿਗੁਰੂ ਜੀ ਦੀਆਂ ਮਿਹਰਾਂ ਦੇ ਪਾਤਰ ਬਣ ਗਏ ਹਨ।

ਕੁਝ ਵਿਦੇਸ਼ਾਂ ਦੀ ਛਿਣ-ਭੰਗਰ ਚਮਕ-ਦਮਕ ਦੀ ਖਿੱਚ ਅਤੇ ਪ੍ਰਭਾਵ ਅਤੇ ਜ਼ਿਆਦਾ ਰਾਜਨੀਤੀ ਦਾ ਧਰਮ ਉਪਰ ਕਬਜ਼ਾ, ਜਿਸ ਨੇ ਨੌਜਵਾਨ ਵਰਗ ਨੂੰ ਨਿਰਾਸ ਅਤੇ ਧਰਮ ਤੋਂ ਬੇਮੁਖ, ਪਤਿਤ ਹੋਣ ਲਈ ਮਜਬੂਰ ਕੀਤਾ। ਮਦ-ਮਸਤ ਹਾਥੀ ਨੂੰ ਅੰਕੁਸ (ਕੁੰਡਾ) ਹੀ ਸੁਧਾਰ ਕੇ ਰੱਖਦਾ ਹੈ ਅਤੇ ਸੇਧ ਦਿੰਦਾ ਹੈ, ਪਰ ਹਾਥੀ ਨੇ ਆਪਣੇ ਸਿਰ ਤੋਂ ਕੁੰਡਾ ਪਰੇ ਕਰ ਛੱਡਿਆ ਹੈ ਅਤੇ ਆਪ-ਹੁਦਰਾ ਹੋ ਗਿਆ ਹੈ :

**ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ॥**

*(ਮ: ੩, ਪੰਨਾ 516)*

ਧਰਮ ਦੇ ਆਗੂ ਧਰਮ ਲਈ ਪੰਜ ਪ੍ਰਤੀਸ਼ਤ ਅਤੇ ਰਾਜਨੀਤੀ ਲਈ ਪਚਾਨਵੇਂ ਪ੍ਰਤੀਸ਼ਤ ਫ਼ਿਕਰਮੰਦ ਹਨ, ਜਿਸ ਕਰਕੇ ਕੌਮ ਦਾ ਭਵਿੱਖ ਨੌਜਵਾਨ ਪੀੜ੍ਹੀ ਯੋਗ ਅਗਵਾਈ ਤੋਂ ਬਿਨਾਂ ਭਟਕਣਾ ਦੇ ਰਾਹ ਪੈ ਗਈ ਹੈ।

ਕਦੇ-ਕਦੇ ਮਸਕੀਨ ਜੀ ਵਰਗੀ ਹਸਤੀ ਪੰਥ ਅੰਦਰ ਪੈਦਾ ਹੋ ਕੇ ਧਰਮ ਤੋਂ ਡੋਲੇ ਅਤੇ ਡਿੱਗਿਆਂ ਨੂੰ ਗੁਰੂ-ਬਚਨਾਂ ਦੇ ਆਸਰੇ ਅਤੇ ਸਮਰੱਥਾ ਨਾਲ ਮੁੜ ਥੰਮ੍ਹਦੀ ਅਤੇ ਉਠਾਉਂਦੀ ਹੈ। ਐਸਾ ਹੀ ਕ੍ਰਿਸ਼ਮਾ ਇਹਨਾਂ ਸੱਜਣਾਂ ਸੰਗ ਵਾਪਰਿਆ। ਸੁਹਾਵਣੀ ਅਤੇ ਸਫਲ ਜ਼ਿੰਦਗੀ ਦਾ ਭੇਦ ਗੁਰਬਾਣੀ ਵਿਚਾਰ ਤੋਂ ਮਸਕੀਨ ਜੀ ਰਾਹੀਂ ਇਹਨਾਂ ਨੂੰ ਪ੍ਰਾਪਤ ਹੋਇਆ। ਇਹ ਸੱਜਣ ਭੇਖ ਅਤੇ ਵਿਖਾਵਿਆਂ ਦੇ ਧਾਰਨੀਆਂ ਤੋਂ ਪਹਿਲਾਂ ਵੀ ਅਤੇ ਹੁਣ ਵੀ ਦੂਰ ਹਨ। ਗੁਰਮਤਿ ਜੁਗਤ ਅਨੁਸਾਰ ਸੁਚੇਤ ਹੋ ਕੇ ਜੀਵਨ ਨੂੰ ਸਫਲ ਕਰ ਰਹੇ ਹਨ।

ਆਪਣੀ ਯਾਦ-ਪਟਾਰੀ ਨੂੰ ਖੋਹਲਦਿਆਂ ਇਹਨਾਂ ਸੱਜਣਾਂ ਨੇ ਦੱਸਿਆ ਕਿ ਜਦ ਸਾਨੂੰ ਪਹਿਲੀ ਵਾਰ ਮਸਕੀਨ ਜੀ ਦੀ ਕਥਾ ਦੀ ਇਕ ਕੈਸਟ ਮਿਲੀ ਤਾਂ ਅਸਾਂ ਬਹੁਤ ਧਿਆਨ ਨਾਲ ਸੁਣੀ। ਸਾਡਾ ਹਿਰਦਾ ਕਿਸੇ ਅਨੋਖੇ ਹੀ ਰਸ ਨਾਲ ਭਰ ਗਿਆ। ਗਿਆਨ ਦੇ ਨਵੇਂ-ਨਵੇਂ ਦਰਵਾਜ਼ੇ ਖੁੱਲ੍ਹੇ। ਫਿਰ ਅਸੀਂ ਇਹ ਕੈਸਟ ਇਕ ਪ੍ਰਸਿੱਧ ਕਾਮਰੇਡ ਕੋਲ ਲੈ ਗਏ, ਜਿਸ ਨੇ ਇਹ ਕੈਸਟ ਸੁਣ ਕੇ ਆਖਿਆ ਕਿ ਪੰਥ ਅੰਦਰ ਐਸਾ ਸਲੀਕੇ ਵਾਲਾ ਬੁਲਾਰਾ ਮੈਂ ਕੋਈ ਨਹੀਂ ਦੇਖਿਆ ਅਤੇ ਨਾ ਹੀ ਮੈਂ ਇਹਨਾਂ ਨੂੰ ਜਾਣਦਾ ਹਾਂ, ਪਰ ਇਕ ਗੱਲ ਮੈਂ ਪੂਰੇ ਯਕੀਨ ਨਾਲ ਆਖਦਾ ਹਾਂ ਕਿ ਇਹ ਕੋਈ ਮਹਾਨ ਸ਼ਖ਼ਸੀਅਤ ਹੈ, ਕੋਈ ਐਵੇਂ ਜਿਹਾ ਕਥਾਕਾਰ ਨਹੀਂ। ਤੁਹਾਨੂੰ ਜਿੰਨੀਆਂ ਵੀ ਕੈਸਟਾਂ ਮਿਲਣ, ਇਕੱਠੀਆਂ ਕਰੀ ਜਾਇਓ, ਇਹ ਇਕ ਗੁਰਮਤਿ ਗਿਆਨ ਦਾ ਕੀਮਤੀ ਤੇ ਦੁਰਲੱਭ ਖ਼ਜ਼ਾਨਾ ਹੈ।

ਇੰਜ ਮਸਕੀਨ ਜੀ ਦੀਆਂ ਕੈਸਟਾਂ ਇਕੱਠੀਆਂ ਕਰਨ ਅਤੇ ਸੁਣਨ ਦੀ ਜਗਿਆਸਾ ਹੋਰ ਵਧੇਰੇ ਹੋ ਗਈ। ਫਿਰ ਤਾਂ 'ਰੰਗ ਲਾਗਤ ਲਾਗਤ ਲਾਗਤ ਹੈ' ਦੀ ਕਲਾ ਵਰਤੀ। ਇਹ ਕਲਾ ਏਨੀ ਬੁਲੰਦੀਆਂ 'ਤੇ ਲੈ ਗਈ ਕਿ ਪ੍ਰੋ. ਮੋਹਨ ਸਿੰਘ ਦੇ ਬੋਲਾਂ ਅਨੁਸਾਰ :

ਲਾਈ ਲਗ ਮੋਮਨ ਦੇ ਨਾਲੋਂ ਖੋਜੀ ਕਾਫ਼ਿਰ ਚੰਗਾ।

ਦੀ ਮੰਜ਼ਲ ਸਰ ਹੋ ਗਈ। ਕਾਰ-ਵਿਹਾਰ ਦੇ ਨਾਲ ਨਾਲ ਹਾਲਾਤ ਨੇ ਉਸ ਮੋੜ 'ਤੇ ਲਿਆ ਖੜਾ ਕੀਤਾ ਕਿ ਗੁਰਮਤਿ ਦੇ ਪਿੜ ਅੰਦਰ ਪੂਰੀ ਸ਼ਿੱਦਤ ਤੇ ਇਮਾਨਦਾਰੀ ਨਾਲ ਪੰਥਕ ਫ਼ਰਜ਼ ਨੂੰ ਪਛਾਣਦੇ ਹੋਏ ਕਲਮ ਕਾਗ਼ਜ਼ ਲੈ ਕੇ ਕੁੱਦ ਪਏ। ਉਸ ਸਮੇਂ ਕੈਨੇਡਾ ਅਤੇ ਪੰਥ ਅੰਦਰ ਨਵੀਆਂ ਨਵੀਆਂ ਦੁਬਿਧਾਵਾਂ ਤਹਿਤ ਬਹਿਸਾਂ ਨੇ ਜਨਮ ਲੈ ਲਿਆ ਜੋ ਕਿਸੇ ਹੱਦ ਤਕ ਫੋਕੇ ਫ਼ਲਸਫ਼ਿਆਂ ਦੀ ਦਾਸਤਾਂ ਬਣ ਕੇ ਰਹਿ ਗਿਆ। ਮਨਮਤੀ ਵਰਤਾਰੇ ਨੂੰ ਬਾ-ਦਲੀਲ ਅਤੇ ਖੋਜ ਆਧਾਰਿਤ ਗੁਰਮਤਿ ਵਿਚਾਰਾਂ ਨਾਲ ਠੱਲ੍ਹ ਪਾਉਣ ਲਈ ਭਾਈ ਅਮਰਜੀਤ ਸਿੰਘ ਖੋਸਾ ਅਤੇ ਸਤਵਿੰਦਰਪਾਲ ਸਿੰਘ ਜੰਗੀ ਦੇ ਗੁਰਮਤਿ ਪ੍ਰਾਇਣ ਹਿਰਦਿਆਂ ਅੰਦਰੋਂ ਵਲਵਲੇ ਸਫੁਰ ਹੋ ਗਏ। ਗੁਰਮਤਿ ਦੀ ਰੌਸ਼ਨੀ ਅੰਦਰ ਬਾ-ਦਲੀਲ ਵਿਚਾਰਾਂ ਦੇ ਨਿਸ਼ਾਨੇ ਸੇਧੇ। ਅੰਤ ਇਕ ਪੁਸਤਕ ਨੇ ਰੂਪ ਧਾਰਿਆ, ਜਿਸ ਦਾ ਨਾਮ ਹੈ *ਦਸਮੇਸ਼-ਕ੍ਰਿਤ ਪ੍ਰਮਾਣਿਕਤਾ* । ਇਸ ਖੋਜ ਅਤੇ ਲਲਕਾਰ ਦੇ ਸਾਹਮਣੇ ਦੁਬਿਧਾ ਅਤੇ ਸ਼ੱਕ ਦੇ ਕਾਲੇ ਬੱਦਲ ਫਟਣ ਤੇ ਉੱਡਣ ਲਈ ਮਜਬੂਰ ਹੋ ਗਏ। ਇਸ ਪੁਸਤਕ ਦੀ ਭੂਮਿਕਾ ਸਚਖੰਡ ਵਾਸੀ ਗੁਰਮਤਿ

ਵਿਦਿਆ ਮਾਰਤੰਡ ਗਿਆਨੀ ਸੰਤ ਸਿੰਘ ਜੀ ਮਸਕੀਨ ਨੇ ਲਿਖ ਕੇ ਗੁਰਮਤਿ-ਰੰਗੀਆਂ ਸੁਰਤਾਂ ਨੂੰ ਥਾਪੜਾ ਦਿੱਤਾ। ਪੰਥ ਪ੍ਰਸਿੱਧ ਵਿਦਵਾਨਾਂ ਨੇ ਇਸ ਪੁਸਤਕ ਸੰਬੰਧੀ ਆਪਣੇ ਪ੍ਰੌਢ ਵਿਚਾਰ ਸ਼ਾਬਾਸ਼ ਵਜੋਂ ਦਿੱਤੇ। ਉਤਸ਼ਾਹ ਵਜੋਂ ਪ੍ਰੋਫ਼ੈਸਰ ਜੋਧ ਸਿੰਘ ਜੀ ਨੇ ਲੰਬਾ-ਚੌੜਾ ਲੇਖ ਲਿਖ ਕੇ ਗੁਰਮਤਿ ਖ਼ਾਤਰ ਜੂਝ ਮਰੋਂ ਦੇ ਸਾਥ ਦਾ ਪ੍ਰਣ ਕੀਤਾ।

ਖੋਸਾ ਜੀ ਗੁਰੂ ਸ਼ੁਕਰਾਨੇ ਅੰਦਰ ਵਿਚਰਦੇ ਹੋਏ ਬਹੁਤ ਹੀ ਪਿਆਰ-ਭਾਵ ਨਾਲ ਦੱਸਦੇ ਹਨ ਕਿ ਸਤਿਗੁਰੂ ਜੀ ਨੇ ਆਪਣੀ ਮਿਹਰ ਦੁਆਰਾ ਇਹ ਪੁਸਤਕ ਲਿਖਵਾ ਲਈ; ਜਿਸ ਨੂੰ ਲਿਖਣ ਬਾਰੇ ਕਦੇ ਕੋਈ ਚਿੱਤ ਚੇਤਾ ਵੀ ਨਹੀਂ ਸੀ ਅਤੇ ਵਿਦਵਾਨ ਅਖਵਾਉਣ ਦੀ ਲਾਲਸਾ ਵੀ ਨਹੀਂ ਸੀ। ਉਹਨਾਂ ਦੀ ਇਸ ਗਿਆਨ-ਭਰਪੂਰ ਗੁਰਮਤਿ ਦੀ ਰੌਸ਼ਨੀ 'ਚ ਹੋਈ ਖੋਜ ਅਤੇ ਮਿਹਨਤ ਤੋਂ ਦ੍ਰਿੜ੍ਹਤਾ ਤੇ ਪ੍ਰੇਰਨਾ ਮਿਲਦੀ ਹੈ। ਦੁਬਿਧਾ ਦੇ ਭੰਵਰ ਵਿਚ ਫਸੇ ਅਭਾਗੇ ਮਨੁੱਖਾਂ ਲਈ ਇਹ ਪੁਸਤਕ ਇਕ ਸਹਾਰੇ ਵਾਂਗ ਹੈ।

ਮਸਕੀਨ ਜੀ ਤੋਂ ਮਿਲੀ ਗੁਰਮਤਿ ਪ੍ਰੇਰਨਾ ਅਤੇ ਗੁਰਮਤਿ ਰੰਗਣ ਨੇ ਫ਼ਰਸ਼ਾਂ ਤੋਂ ਚੁੱਕ ਕੇ ਅਰਸ਼ੀ ਦਾਤੇ ਨਾਲ ਸਾਂਝ ਬਣਵਾਈ। ਇਸ ਤਰ੍ਹਾਂ ਅਨੇਕਾਂ ਹੀ ਵੀਰਾਂ ਤੇ ਭੈਣਾਂ ਨੂੰ ਗੁਰੂ ਜੀ ਦੀ ਗੋਦ ਦਾ ਨਿੱਘ ਪ੍ਰਾਪਤ ਹੋਇਆ। ਅਨੰਤ ਰੂਹਾਂ ਨੇ ਗੁਰਮਤਿ ਵਿਚਾਰਾਂ ਤੇ ਗੁਰਬਾਣੀ ਕਥਾ ਰਾਹੀਂ ਆਪਣਾ ਆਪ ਸੁਆਰਿਆ।

# ਗਿਆਨੀ ਸੰਤ ਸਿੰਘ ਜੀ ਮਸਕੀਨ ਗੁਰਮਤਿ ਪ੍ਰਚਾਰ ਵਹੀਰ ਅਤੇ ਗਿਆਨੀ ਰਣਜੀਤ ਸਿੰਘ ਗੌਹਰ

ਇਕ ਬੀਜ ਜਦ ਆਪਣੀ ਯਾਤਰਾ ਸ਼ੁਰੂ ਕਰਦਾ ਹੈ ਤਾਂ ਇਕੱਲਾ ਹੀ ਹੁੰਦਾ ਹੈ, ਪਰ ਇਕ ਖ਼ਾਸ ਮੁਕਾਮ 'ਤੇ ਉਹ ਆਪਣੇ ਵਿੱਚੋਂ ਹੀ ਆਪਣੇ ਵਰਗੇ ਅਨੇਕਾਂ ਬੀਜ ਪੈਦਾ ਕਰ ਲੈਂਦਾ ਹੈ ਜੋ ਸਮੇਂ, ਵੱਤਰ ਅਤੇ ਮੌਸਮ ਦੀ ਅਨੁਕੂਲਤਾ ਮਿਲਣ 'ਤੇ ਜਗਤ ਸਾਹਮਣੇ ਇਕ ਨਵਾਂ ਮੂੰਹ-ਮੁਹਾਂਦਰਾ ਅਤੇ ਰੂਪ ਲੈ ਕੇ ਪ੍ਰਗਟ ਹੁੰਦੇ ਹਨ। ਬਨਸਪਤੀ ਮੌਲਦੀ ਹੀ ਫਲ ਵਾਸਤੇ ਹੈ। ਵਿਕਾਸ ਤੇ ਵਿਗਾਸ ਕੁਦਰਤ ਦਾ ਸੁਭਾਅ ਹੈ। ਬਨਸਪਤੀ ਦਾ ਪ੍ਰਫੁੱਲਤ ਹੋਣਾ ਹੀ ਦੱਸਦਾ ਹੈ ਕਿ ਬ੍ਰਿਛਾਂ ਨੂੰ ਫੁੱਲ ਤੇ ਫਲ ਲੱਗਣਗੇ :

**ਫਲ ਕਾਰਨ ਫੂਲੀ ਬਨਰਾਇ ॥**

*(ਭੈਰਉ ਬਾਣੀ ਰਵਿਦਾਸ ਜੀਉ ਕੀ, ਪੰਨਾ 1167)*

ਗਿਆਨੀ ਸੰਤ ਸਿੰਘ ਜੀ ਮਸਕੀਨ ਨੇ ਆਪਣੀ ਪਾਵਨ ਹਯਾਤੀ ਅੰਦਰ ਕਈ ਕਥਾਕਾਰ ਬਣਾਏ। ਉਂਗਲ ਫੜ ਕੇ ਤੁਰਨ ਦੀ ਜਾਚ ਸਿਖਾਈ। ਸਿੱਖ ਜਗਤ ਦੇ ਰੂਬਰੂ ਉਹਨਾਂ ਨੂੰ ਕੀਤਾ ਤੇ ਪਰਵਾਨ ਚੜ੍ਹਾਇਆ। ਥਾਪੜੇ ਦੇ ਦੇ ਕੇ ਉਤਸ਼ਾਹ ਵਧਾਇਆ। ਇਹ ਵੱਖਰੀ ਗੱਲ ਹੈ ਕਿ ਪੁੱਤਰ, ਸਪੁੱਤਰ ਤੇ ਕਪੁੱਤਰ ਦੇ ਦਰਜਿਆਂ ਵਾਂਗ ਕਈਆਂ ਨੇ ਦਾਅਵਾ ਕਰ ਰੱਖਿਆ ਹੈ ਕਿ ਅਸੀਂ ਤਾਂ ਉਂਗਲ ਫੜੀ ਹੀ ਨਹੀਂ ਸੀ ਤੇ ਜਨਮ ਲੈਂਦਿਆਂ ਹੀ ਮਾਇਕ ਅੱਗੇ ਬੈਠ ਗਏ ਸਾਂ। ਖ਼ੈਰ!

ਮਸਕੀਨ ਜੀ ਨੇ ਵਿਅਕਤੀਗਤ ਰੂਪ ਅੰਦਰ ਵਿਚਰਦਿਆਂ ਆਪਣੇ ਵਿਦਿਆਰਥੀਆਂ ਨੂੰ ਹਮੇਸ਼ਾ ਨਾਲ ਰੱਖਿਆ ਅਤੇ ਮਾਂ ਦੀ ਮਮਤਾ ਵਾਂਗ ਇਹਨਾਂ ਨੂੰ ਸੰਭਾਲਿਆ। ਜਿਸ ਵੀ ਅਸਥਾਨ 'ਤੇ ਆਪ ਜੀ ਗੁਰਮਤਿ ਪ੍ਰਚਾਰ ਲਈ ਜਾਂਦੇ ਸਨ, ਉਥੇ ਰਿਹਾਇਸ਼, ਲੰਗਰ ਆਦਿ ਤੋਂ ਲੈ ਕੇ ਵਿਅਕਤੀਗਤ ਖ਼ਿਆਲ

ਵੀ ਰੱਖਦੇ ਸਨ। ਇਸ ਚੱਲਦੀ ਫਿਰਦੀ ਸੰਸਥਾ ਨੂੰ ਆਪ ਜੀ ਗੁਰਮਤਿ ਪ੍ਰਚਾਰ ਵਹੀਰ ਦਾ ਨਾਂ ਦਿਆ ਕਰਦੇ ਸਨ। ਉਹਨਾਂ ਦੇ ਇਸ ਵਹੀਰ ਅੰਦਰ ਨੌਜਵਾਨ, ਬਜ਼ੁਰਗ, ਪ੍ਰਚਾਰਕ, ਰਾਗੀ, ਕਵੀ ਅਤੇ ਸੇਵਾਦਾਰ ਵੀ ਹੁੰਦੇ ਸਨ, ਜਿਹਨਾਂ ਵਿੱਚ ਭਾਈ ਕਲਿਆਣ ਸਿੰਘ ਜੀ ਲਖਨਊ ਵਾਲੇ, ਗਿਆਨੀ ਹਰਨਾਮ ਸਿੰਘ ਜੀ ਚਾਕਰ ਕਾਦੀਆਂ ਵਾਲੇ, ਗਿਆਨੀ ਦਲੀਪ ਸਿੰਘ ਜੀ ਦਰਦੀ ਮਾਡਲ ਟਾਊਨ ਤਲਵਾੜਾ ਵਾਲੇ, ਗਿਆਨੀ ਜੈ ਸਿੰਘ ਸ਼ੁਗਲ ਕਵੀ ਕਾਨਪੁਰ, ਭਾਈ ਚਤੁਰ ਸਿੰਘ ਜੀ ਪੰਥ ਪ੍ਰਸਿੱਧ ਰਾਗੀ ਅਤੇ ਬਾਬਾ ਬਲਵੰਤ ਸਿੰਘ ਜੀ ਸੇਵਾਦਾਰ, ਆਦਿ ਸਨ। ਇਸੇ ਤਰ੍ਹਾਂ ਨੌਜਵਾਨ ਰਾਗੀ ਪ੍ਰਚਾਰਕਾਂ ਦਾ ਵੀ ਇਕ ਦਲ ਹੁੰਦਾ। ਮਸਕੀਨ ਜੀ ਅਕਸਰ ਮੌਜ ਵਿਚ ਆਇਆਂ ਇਸ ਵਹੀਰ ਨੂੰ ਬੁੱਢਾ ਦਲ ਤੇ ਤਰੁਨਾ ਦਲ ਵਜੋਂ ਕਈ ਵਾਰ ਸੰਬੋਧਨ ਕਰਦੇ ਸਨ। ਇਸ ਵਹੀਰ ਅੰਦਰ ਕਈ ਨਵੇਂ ਸਿਖਿਆਰਥੀ ਆਏ ਅਤੇ ਪ੍ਰੌਢ ਹੋ ਕੇ ਗਏ, ਫਿਰ ਵੀ ਇਹ ਵਹੀਰ ਧਰਮ ਪ੍ਰਚਾਰ ਕਰਦੀ ਹੋਈ ਗੁਰੂ ਜੀ ਦੀਆਂ ਖ਼ੁਸ਼ੀਆਂ ਮਾਣਦੀ ਰਹੀ।

ਤਿੰਨ ਮਾਰਚ ਸੰਨ 2005 ਨੂੰ ਅਲਵਰ ਵਿਖੇ ਨਵੇਂ ਗੁਰਮਤਿ ਅਸਥਾਨ ਵਿਖੇ ਵਿਸ਼ਾਲ ਪੰਡਾਲ ਅੰਦਰ ਦੇਸ਼ਾਂ-ਵਿਦੇਸ਼ਾਂ ਤੋਂ ਆਈਆਂ ਸਿੱਖ ਸੰਗਤਾਂ ਨੇ ਮਸਕੀਨ ਜੀ ਪ੍ਰਤੀ ਸਤਿਗੁਰੂ ਜੀ ਦੇ ਚਰਨਾਂ 'ਚ ਅਰਦਾਸ ਕਰਨੀ ਸੀ ਅਤੇ ਸ਼ਰਧਾਂਜਲੀ ਸਮਾਗਮ ਹੋਣਾ ਸੀ। ਅਚਾਨਕ ਇਕ ਸੋਚ ਨੇ ਜਨਮ ਲਿਆ ਕਿ ਮਸਕੀਨ ਜੀ ਦੇ ਮਗਰੋਂ ਹੁਣ ਉਹਨਾਂ ਦੇ ਗੁਰਮਤਿ ਪ੍ਰਚਾਰ ਵਹੀਰ ਦਾ ਕੀ ਹੋਵੇਗਾ। ਕੀ ਇਹ ਵਹੀਰ ਖਿੰਡ-ਪੁੰਡ ਜਾਵੇਗੀ ਜਾਂ ਇਸ ਨੂੰ ਸੰਗਠਿਤ ਕਰ ਕੇ ਮਸਕੀਨ ਜੀ ਦੇ ਨਕਸ਼ੇ-ਕਦਮ 'ਤੇ ਚੱਲਦਿਆਂ ਉਹਨਾਂ ਦੀਆਂ ਵਿਲੱਖਣ ਪੈੜਾਂ ਅਤੇ ਪੰਥ ਪ੍ਰਸਤ ਹੋ ਕੇ ਕੀਤੀਆਂ ਘਾਲਣਾਂ ਨੂੰ ਸੰਗਤਾਂ ਦੇ ਦਿਲ-ਦਿਮਾਗ਼ ਅੰਦਰ ਤਰੋ-ਤਾਜ਼ਾ ਰੱਖ ਕੇ ਗੁਰਮਤਿ ਪ੍ਰਚਾਰ ਦੀ ਲਹਿਰ ਨੂੰ ਅਗਾਂਹ ਚਲਾਇਆ ਜਾਵੇਗਾ ? ਇਹ ਸੋਚ ਸਤਾ ਰਹੀ ਸੀ ਕਿ ਆਗੂ ਰਹਿਤ ਜਥੇਬੰਦੀਆਂ, ਸੁਸਾਇਟੀਆਂ, ਲਹਿਰਾਂ ਤੇ ਕੌਮਾਂ ਆਪਣਾ ਵਜੂਦ ਖੋਹ ਬੈਠਦੀਆਂ ਹਨ ਅਤੇ ਸਮੇਂ ਦੀ ਗਰਦਿਸ਼ ਵਿਚ ਅਲੋਪ ਹੋ ਜਾਂਦੀਆਂ ਹਨ। ਫਿਰ ਜਿਸ ਮਾਇਆ ਨਾਜ਼ ਹਸਤੀ ਨੇ ਬੇਲਾਗ ਤੇ ਬੇਦਾਗ਼ ਰਹਿ ਕੇ ਗੁਰੂ-ਪੰਥ ਦੀ ਸੇਵਾ ਵਿਚ ਆਪਣਾ ਸਾਰਾ ਜੀਵਨ ਲਗਾ ਦਿੱਤਾ ਹੋਵੇ, ਉਸ ਦੀ ਮਹਾਨ ਘਾਲਣਾ ਨੂੰ ਸਾਲ ਬਾਅਦ ਬਰਸੀ ਦੇ ਰੂਪ ਵਿਚ ਨਹੀਂ ਸਗੋਂ ਹਮੇਸ਼ਾ ਹੀ ਚਿਤਾਰਨਾ ਬਣਦਾ ਹੈ। ਕਿਉਂ ਨਾ ਉਸ ਪਿਆਰੇ ਦੀ ਯਾਦ ਨੂੰ ਸਮਰਪਿਤ ਗੁਰਮਤਿ ਪ੍ਰਚਾਰ ਵਹੀਰ ਦਾ ਨਾਮ ਰੱਖਿਆ ਜਾਵੇ ਤੇ ਆਪਸੀ ਸਹਿਮਤੀ ਅਤੇ ਮਸਕੀਨ ਜੀ ਦੇ ਪਰਿਵਾਰ ਦੇ ਸਹਿਯੋਗ ਨਾਲ ਮਸਕੀਨ ਜੀ ਦੇ ਇਕ ਵਿਦਿਆਰਥੀ ਨੂੰ ਆਗੂ ਚੁਣ ਕੇ ਉਸ

ਦੀ ਅਗਵਾਈ ਹੇਠ ਗੁਰਮਤਿ ਪ੍ਰਚਾਰ ਦੇ ਪ੍ਰਵਾਹ ਨੂੰ ਜਾਰੀ ਰੱਖਿਆ ਜਾਵੇ ? ਮਸਕੀਨ ਜੀ ਨੇ ਆਮ ਸ਼ੁਹਰਤ ਦੇ ਭੁੱਖਿਆਂ ਵਾਂਗ ਕੋਈ ਗੱਦੀ ਪਰੰਪਰਾ ਨਹੀਂ ਚਲਾਈ ਸਗੋਂ ਅਜਿਹੇ ਅਡੰਬਰਾਂ ਤੋਂ ਆਪ ਜੀ ਸਾਵਧਾਨ ਰਹੇ ਤੇ ਸਾਵਧਾਨ ਕਰਦੇ ਰਹੇ। ਸਤਿਗੁਰੂ ਜੀ ਨੇ ਹਉਮੈਵਾਦੀ ਬਿਰਤੀਆਂ ਤੋਂ ਤਾੜਨਾ ਭਰਪੂਰ ਚੇਤਨਤਾ ਵੀ ਬਖ਼ਸ਼ੀ ਹੈ:

**ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ ॥** *(ਸਲੋਕ ਮ: ੧, ਪੰਨਾ 1286)*

ਗੁਰੂ-ਪੰਥ-ਪ੍ਰਸਤ ਵਕਤੇ ਦੀ ਇਹੋ ਮਹਾਨਤਾ ਹੈ ਕਿ ਉਹ ਗੁਰੂ-ਮਾਰਗ 'ਤੇ ਚੱਲਦਾ ਹੋਇਆ ਹੋਰਨਾਂ ਨੂੰ ਗੁਰੂ-ਮਾਰਗ ਦੀ ਵਡੱਤਣ ਤੇ ਵਿਸ਼ਾਲਤਾ ਦਾ ਗਿਆਨ ਦਿੰਦਾ ਰਹਿੰਦਾ ਹੈ।

ਸੋ 2 ਮਾਰਚ, 2005 ਨੂੰ ਨਵੇਂ ਗੁਰਮਤਿ ਅਸਥਾਨ ਵਿਖੇ ਇਕ ਕਮਰੇ ਅੰਦਰ ਸਾਰੇ ਸੱਜਣ ਤੇ ਗੁਰਮਤਿ ਪ੍ਰਚਾਰ ਵਹੀਰ ਦੇ ਵਿਦਿਆਰਥੀ ਮਿਲ ਬੈਠੇ, ਜਿਹਨਾਂ ਵਿੱਚ ਗਿਆਨੀ ਇਕਬਾਲ ਸਿੰਘ ਜੀ ਮੀਰਾਂਕੋਟ, ਗਿਆਨੀ ਜਸਵਿੰਦਰ ਸਿੰਘ ਜੀ ਦਰਦੀ, ਗਿਆਨੀ ਜੋਗਿੰਦਰ ਸਿੰਘ ਜੀ ਆਜ਼ਾਦ, ਭਾਈ ਜਸਪਾਲ ਸਿੰਘ ਜੀ ਲੁਧਿਆਣਾ, ਭਾਈ ਅਮਰੀਕ ਸਿੰਘ ਜੀ ਅਲਵਰ, ਭਾਈ ਜਸਪਾਲ ਸਿੰਘ ਜੀ ਜੋਗੀ ਜਲੰਧਰ, ਭਾਈ ਅਮਰਜੀਤ ਸਿੰਘ ਜੀ ਸਪੁੱਤਰ ਗਿਆਨੀ ਸੰਤ ਸਿੰਘ ਜੀ ਮਸਕੀਨ, ਗਿਆਨੀ ਰਣਜੀਤ ਸਿੰਘ ਜੀ ਗੌਹਰ ਅਤੇ ਦਾਸ ਸ਼ਾਮਲ ਸੀ। ਆਖ਼ਰ ਗਿਆਨੀ ਰਣਜੀਤ ਸਿੰਘ ਜੀ ਗੌਹਰ ਨੂੰ ਗੁਰਮਤਿ ਪ੍ਰਚਾਰ ਵਹੀਰ ਦੀਆਂ ਜ਼ਿੰਮੇਵਾਰੀਆਂ ਸੌਂਪਣ ਦਾ ਵਿਚਾਰ ਉਭਰ ਕੇ ਸਾਹਮਣੇ ਆਇਆ। ਪ੍ਰਵਾਨਗੀ ਵਜੋਂ ਵੀਰ ਅਮਰਜੀਤ ਸਿੰਘ ਜੀ ਨੇ ਪਰਿਵਾਰ ਵੱਲੋਂ ਸਿਰੋਪਾ ਬਖ਼ਸ਼ਿਸ਼ ਕੀਤਾ। ਜੈਕਾਰਾ ਗਜਾਇਆ ਗਿਆ। ਫਿਰ 3 ਮਾਰਚ, 2005 ਨੂੰ ਬੀਬੀ ਜਗੀਰ ਕੌਰ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਅਤੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਨੇ ਸਿਰੋਪੇ ਬਖ਼ਸ਼ਿਸ਼ ਕੀਤੇ।

ਇੰਜ ਗੁਰੂ ਕ੍ਰਿਪਾ ਦੁਆਰਾ 'ਗਿਆਨੀ ਸੰਤ ਸਿੰਘ ਜੀ ਮਸਕੀਨ ਗੁਰਮਤਿ ਪ੍ਰਚਾਰ ਵਹੀਰ' ਦੇ ਮੁਖ ਸੇਵਾਦਾਰ ਗਿਆਨੀ ਰਣਜੀਤ ਸਿੰਘ ਜੀ ਗੌਹਰ ਨੂੰ ਥਾਪਿਆ ਗਿਆ। ਮਸਕੀਨ ਜੀ ਦੇ ਸਾਲਾਨਾ ਗੁਰਮਤਿ ਸਮਾਗਮਾਂ ਨੂੰ ਨਿਭਾਉਣ ਲਈ ਗੌਹਰ ਜੀ ਵਹੀਰ ਨੂੰ ਨਾਲ ਲੈ ਕੇ ਥਾਂ-ਪਰ-ਥਾਂ ਜਾ ਰਹੇ ਹਨ। ਅਰਦਾਸ ਹੈ ਸਤਿਗੁਰੂ ਜੀ ਆਪਣੇ ਸੇਵਕ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖ ਕੇ ਮਸਕੀਨ ਜੀ ਵਾਂਗ ਹੀ ਪੰਥ ਦੀ ਸੇਵਾ ਕਰਨ ਦਾ ਬਲ ਬਖ਼ਸ਼ਣ।

# ਸੇਵਾ ਦੀ ਮੂਰਤ—ਮਾਤਾ ਸੁੰਦਰ ਕੌਰ ਜੀ

ਅਕਾਲ ਪੁਰਖ ਜੀ ਦੇ ਬਣਾਏ ਹੋਏ ਵਿਧਾਨ ਅਨੁਸਾਰ ਸੰਜੋਗਾਂ ਵੱਸ ਗਿਆਨੀ ਸੰਤ ਸਿੰਘ ਜੀ ਮਸਕੀਨ ਦਾ ਅਨੰਦ ਕਾਰਜ ਮਾਤਾ ਸੁੰਦਰ ਕੌਰ ਜੀ ਨਾਲ ਸੰਨ 1958 ਵਿਚ ਹੋਇਆ। ਮਾਤਾ ਜੀ ਬਹੁਤ ਹੀ ਸੁਸ਼ੀਲ ਸੁਭਾਅ ਦੇ ਮਾਲਕ ਸਨ। ਸਹਿਜ ਅਵਸਥਾ ਅਤੇ ਟਿਕਾਅ ਬਿਰਤੀ ਵਾਲੇ ਸਨ। ਗਿਆਨੀ ਜੀ ਦੇ ਪ੍ਰਚਾਰ ਦੌਰਿਆਂ ਸਮੇਂ ਬੱਚਿਆਂ ਦੀ ਪਾਲਣਾ-ਪੋਸਣਾ ਅਤੇ ਘਰੇਲੂ ਜ਼ਿੰਮੇਵਾਰੀਆਂ ਨੂੰ ਆਪ ਜੀ ਬਾ-ਖ਼ੂਬੀ ਨਿਭਾਉਂਦੇ ਰਹੇ। ਗੁਣਵਾਨ ਤੇ ਮਿਠਾਸ-ਪੂਰਤ ਹਿਰਦੇ ਵਾਲੀ ਇਸਤਰੀ ਘਰ ਪਰਿਵਾਰ ਨੂੰ ਬਹਿਸ਼ਤ ਬਣਾ ਦਿੰਦੀ ਹੈ। ਇਸੇ ਲਈ ਭਗਤ ਧੰਨਾ ਜੀ ਨੇ ਪ੍ਰਭੂ ਪਾਸੋਂ ਨੇਕ, ਸੁਸ਼ੀਲ ਤੇ ਗੁਣਵਾਨ ਜੀਵਨ ਸਾਥਣ ਦੀ ਹੀ ਮੰਗ ਕੀਤੀ ਹੈ:

**ਘਰ ਕੀ ਗੀਹਨਿ ਚੰਗੀ ॥**
**ਜਨੁ ਧੰਨਾ ਲੇਵੈ ਮੰਗੀ ॥** *(ਪੰਨਾ 695)*

ਕਵੀ ਤੁਲਸੀ ਦਾਸ ਨੇ ਜਿਹਨਾਂ ਚਾਰ ਸਵਰਗਾਂ ਦਾ ਕਿਆਸ ਕੀਤਾ ਹੈ, ਉਹਨਾਂ ਵਿੱਚੋਂ ਇਕ ਮਿੱਠ-ਬੋਲੜੀ ਸੁਸ਼ੀਲ ਸੁਪਤਨੀ ਦਾ ਵੀ ਜ਼ਿਕਰ ਆਇਆ ਹੈ। ਸ਼ਰਤ ਹੈ ਕਿ ਸੁਪਤਨੀ ਮਿੱਠਾ ਬੋਲਣ ਵਾਲੀ ਹੋਵੇ। ਮਿੱਠਾ ਤਾਂ ਬੋਲੇਗੀ ਜੇਕਰ ਮਿੱਠ-ਬੋਲੜੇ ਸਾਹਿਬ ਦੀ ਮਿੱਠੀ ਬਾਣੀ ਹਿਰਦੇ 'ਚ ਵੱਸੀ ਹੋਵੇਗੀ। ਅਗਰ ਪਤਨੀ ਦਾ ਸੁਭਾਅ ਕੌੜਾ ਹੋਵੇ ਤਾਂ ਘਰ ਨਰਕ ਬਣਦਿਆਂ ਦੇਰ ਨਹੀਂ ਲੱਗਦੀ:

ਆਗਿਆਕਾਰੀ ਸੁਤ ਅਰ ਮਿੱਠ ਬੋਲੜੀ ਨਾਰ।
ਧਨ, ਆਪਣੇ ਸੰਤੋਖ ਮਨ ਇਹ ਚਾਰ ਸਵਰਗ ਸੰਸਾਰ।

***(ਕਵੀ ਤੁਲਸੀ ਦਾਸ)***

ਸੰਤਾਨ ਆਗਿਆਕਾਰੀ ਹੋਵੇ, ਸੁਪਤਨੀ ਸਾਊ ਸੁਭਾਅ ਹੋਵੇ, ਲੋੜਾਂ ਦੀ ਪੂਰਤੀ ਵਾਸਤੇ ਕੋਲ ਦੌਲਤ ਹੋਵੇ ਤੇ ਮਨ ਸੰਤੋਖੀ ਵੀ ਹੋਵੇ, ਇਹ ਇਸ ਦੁਨੀਆ ਦੇ ਚਾਰ ਸਵਰਗ ਹਨ। ਮਸਕੀਨ ਜੀ ਨੂੰ ਸਤਿਗੁਰੂ ਜੀ ਦੀ ਮਿਹਰ ਨਾਲ ਇਹ ਚਾਰੇ ਸਵਰਗ ਨਸੀਬ ਹੋਏ ਸਨ।

ਅਲਵਰ ਵਿਖੇ ਸਾਲਾਨਾ ਗੁਰਮਤਿ ਸਮਾਗਮ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਗੁਰਸਿੱਖ ਸੰਗਤਾਂ ਪਹੁੰਚਦੀਆਂ ਸਨ। ਉਹਨਾਂ ਦੀ ਸੇਵਾ ਵਾਸਤੇ ਸਮਾਗਮ ਅਸਥਾਨ ਦੀ ਉਪਰਲੀ ਛੱਤ ਉੱਤੇ ਆਪਣੀਆਂ ਸਹਿਯੋਗੀ ਸਾਥਣਾਂ ਨਾਲ ਬੈਠੇ ਹੋਏ ਮਾਤਾ ਸੁੰਦਰ ਕੌਰ ਜੀ ਲੰਗਰ ਦੀ ਸੇਵਾ ਕਰ ਰਹੇ ਹੁੰਦੇ। ਸਬਜ਼ੀਆਂ ਕੱਟਦੇ, ਦਾਲਾਂ ਚੁੱਗਦੇ, ਆਲੂ-ਪਿਆਜ਼ ਚੀਰਦੇ ਹੋਏ ਨਜ਼ਰ ਆਉਂਦੇ।

ਧੰਨ ਧੰਨ ਮਾਤਾ ਖੀਵੀ ਜੀ ਉਹਨਾਂ ਲਈ ਪ੍ਰੇਰਨਾ ਦੇ ਸਰੋਤ ਸਨ। ਗੁਰੂ ਸੰਗਤਾਂ ਦੀ ਅਦਬ-ਭਾਵ ਨਾਲ ਸੇਵਾ ਗੁਰੂ ਪਾਤਸ਼ਾਹ ਜੀ ਦੀ ਹੀ ਸੇਵਾ ਸੀ। ਗੁਰੂ ਘਰ ਦੇ ਰਬਾਬੀ ਭਾਈ ਬਲਵੰਡ ਜੀ ਨੇ ਮਾਤਾ ਖੀਵੀ ਜੀ ਦੇ ਇਸ ਦੈਵੀ ਪਰਉਪਕਾਰੀ ਸੇਵਾ-ਭਗਤੀ-ਭਾਵਨਾ ਨੂੰ ਬਾਣੀ ਅੰਦਰ ਬੜਾ ਸੁੰਦਰ ਪ੍ਰੇਰਨਾ-ਮਈ ਚਿਤਰਿਆ ਹੈ:

**ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥**
**ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥**
*(ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ, ਪੰਨਾ 967)*

ਸੰਘਣੇ ਘਣੇ ਪੱਤਿਆਂ ਵਾਲੇ ਬਿਰਛ ਦੀ ਛਾਂ ਬਹੁਤ ਹੀ ਠੰਢੀ ਹੁੰਦੀ ਹੈ। ਜਿਥੇ ਇਹ ਛਾਂ ਤਪਸ਼ ਤੋਂ ਬਚਾਉਂਦੀ ਹੈ, ਉਥੇ ਇਹ ਛਾਂ ਸਾਰਾ ਥਕੇਵਾਂ ਦੂਰ ਕਰਨ ਵਿਚ ਵੀ ਸਹਾਈ ਹੁੰਦੀ ਹੈ। ਇਸੇ ਤਰ੍ਹਾਂ ਪਿਆਰ ਮਮਤਾ ਦੀ ਮੂਰਤ ਮਾਂ ਵੱਲੋਂ ਪਰਉਪਕਾਰੀ ਸੇਵਾ ਭਾਵਨਾ ਦਾ ਬਖ਼ਸ਼ਿਸ਼ ਭਰਿਆ ਕਰਮ ਰਜੇਵਾਂ ਤੇ ਤ੍ਰਿਪਤੀ ਪ੍ਰਦਾਨ ਕਰਦਾ ਹੈ। ਮਾਤਾ ਸੁੰਦਰ ਕੌਰ ਜੀ ਵੀ ਸਰੀਰਕ ਖੇਚਲਾਂ ਦੀ ਪਰਵਾਹ ਕੀਤੇ ਬਗ਼ੈਰ ਸਤਿਗੁਰੂ ਜੀ ਦੇ ਪ੍ਰੇਮ ਰੰਗ 'ਚ ਰੰਗੇ ਹੋਏ ਸਾਰਾ ਦਿਨ ਸੇਵਾ-ਭਗਤੀ ਵਿਚ ਲਿਵਲੀਨ ਰਹਿੰਦੇ। ਤਿੰਨ ਦਿਨਾਂ ਦੇ ਸਮਾਗਮ ਅੰਦਰ ਗੁਰੂ ਕਾ ਲੰਗਰ ਸਜਾਉਣ ਦੀ ਸੇਵਾ ਅਤੇ ਵਰਤਾਉਣ ਦੀ ਨਿਗਰਾਨੀ ਆਪ ਜੀ ਹੀ ਕਰਦੇ। ਇਕ ਸ਼ਾਇਰ ਨੇ ਮਾਂ ਦੇ ਸੰਬੰਧ 'ਚ ਬੜਾ ਸੋਹਣਾ ਕਿਹਾ ਹੈ:

ਮੂਰਤ ਪਰਉਪਕਾਰ ਦੀ ਰੱਬ ਨੇ ਭੇਜੀ ਮਾਂ।
ਸਿਰ 'ਤੇ ਧੁੱਪਾਂ ਝਾਗਦੀ, ਵੰਡਦੀ ਫਿਰਦੀ ਛਾਂ।

ਲੰਬੇ-ਲੰਬੇ ਸਫ਼ਰਾਂ 'ਤੇ ਮਹੀਨਿਆਂ-ਬੱਧੀ ਮਸਕੀਨ ਜੀ ਗੁਰਮਤਿ ਪ੍ਰਚਾਰ ਲਈ ਭਰਮਣ ਕਰਦੇ ਸਨ, ਤਾਂ ਇਸ ਘਾਲਣਾ ਵਿਚ ਮਾਤਾ ਸੁੰਦਰ ਕੌਰ ਜੀ ਦਾ ਬਹੁਤ ਸਾਰਾ ਸਹਿਯੋਗ ਅਤੇ ਬਹੁਤ ਵੱਡਾ ਯੋਗਦਾਨ ਸੀ। ਲੰਬੇ-ਲੰਬੇ ਵਿਛੋੜੇ ਨੂੰ ਬੜੇ ਵੱਡੇ ਜਿਗਰੇ ਨਾਲ ਹੀ ਝੱਲਿਆ ਜਾਂਦਾ ਹੈ। ਬਿਰਹਾ ਚਾਹੇ ਮਜ਼ਾਜੀ ਹੋਵੇ ਜਾਂ ਹਕੀਕੀ; ਇਸ ਦੀ ਕਸਕ ਸਹਿਣੀ ਤਾਂ ਬਹੁਤ ਮੁਸ਼ਕਲ ਹੁੰਦੀ ਹੈ। ਗੁਰਵਾਕ ਹੈ:

**ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥**
**ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥** *(ਮ: ੫, ਪੰਨਾ 1100)*

ਗਿਆਨੀ ਜੀ ਦੇ ਸਦੀਵੀ ਵਿਛੋੜੇ ਨੇ ਮਾਤਾ ਸੁੰਦਰ ਕੌਰ ਜੀ ਨੂੰ ਵੈਰਾਗਣ ਬਣਾ ਦਿੱਤਾ ਸੀ। ਉਹਨਾਂ ਦੇ ਅੰਤਰ-ਆਤਮੇ ਸਦਾ ਹੀ ਤੜਪ ਬਣੀ ਰਹਿੰਦੀ ਸੀ ਕਿ ਪਿਆਰੇ ਮਸਕੀਨ ਜੀ ਦੇ ਨੂਰਾਨੀ ਦੀਦਾਰ ਦੀ ਝਲਕ ਮਿਲ ਜਾਵੇ। ਮੈਨੂੰ ਕੋਈ ਉਹਨਾਂ ਦੇ ਆਉਣ ਦੀ ਖ਼ਬਰ ਦੇ ਦੇਵੇ। ਜਦ ਕੋਈ ਨਜ਼ਦੀਕੀ ਰਿਸ਼ਤੇਦਾਰ ਜਾਂ ਸਨੇਹੀ ਅਲਵਰ ਵਿਖੇ ਮਾਤਾ ਜੀ ਨੂੰ ਮਿਲਣ ਆਉਂਦਾ ਤਾਂ ਆਪ ਜੀ ਉਸ ਪਾਸੋਂ ਮਸਕੀਨ ਜੀ ਦੇ ਬਾਰੇ ਪੁੱਛਦੇ ਕਿ ਗਿਆਨੀ ਜੀ ਕਦੋਂ ਆਵਣਗੇ, ਭਾਵੇਂ ਸਾਰਾ ਪਰਿਵਾਰ ਮਾਤਾ ਜੀ ਦੀ ਸੇਵਾ ਵਿਚ ਆਸ-ਪਾਸ ਹੀ ਰਹਿੰਦਾ ਸੀ। ਮਸਕੀਨ ਜੀ ਨੂੰ ਇਸ ਫ਼ਾਨੀ ਸੰਸਾਰ ਤੋਂ ਗਿਆਂ ਮਸਾਂ ਅੱਠ ਕੁ ਮਹੀਨੇ ਹੀ ਲੰਘੇ ਸਨ, ਮਾਤਾ ਜੀ ਦੇ ਮਨ ਅੰਦਰ ਹਮੇਸ਼ਾ ਉਹਨਾਂ ਦੇ ਆਉਣ ਦੀ ਉਡੀਕ ਬਣੀ ਰਹਿੰਦੀ।

ਇਸ ਉਡੀਕ ਦਾ ਅੰਤ 17 ਅਕਤੂਬਰ, 2005 ਨੂੰ ਉਸ ਵੇਲੇ ਹੋ ਗਿਆ ਜਦੋਂ ਆਪ ਜੀ ਖ਼ੁਦ ਹੀ ਮਸਕੀਨ ਜੀ ਪਾਸ ਪਹੁੰਚ ਗਏ। ਪੂਜਨੀਯ ਗਿਆਨੀ ਸੰਤ ਸਿੰਘ ਜੀ ਮਸਕੀਨ ਵਾਂਗ ਹੀ ਮਾਤਾ ਸੁੰਦਰ ਕੌਰ ਜੀ ਵੀ ਪ੍ਰਭੂ ਦੀ ਬਖ਼ਸ਼ਿਸ਼ ਕੀਤੀ ਜੀਵਨ-ਯਾਤਰਾ ਨੂੰ ਸਫਲ ਅਤੇ ਸੁਹੇਲਾ ਕਰ ਗਏ।

ਅਜੇ ਪੰਦਰਾਂ ਕੁ ਦਿਨ ਪਹਿਲਾਂ ਹੀ ਮੈਂ ਵੀਰ ਅਮੋਲਕ ਸਿੰਘ ਜੀ ਨਾਲ ਜੈਪੁਰ ਤੋਂ ਅਲਵਰ ਵਿਖੇ ਇਸ ਪੁਸਤਕ ਦੇ ਸੰਬੰਧ ਵਿਚ ਗਿਆ ਸਾਂ। ਰਾਤ ਦੇ ਦਸ ਕੁ ਵਜੇ ਸਨ। ਮਾਤਾ ਜੀ ਪਲੰਘ 'ਤੇ ਬੈਠੇ ਸਨ। ਅਦਬ ਸਹਿਤ ਚਰਨਾਂ 'ਤੇ ਮੱਥਾ ਟੇਕਿਆ। ਮਾਤਾ ਜੀ ਨੇ ਮਿੱਠੀਆਂ ਅਸੀਸਾਂ ਦਿੱਤੀਆਂ। ਫਿਰ ਕਿਹਾ ਪ੍ਰਸ਼ਾਦਾ ਛਕੋ, ਦੂਰੋਂ ਆਏ ਹੋ। ਇਹ ਕਿਸ ਨੂੰ ਪਤਾ ਸੀ ਕਿ ਇਹ ਦਰਸ਼ਨ ਆਖ਼ਰੀ ਸਨ। ਪੰਜਾਬੀ ਦੇ ਪ੍ਰਸਿੱਧ ਸ਼ਾਇਰ ਧਨੀ ਰਾਮ ਚਾਤ੍ਰਿਕ ਦੇ ਬੋਲ ਸਾਹਮਣੇ ਆ ਰਹੇ ਹਨ :

ਛਡਿ ਤ੍ਰਿਞਣ ਕਰਿ ਸੁੰਞਾ ਵਿਹੜਾ ਤੁਰ ਤੁਰ ਜਾਵਣ ਸਈਆਂ।
ਇਕ ਗਈਆਂ ਇਕ ਡੋਲੇ ਚੜ੍ਹੀਆਂ ਇਕ ਦਾਜ ਸਮੇਟਣ ਪਈਆਂ।
ਅਸਾਂ ਭਿ ਜਾਣਾ ਢੋਲਨ ਆਇਆ ਪਰ ਚਰਖਾ ਕਿਉਂ ਚਈਏ,
ਓਨੀਆਂ ਤੰਦਾਂ ਆਪਣੀਆਂ ਨੇ ਜਿੰਨੀਆਂ ਕੱਤੀਆਂ ਗਈਆਂ।



ਮਸਕੀਨ ਜੀ ਨੂੰ ਅਕਾਲ ਚਲਾਣੇ ਉਪਰੰਤ ਗੁਰੂ ਪੰਥ ਵੱਲੋਂ ਮਿਲੇ
'ਗੁਰਮਤਿ ਵਿਦਿਆ ਮਾਰਤੰਡ' ਸਨਮਾਨ ਦੀ ਫੋਟੋ



ਸਨਮਾਨ ਦੀ ਫੋਟੋ



ਸਨਮਾਨ ਦੀ ਫੋਟੋ



ਬੁਰਲਾ (ਉੜੀਸਾ) ਨਿਵਾਸੀ ਮਾਤਾ ਲੀਲਾਵਤੀ ਜੀ
ਜਿਸ ਪਾਸੋਂ ਲੇਖਕ ਨੇ ਮਸਕੀਨ ਜੀ ਬਾਰੇ ਦਿਲਚਸਪ ਬਚਨ ਸੁਣੇ।



ਅਮਰੂਦ ਦਾ ਵਿਸ਼ਾਲ ਬ੍ਰਿਛ, ਜਿਸ ਨੂੰ ਮਸਕੀਨ ਜੀ ਨੇ
ਬੁਰਲਾ ਵਿਖੇ ਆਪਣੇ ਹੱਥੀਂ ਲਗਾਇਆ।



ਕਥਾ ਸੁਣਾਉਣ ਤੋਂ ਪਹਿਲਾਂ ਮਸਕੀਨ ਜੀ ਇਕ ਸਮਾਗਮ ਦੌਰਾਨ
ਸੰਗਤਾਂ ਵਿਚ ਬੈਠੇ ਹੋਏ।



ਮਸਕੀਨ ਜੀ ਦੀ ਇਕ ਪੁਰਾਣੀ ਯਾਦਗਾਰ,
ਸੱਜੇ ਪਾਸੇ ਗਿ: ਪ੍ਰੀਤਮ ਸਿੰਘ ਜੀ ਅਤੇ ਖੱਬੇ ਪਾਸੇ ਲੇਖਕ।

# ਵਿਦਵਾਨਾਂ ਦੀ ਦ੍ਰਿਸ਼ਟੀ
# ਤੋਂ
# ਮਸਕੀਨ ਜੀ

# ਨਾ ਝੂਠ ਨਾ ਖ਼ੁਸ਼ਾਮਦ

*—ਭਾਈ ਅਮਰਜੀਤ ਸਿੰਘ ਖੋਸਾ*
*—ਭਾਈ ਸਤਵਿੰਦਰ ਪਾਲ ਸਿੰਘ ਜੰਗੀ*

ਸਾਰੀ ਦੁਨੀਆ ਦੇ ਕੋਨੇ-ਕੋਨੇ ਵਿਚ ਬੈਠੇ ਗੁਰਸਿੱਖਾਂ ਵਾਂਗ ਅਸੀਂ ਭੀ ਵੈਨਕੂਵਰ, ਕੈਨੇਡਾ ਵਿਚ ਰਹਿੰਦੇ ਹੋਏ ਮਸਕੀਨ ਜੀ ਦੀ ਨੇੜਤਾ ਦਾ ਸੁਭਾਗ ਪ੍ਰਾਪਤ ਹੋਣ ਕਰਕੇ ਮਾਣ ਮਹਿਸੂਸ ਕਰਦੇ ਹਾਂ। ਸਰੀਰਕ ਤੌਰ 'ਤੇ ਬੇਸ਼ੱਕ ਇਹ ਤਕਰੀਬਨ 15 ਕੁ ਸਾਲ ਦਾ ਹੀ ਸਮਾਂ ਹੈ (1990—2005), ਪਰ ਉਹਨਾਂ ਦੇ ਲਿਖੇ ਅਤੇ ਸੁਣਾ ਕੇ ਰਿਕਾਰਡ ਕੀਤੇ ਹੋਏ ਖ਼ਜ਼ਾਨੇ ਦੀ ਸਹੂਲਤ ਸਦਕਾ ਹੁਣ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਭੀ ਇਹ ਦੂਰੀ ਮਹਿਸੂਸ ਨਹੀਂ ਹੁੰਦੀ।

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਸਾਹਿਤਕ ਗੁਣਾਂ ਮੁਤਾਬਿਕ ਵਕਤਾ ਦੇ ਚੌਦਾਂ ਗੁਣ ਜੋ ਵਰਣਨ ਕੀਤੇ ਹਨ, ਮਸਕੀਨ ਜੀ ਉਹਨਾਂ ਵਿਚ ਨਿਪੁੰਨ ਸਨ। ਉਹਨਾਂ ਦੀ ਕਥਾ ਸੁਣਨ ਵੇਲੇ ਇਸ ਤਰ੍ਹਾਂ ਲੱਗਦਾ ਸੀ ਕਿ ਕਥਾ ਉਹ ਨਹੀਂ ਸਨ ਕਰਦੇ, ਸਗੋਂ ਕਿਸੇ ਅਲੌਕਿਕ ਸ਼ਕਤੀ ਸਦਕਾ ਉਹਨਾਂ ਰਾਹੀਂ ਕਥਾ ਦਾ ਵਹਿਣ ਚੱਲ ਰਿਹਾ ਹੈ। ਉਹਨਾਂ ਨੇ ਅਨਯ ਧਰਮ, ਮਤ-ਮਤਾਂਤਰਾਂ ਅਤੇ ਸਾਹਿਤਕ ਗਿਆਨ ਵਿੱਚੋਂ ਗੁਰਮਤਿ ਗਿਆਨ ਨੂੰ ਸਿਰਮੌਰ ਜਾਣ ਕੇ ਸਾਰੀ ਦੁਨੀਆ ਵਿਚ ਵੰਡਿਆ। ਉਹਨਾਂ ਨੇ ਨਿੱਜ ਨਾਲੋਂ 'ਗੁਰੂ ਗ੍ਰੰਥ' ਅਤੇ 'ਗੁਰੂ-ਪੰਥ' (ਸਿੱਖ ਰਹਿਤ ਮਰਯਾਦਾ) ਨੂੰ ਹਮੇਸ਼ਾ ਅੱਗੇ ਰੱਖਿਆ। ਸ਼ਬਦ-ਗੁਰੂ ਦਾ ਪ੍ਰਚਾਰ ਅਤੇ ਦੇਹਧਾਰੀ ਗੁਰੂ ਦਾ ਖੰਡਨ ਉਹਨਾਂ ਵਾਂਗ ਹੋਰ ਕਿਸੇ ਨੇ ਵੀ ਨਹੀਂ ਕੀਤਾ। ਸਿੱਖ ਰਹਿਤ ਮਰਯਾਦਾ ਦੀ ਮਹਾਨਤਾ ਅਤੇ ਜ਼ਰੂਰਤ ਦਾ ਗਿਆਨ ਪੰਥਕ ਸਟੇਜ ਤੋਂ ਜੋ ਉਹਨਾਂ ਰਾਹੀਂ ਪ੍ਰਚਾਰਿਆ ਗਿਆ ਹੈ, ਉਹ ਵੱਡੀਆਂ ਵੱਡੀਆਂ ਸੰਸਥਾਵਾਂ, ਇਥੋਂ ਤਕ ਕਿ ਸ਼੍ਰੋਮਣੀ ਕਮੇਟੀ ਵੀ ਨਹੀਂ ਕਰ ਸਕੀ। ਮੂਲ-ਮੰਤਰ, ਰਹਿਰਾਸ ਸਾਹਿਬ ਜੀ ਦੀਆਂ ਬਾਣੀਆਂ ਦੀ ਵਾਧ-ਘਾਟ, ਅੰਮ੍ਰਿਤ ਤਿਆਰ ਕਰਨ ਵੇਲੇ ਦੀਆਂ ਬਾਣੀਆਂ (ਅਨੰਦੁ ਸਾਹਿਬ ਜੀ ਦੀਆਂ ਛੇ ਪਉੜੀਆਂ, ਪਹਿਲੀਆਂ ਪੰਜ ਤੇ ਇਕ ਆਖ਼ਰੀ) ਬਾਰੇ ਉਹਨਾਂ ਨੇ ਥਾਂ-ਥਾਂ ਜਾ

ਕੇ ਦੱਸਿਆ। ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ 'ਤੇ ਇੱਕੋ ਸਮੇਂ ਕਈ ਕਈ ਜਥੇਦਾਰ ਬਣ ਬੈਠੇ ਸਨ, ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਹੀ ਛਪੀ ਹੋਈ 'ਸਿੱਖ ਰਹਿਤ ਮਰਿਯਾਦਾ' ਵਿਚ ਅਨੰਦੁ ਸਾਹਿਬ ਜੀ ਦੀਆਂ ਛੇ ਪਉੜੀਆਂ ਪੜ੍ਹਨ ਦੀ ਥਾਵੇਂ ਸਿਰਫ਼ ਅਨੰਦੁ ਸਾਹਿਬ ਲਿਖ ਕੇ ਕਿਵੇਂ ਬਣਤਰ ਵਿਗਾੜੀ ਗਈ। ਉਸ ਵੇਲੇ ਗਿਆਨੀ ਚੇਤ ਸਿੰਘ ਜੀ ਵੈਨਕੂਵਰ ਦੌਰੇ 'ਤੇ ਸਨ। ਜਦੋਂ ਉਹਨਾਂ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਦੇ ਬੋਲ ਸਨ ਕਿ "ਇਸ ਤਰ੍ਹਾਂ ਕਰਕੇ ਟੌਹੜਾ ਸਾਹਿਬ ਨੇ ਪਾਪ ਕੀਤਾ ਹੈ।" ਅੱਜ ਵੀ 1984 ਤੋਂ ਪਹਿਲਾਂ ਦੀ ਛਪੀ ਹੋਈ ਸਿੱਖ ਰਹਿਤ ਮਰਯਾਦਾ ਅਤੇ ਉਸ ਤੋਂ ਬਾਅਦ ਛਾਪੀ ਗਈ ਰਹਿਤ ਮਰਯਾਦਾ ਵਿਚ ਇਹ ਅੰਤਰ ਸਪੱਸ਼ਟ ਦਿਖਾਈ ਦਿੰਦਾ ਹੈ, ਜਿਸ ਦੀ ਕਿ ਸੋਧ ਕਰਨੀ ਅਤਿਅੰਤ ਜ਼ਰੂਰੀ ਹੈ।

ਮਸਕੀਨ ਜੀ ਨੂੰ ਪਹਿਲੀ ਵੇਰ ਵੈਨਕੂਵਰ ਏਅਰਪੋਰਟ 'ਤੇ ਉਤਰਨ ਸਮੇਂ ਅਸੀਂ ਦੇਖਿਆ ਕਿ ਸਭ ਤੋਂ ਪਹਿਲਾਂ ਉਹ ਆਪਣੇ ਅਟੈਚੀ ਵਿੱਚੋਂ ਕ੍ਰਿਪਾਨ ਕੱਢ ਕੇ ਗਾਤਰੇ ਪਾ ਰਹੇ ਹਨ ਤੇ ਜਾਣ ਵੇਲੇ ਬਿਨਾਂ ਕਿਸੇ ਕਰਮਚਾਰੀ ਦੇ ਕਹੇ ਉਹ ਆਪਣੀ ਗਾਤਰੇ ਵਾਲੀ ਕ੍ਰਿਪਾਨ ਨੂੰ ਅਟੈਚੀ ਵਿਚ ਰੱਖ ਰਹੇ ਸਨ। ਸਮਾਜਿਕ ਕਾਨੂੰਨ ਦੀ ਪਾਲਣਾ ਕਰਨ ਦੀ ਇਸ ਤੋਂ ਵੱਡੀ ਮਿਸਾਲ ਹੋਰ ਕਿਹੜੀ ਹੋ ਸਕਦੀ ਹੈ ? ਅੱਜ-ਕੱਲ੍ਹ ਤਾਂ ਵੱਡੇ ਵੱਡੇ ਜਥੇਦਾਰ "ਅਮਰੀਕਾ ਨਾਲੋਂ ਕ੍ਰਿਪਾਨ ਪਹਿਲਾਂ" ਕਹਿ ਕੇ ਆਪਣੀ 'ਇੱਕੋ ਇਕ ਯੋਗਤਾ' ਦਾ ਪ੍ਰਗਟਾਵਾ ਕਰਦੇ ਹਨ।

ਰਾਤ ਨੂੰ ਸੌਣ ਵੇਲੇ ਉਹ ਹਮੇਸ਼ਾ ਗੁਰਦੁਆਰੇ ਵਿਚ ਠਹਿਰਦੇ। ਵੈਨਕੂਵਰ ਦੇ ਇਕ ਧਨਾਢ ਸਿੱਖ ਨੇ ਉਹਨਾਂ ਨੂੰ ਆਪਣੇ ਆਲੀਸ਼ਾਨ ਘਰ ਵਿਚ ਰਾਤ ਰਹਿਣ ਲਈ ਕਿਹਾ, ਪਰ ਉਹ ਨਾ ਮੰਨੇ। ਇਸ ਨਾਰਾਜ਼ਗੀ ਸਦਕਾ ਮਲਕ ਭਾਗੋ ਵਾਂਗ ਉਹ ਧਨਾਢ ਸਿੱਖ ਵੀ ਆਪਣੇ ਕੁਝ ਬੰਦਿਆਂ ਨੂੰ ਹੈਮਬਰਗਰ (ਮਾਸ ਵਾਲਾ ਭੋਜਨ) ਦੇ ਕੇ ਗੁਰਦੁਆਰੇ ਭੇਜਦਾ ਹੈ ਕਿ ਮਸਕੀਨ ਜੀ ਨੂੰ ਕਹੋ ਕਿ ਜਾਂ ਤਾਂ ਇਸ ਨੂੰ ਛਕ ਲੈਣ ਜਾਂ ਗੁਰਦੁਆਰੇ ਦੀ ਸਟੇਜ ਤੋਂ ਸਪੱਸ਼ਟ ਕਰਨ ਕਿ ਸਿੱਖਾਂ ਵਿਚ ਮਾਸ ਖਾਣ ਦੀ ਮਨਾਹੀ ਹੈ। ਉਸ ਵੇਲੇ ਉਹਨਾਂ ਨੇ ਸਾਫ਼ ਕਹਿ ਦਿੱਤਾ ਕਿ "ਮੈਂ ਤਾਂ ਇਕ ਫੁਲਕਾ ਛਕ ਕੇ ਗੁਜ਼ਾਰਾ ਕਰਨ ਵਾਲਾ ਹਾਂ। ਨਾ ਮੈਂ ਭਾਰਾ ਕੰਮ ਕਰਦਾ ਹਾਂ ਅਤੇ ਨਾ ਹੀ ਮੈਨੂੰ ਭਾਰੀ ਗ਼ਿਜ਼ਾ ਦੀ ਲੋੜ ਹੈ। ਜਿਥੋਂ ਤਕ ਸਿੱਖਾਂ ਵਿਚ ਮਾਸ ਖਾਣ ਜਾਂ ਨਾ ਖਾਣ ਦੀ ਗੱਲ ਹੈ, ਉਹ ਮੈਂ ਸਿੱਖ ਮਿਸ਼ਨਰੀ ਹੁੰਦਾ ਹੋਇਆ ਇਹੀ ਕਹਾਂਗਾ ਕਿ ਸਿੱਖਾਂ ਨੂੰ ਕੁੱਠਾ ਖਾਣ ਦੀ ਮਨਾਹੀ ਹੈ, ਬਾਕੀ ਕੋਈ ਭਰਮ ਨਹੀਂ ਕਰਨਾ।" ਫਿਰ ਉਸ ਧਨਾਢ ਨੇ ਆਪਣੇ ਕੁਝ ਬੰਦਿਆਂ ਦੀ ਡਿਊਟੀ ਲਾਈ ਕਿ ਉਹ ਮਸਕੀਨ ਜੀ ਦੀਆਂ ਟੇਪਾਂ ਨੂੰ ਧਿਆਨ ਨਾਲ ਸੁਣ

ਕੇ ਕੋਈ ਗ਼ਲਤੀ ਕੱਢਣ ਤਾਂ ਜੋ ਨੁਕਤਾਚੀਨੀ ਲਈ ਰਾਹ ਮੋਕਲਾ ਹੋ ਸਕੇ। ਟੇਪਾਂ ਸੁਣਨ ਤੋਂ ਬਾਅਦ ਉਹ ਬੰਦੇ ਗ਼ਲਤੀ ਤਾਂ ਕੋਈ ਕੱਢ ਨਾ ਸਕੇ, ਸਗੋਂ ਬਾਣੀ ਅਤੇ ਬਾਣੇ ਦੇ ਧਾਰਨੀ ਹੋ ਕੇ ਸਿੱਖ ਪੰਥ ਵਿਚ ਸ਼ਾਮਲ ਹੋ ਗਏ।

ਮਸਕੀਨ ਜੀ ਨੇ ਜੇਕਰ ਕਿਸੇ ਦੇ ਘਰ ਪ੍ਰਸ਼ਾਦਾ ਛਕਣ ਜਾਣਾ ਤਾਂ ਆਪਣੇ ਨਾਲ ਪੰਜ ਸੱਤ ਸਿੰਘ ਜ਼ਰੂਰ ਲੈ ਜਾਣੇ। ਪਹਿਲੇ ਘਰ ਅਸੀਂ ਉਹਨਾਂ ਨੂੰ ਥੱਲੇ ਪੰਗਤ ਵਿਚ ਬੈਠ ਕੇ ਪੀਜ਼ਾ ਖਾਂਦੇ ਵੇਖਿਆ। ਫਿਰ ਅਗਲੀ ਵੇਰ ਇਕ ਕਸ਼ਮੀਰੀ ਸਿੱਖ ਦੀ ਬੇਨਤੀ ਮੰਨ ਕੇ ਵੈਨਕੂਵਰ ਦੀ ਰਾਬਸਨ ਸਟਰੀਟ 'ਤੇ ਉਹਨਾਂ ਦੇ ਇਕ ਰੈਸਟੋਰੈਂਟ ਵਿਚ ਕੁਰਸੀਆਂ ਮੇਜ਼ਾਂ 'ਤੇ ਬੈਠ ਕੇ ਮਸਕੀਨ ਜੀ ਹੋਰਾਂ ਨੇ ਦਾਲ ਫੁਲਕਾ ਛਕਿਆ, ਜਿਥੇ ਕਿ ਪਿੱਛੇ ਅਲਮਾਰੀਆਂ ਵਿਚ ਪਈਆਂ ਸ਼ਰਾਬ ਦੀਆਂ ਬੋਤਲਾਂ ਲਿਸ਼ਕਾਂ ਮਾਰ ਰਹੀਆਂ ਸਨ। ਉਹਨਾਂ ਨੇ ਕਿਸੇ ਤਰ੍ਹਾਂ ਦਾ ਕੋਈ ਭਰਮ ਨਹੀਂ ਕੀਤਾ।

ਪਾਖੰਡੀ ਕਥਾਵਾਚਕ 'ਆਂਖਨ ਭੀਤਰ ਤੇਲ ਕੋ ਡਾਰ ਕੈ' ਹੰਝੂ ਵਗਾਉਂਦੇ, ਭਰੇ ਗਲੇ ਵਿੱਚੋਂ ਵੈਰਾਗਮਈ ਆਵਾਜ਼ਾਂ ਕੱਢ ਕੇ ਸੰਗਤਾਂ ਦੀਆਂ ਜੇਬਾਂ ਖ਼ਾਲੀ ਕਰਾਉਂਦੇ ਤਾਂ ਦੇਖੇ ਹਨ, ਪਰ ਸੰਗਤਾਂ ਵਿਚ ਵੈਰਾਗ ਪੈਦਾ ਨਹੀਂ ਕਰ ਸਕਦੇ। ਮਸਕੀਨ ਜੀ ਕਥਾ ਕਰਨ ਵੇਲੇ ਹਰ ਤਰ੍ਹਾਂ ਦੀ ਵਾਰਤਾ ਨੂੰ ਬੜੇ ਠਰ੍ਹੰਮੇ ਨਾਲ ਸਹਿਜ ਵਿਚ ਹੀ ਸੁਣਾ ਦਿੰਦੇ, ਪਰ ਸੰਗਤਾਂ ਦੀਆਂ ਪੁਰ-ਨਮ ਹੋਈਆਂ ਅੱਖਾਂ ਸਾਫ਼ ਦਿੱਸ ਪੈਂਦੀਆਂ ਸਨ।

ਸਾਰੇ ਭਾਰਤ ਵਿਚ ਪੂਰੇ ਸਾਲ ਦੀਆਂ ਪੱਕੀਆਂ ਨਿਸਚਿਤ ਤਾਰੀਖ਼ਾਂ ਅਤੇ ਜਗ੍ਹਾ, ਜਿਥੇ ਮਸਕੀਨ ਜੀ 30 ਸਾਲ ਤੋਂ ਵੀ ਵੱਧ ਵੇਰਾਂ ਜਾ ਕੇ ਕਥਾ ਕਰਦੇ ਰਹੇ। ਹਰ ਸਾਲ ਮਾਰਚ ਇਕ ਤੋਂ ਤਿੰਨ (3 ਦਿਨ) ਅਲਵਰ ਸ਼ਹਿਰ (ਰਾਜਸਥਾਨ) ਵਿਚ ਸਤਿਸੰਗਤ ਦਾ ਅਲੌਕਿਕ ਜਲੌ ਦੇਖਿਆਂ ਹੀ ਬਣਦਾ ਸੀ। ਸਾਡੀ ਖ਼ੁਸ਼ਕਿਸਮਤੀ ਹੈ ਕਿ ਅਸੀਂ 1995, 1997 ਅਤੇ 2003 ਦੇ ਅਲਵਰ ਸਮਾਗਮ ਵਿਚ ਸ਼ਾਮਿਲ ਹੋ ਕੇ ਆਨੰਦ ਮਾਣਿਆ ਹੈ। ਉਹਨਾਂ ਨੇ ਬਹੁਤ ਸਾਰੇ ਪੰਥਕ ਕੀਰਤਨੀਆਂ, ਕਥਾਵਾਚਕਾਂ, ਕਵੀਸ਼ਰਾਂ ਦੀ ਹੌਸਲਾ-ਅਫ਼ਜ਼ਾਈ ਕੀਤੀ। ਉਹਨਾਂ ਦੀ ਨੇੜਤਾ ਪ੍ਰਾਪਤ ਕਰ ਚੁੱਕੇ 'ਆਜਿਜ਼', 'ਨਿਮਾਣਾ', 'ਜਾਚਿਕ', 'ਗੌਹਰ', 'ਦਰਦੀ', 'ਕੋਮਲ', 'ਗ਼ਰੀਬ' ਆਦਿਕ ਆਪੋ-ਆਪਣੇ ਤਖ਼ੱਲਸ 'ਤੇ ਕਿੰਨਾ ਕੁ ਪੂਰੇ ਉਤਰੇ ਹਨ, ਇਹ ਤਾਂ ਉਹ ਖ਼ੁਦ ਜਾਂ ਸੰਗਤਾਂ ਜਾਣਦੀਆਂ ਹਨ, ਹਾਲਾਂਕਿ ਕਈ ਉਹਨਾਂ ਦਾ ਨਾਮ ਵਰਤ ਕੇ ਨਿੱਜੀ ਲਾਭ ਵੀ ਲੈਂਦੇ ਰਹੇ ਹਨ।

ਸੱਚ ਕਹਿਣ ਵੇਲੇ ਉਹ ਸਮਾਂ, ਸਥਿਤੀ, ਸਥਾਨ, ਸੰਸਥਾ ਆਦਿ ਦਾ ਖ਼ਿਆਲ ਨਹੀਂ ਸਨ ਰੱਖਦੇ, ਜਿਸ ਕਰਕੇ ਕੋਰਟਾਂ ਦੇ ਕੇਸ ਚੱਲਣੇ, 10-12 ਸਾਲ ਪਾਸਪੋਰਟ ਨਾ ਮਿਲਣਾ ਅਤੇ ਹੋਰ ਮਾਨਸਿਕ ਪਰੇਸ਼ਾਨੀਆਂ ਦਾ ਸਾਹਮਣਾ

ਕਰਨਾ ਪਿਆ। ਪ੍ਰਬੰਧ ਅਤੇ ਪ੍ਰਚਾਰ ਵਿਚਲੀਆਂ ਤਰੁੱਟੀਆਂ ਬਾਰੇ ਉਹ ਗੰਭੀਰ ਰਹਿੰਦੇ ਸਨ, ਪਰ ਫਿਰ ਵੀ ਉੱਚਾ ਬੋਲ, ਕ੍ਰੋਧ ਜਾਂ ਨਿੱਜੀ ਖਾਰ ਖਾਣ ਵਾਲੀ ਕੋਈ ਗੱਲ ਕਦੇ ਨਹੀਂ ਸੀ ਦੇਖੀ। ਕਿਸੇ ਦੇ ਵਧੀਆ ਸ਼ੇਅਰ ਸੁਣਾਉਣ ਬਾਅਦ ਉਹਨਾਂ ਦੀਆਂ ਅੱਖਾਂ ਵਿਚਲੀ ਚਮਕ ਅਤੇ ਚਿਹਰੇ ਤੋਂ ਸਾਫ਼ ਦਿੱਸ ਪੈਂਦਾ ਸੀ ਕਿ ਉਹ ਇਸ ਨੂੰ ਕਿਸ ਤਰ੍ਹਾਂ ਫ਼ਰਾਖ਼-ਦਿਲੀ ਨਾਲ ਕਬੂਲਦੇ ਸਨ।

ਇਕ ਵੇਰ ਵੈਨਕੂਵਰ ਦੇ ਗਰਾਉਸ ਮਾਊਨਟੇਨ 'ਤੇ ਸੁੰਦਰ ਵਾਦੀਆਂ ਦਾ ਨਜ਼ਾਰਾ ਦੇਖਣ ਜਾ ਰਹੇ ਸਨ ਤਾਂ ਇਕ ਸਾਥੀ ਨੇ ਸੁਝਾਅ ਦਿੱਤਾ ਕਿ ਮਸਕੀਨ ਜੀ, ਅਗਰ ਤੁਸੀਂ ਆਮ (ਅਖੌਤੀ) ਸੰਤਾਂ ਵਾਂਗ ਗੋਲ ਪੱਗ, ਲੰਮਾ ਚੋਲਾ, ਵੱਡੀ ਮਾਲਾ ਤੇ ਪੰਜ ਚਾਰ ਚੇਲੇ ਨਾਲ ਲੈ ਕੇ ਅਤੇ ਡੇਰਾ ਬਣਾ ਕੇ ਪ੍ਰਚਾਰ ਕਰੋ ਤਾਂ ਸੰਗਤਾਂ ਜ਼ਿਆਦਾ ਲਾਹਾ ਲੈ ਸਕਦੀਆਂ ਹਨ। ਉਹ ਕਹਿਣ ਲੱਗੇ ਕਿ ਇਹ ਸੰਤ ਤਾਂ ਗ੍ਰਿਹਸਤ ਤੋਂ ਪਾਸੇ ਹੋ ਕੇ ਸੰਤ ਬਣੇ ਹਨ, ਪਰ ਅਸੀਂ ਸੰਤ ਗੀਰੀ ਛੱਡ ਕੇ ਗ੍ਰਿਹਸਤ ਵਿਚ ਆਏ ਹਾਂ। ਸਿੱਖ ਪੰਥ ਵਿਚ ਪ੍ਰਚਾਰ ਇਸੇ ਤਰ੍ਹਾਂ ਸਾਦਾ ਲਿਬਾਸ ਤੇ ਸਾਦਗੀ ਵਿਚ ਹੀ ਹੋਣਾ ਚਾਹੀਦਾ ਹੈ। ਸਾਡਾ ਪ੍ਰਚਾਰ ਹਰ ਕਿਸੇ ਨੂੰ ਆਪਣੇ ਜਾਂ ਆਪਣੇ ਡੇਰੇ ਨਾਲ ਨਹੀਂ, ਸਗੋਂ ਸ਼ਬਦ-ਗੁਰੂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੇ ਲੜ ਲਾਉਣ ਲਈ ਹੈ, ਜਦੋਂ ਕਿ ਭੇਖਧਾਰੀ ਆਪਣੇ ਨਾਲ ਜਾਂ ਆਪਣੇ ਡੇਰੇ ਨਾਲ ਜੋੜਦੇ ਹਨ।

ਸਿੱਖਾਂ ਬਾਰੇ ਇਹ ਪ੍ਰਚਲਿਤ ਹੈ ਕਿ ਸਿੱਖ ਮੜ੍ਹੀਆਂ ਦੇ ਪੁਜਾਰੀ ਹਨ, ਮਤਲਬ ਜੀਵਨ ਕਾਲ ਵਿਚ ਤਾਂ ਕਿਸੇ ਨੂੰ ਪੁੱਛਦੇ ਨਹੀਂ ਤੇ ਮਰਨ ਉਪਰੰਤ ਸੋਹਿਲੇ ਗਾਉਂਦੇ ਹਨ, ਪਰ ਇਹ ਗੱਲ ਮਸਕੀਨ ਜੀ ਬਾਰੇ ਪੂਰੀ ਨਹੀਂ ਢੁੱਕਦੀ। ਉਹਨਾਂ ਨੂੰ ਜੀਵਨ ਕਾਲ ਵਿਚ ਭੀ ਸੰਸਾਰ ਦੇ ਹਰ ਹਿੱਸੇ ਵਿੱਚੋਂ ਪਿਆਰ ਸਤਿਕਾਰ ਮਿਲਿਆ (ਜਿਸਦੀ ਕਿ ਉਹ ਕਦੇ ਲਾਲਸਾ ਨਹੀਂ ਸਨ ਕਰਦੇ) ਅਤੇ ਜੀਵਨ ਅੰਤ 'ਤੇ ਭੀ ਮਿਲਿਆ ਹੈ। ਕਾਰਨ ਸਪੱਸ਼ਟ ਹੈ ਕਿ ਸੰਤ-ਪੁਣਾ ਅਤੇ ਸਿੰਘ-ਪੁਣਾ ਦੇ ਸੁਮੇਲ ਨੇ ਮਸਕੀਨੀ 'ਗਰੀਬੀ ਗਦਾ ਹਮਾਰੀ' ਨੂੰ ਦ੍ਰਿੜ੍ਹਤਾ ਨਾਲ ਧਾਰਨ ਕਰ ਕੇ, ਸੱਚ ਦਾ ਪੱਲਾ ਫੜ ਕੇ, ਸੱਚ ਦਾ ਪ੍ਰਚਾਰ, ਲੋਕਾਈ ਵਰਗੇ ਬਣ ਕੇ, ਲੋਕਾਈ ਦੀ ਭਲਾਈ ਵਾਸਤੇ ਕੀਤਾ।

ਚੰਨ 'ਤੇ ਥੁੱਕਣ ਵਾਲੇ ਹੁਣ ਭੀ ਮੁੱਕ ਨਹੀਂ ਗਏ। ਕਿਸੇ ਦੀ ਲਕੀਰ ਨੂੰ ਮਿਟਾਉਣਾ ਜਾਂ ਵਿਗਾੜਨਾ ਤਾਂ ਸੌਖਾ ਕੰਮ ਹੈ, ਪਰ ਜੋ ਲਕੀਰ ਮਸਕੀਨ ਜੀ ਖਿੱਚ ਗਏ ਹਨ ਸ਼ਾਇਦ ਹੀ ਕੋਈ ਹੋਰ ਉਸ ਤੋਂ ਵੱਡੀ ਲਕੀਰ ਖਿੱਚੇ। ਪਰਮਾਤਮਾ ਮਿਹਰ ਕਰੇ ਜੋ ਉਹਨਾਂ ਵਰਗੇ ਕਈ ਹੋਰ ਗੁਰਸਿੱਖ ਫਿਰ ਸੰਗਤਾਂ ਨੂੰ ਗੁਰੂ ਗ੍ਰੰਥ ਤੇ ਗੁਰੂ-ਪੰਥ ਦੇ ਲੜ ਲਾਉਣ ਦਾ ਸਾਧਨ ਬਣ ਸਕਣ।

# ਮਾਨਵਤਾ ਦੇ ਸਾਂਝੇ ਮਸਕੀਨ ਜੀ

*—ਭਾਈ ਬਖਸ਼ੀਸ਼ ਸਿੰਘ ਰਾਗੀ (ਬਟਾਲਾ)*

ਮਾਨਵ ਨੂੰ ਮਾਨਵ ਜਾਂ ਮਨੁੱਖ ਇਸ ਲਈ ਕਿਹਾ ਗਿਆ ਹੈ ਕਿ ਇਸ ਕੋਲ ਮਨ ਹੈ। ਬੁਰੇ-ਭਲੇ, ਚੰਗੇ-ਮੰਦੇ, ਪੁੰਨ-ਪਾਪ, ਵੈਰੀ-ਮਿੱਤਰ ਦੀ ਸਮਝ ਇਸੇ ਹੀ ਮਨ ਕਰਕੇ ਹੈ। ਪਰ ਵੇਖਣ ਵਿਚ ਆਇਆ ਹੈ ਕਿ ਆਪਣੇ ਆਪ ਨੂੰ ਮਨੁੱਖ ਸਮਝਣ ਵਾਲਾ ਇਹ ਪ੍ਰਾਣੀ ਅਵਗੁਣ ਹੀ ਇਕੱਤਰ ਕਰਦਾ ਰਹਿੰਦਾ ਹੈ। ਗੁਰਵਾਕ ਹੈ :

**ਲੋਕੁ ਅਵਗਣਾ ਕੀ ਬੰਨੈ੍ ਗੰਠੜੀ ਗੁਣ ਨ ਵਿਹਾਝੈ ਕੋਇ ॥**
**ਗੁਣ ਕਾ ਗਾਹਕੁ ਨਾਨਕਾ ਵਿਰਲਾ ਕੋਈ ਹੋਇ ॥**

*(ਸਲੋਕੁ ਮਹਲਾ ੩, ਪੰਨਾ 1092)*

ਇਹਨਾਂ ਅਵਗੁਣਾਂ ਦੇ ਫਿਰ ਸੰਸਕਾਰ ਬਣਦੇ ਹਨ। ਇਹ ਸੰਸਕਾਰ ਹੀ ਮਨੁੱਖ ਨੂੰ ਜਨਮ-ਦਰ-ਜਨਮ ਆਵਾਗਉਣ ਦੀ ਖੇਡ ਖਿਡਾਉਂਦੇ ਰਹਿੰਦੇ ਹਨ। ਇਸ ਲਈ ਬੁਰੇ ਸੰਸਕਾਰਾਂ ਵਾਲਾ ਮਨੁੱਖ ਆਪਣੇ ਜੀਵਨ ਵਿਚ ਖ਼ੁਦ ਅਵਗੁਣਾਂ ਦੀ ਗੰਠੜੀ ਬੰਨ੍ਹੀ ਫਿਰਦਾ ਹੈ ਅਤੇ ਸਮਾਜ ਅੰਦਰ ਵੀ ਐਸੇ ਅਵਗੁਣਾਂ ਦੀ ਦੁਰਗੰਧੀ ਅਤੇ ਸੜਾਂਦ ਫੈਲਾਅ ਦਿੰਦਾ ਹੈ।

ਦੁਨੀਆ ਅੰਦਰ ਐਸੀ ਅਸੁਰੀ ਮਤ ਵਾਲਿਆਂ ਵੱਲੋਂ ਫੈਲਾਏ ਹਨੇਰੇ ਨੂੰ ਗੁਰਬਾਣੀ ਦੀ ਰੌਸ਼ਨੀ ਰਾਹੀਂ ਖ਼ਤਮ ਕਰਨ ਲਈ ਅਕਾਲ ਪੁਰਖ ਸਰੂਪ ਸਤਿਗੁਰੂ ਜੀ ਨੇ ਕਈ ਦੀਪਕ ਜਗਾਏ, ਜਿਹਨਾਂ ਨੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਵੀ ਕੀਤਾ ਤੇ ਮਨੁੱਖ ਵੱਲੋਂ ਆਪਣੇ ਹੀ ਰਾਹ 'ਚ ਖਿਲਾਰੇ ਕੰਡਿਆਂ ਨੂੰ ਚੁਗਿਆ। ਫਿਰ ਮਾਲੀ ਵਾਂਗ ਇਸ ਸੰਸਾਰ ਰੂਪੀ ਵਾੜੀ ਨੂੰ ਸਿੰਜ ਕੇ ਹਰੀ ਭਰੀ ਕੀਤਾ। ਅਜੋਕੇ ਸਮੇਂ ਵਿਚ ਇਹੋ ਜਿਹੇ ਦੀਪਕ ਜਾਂ ਮਾਲੀ ਦੀ ਗੱਲ ਕਰੀਏ ਤਾਂ ਪੰਥ ਰਤਨ, ਮਨੁੱਖਤਾ ਦੇ ਪਿਆਰੇ ਗਿਆਨੀ ਸੰਤ ਸਿੰਘ ਜੀ ਮਸਕੀਨ ਦਾ ਨਾਂ ਸ਼ਰਧਾ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ, ਜਿਹਨਾਂ ਨੇ ਜਗਤ-ਗੁਰੂ ਧੰਨ ਗੁਰੂ ਨਾਨਕ ਸਾਹਿਬ ਜੀ ਦਾ ਪਾਵਨ ਉਪਦੇਸ਼ ਦੁਨੀਆ ਵਿਚ ਇਸ ਤਰ੍ਹਾਂ ਫੈਲਾਇਆ

ਕਿ ਮਸਕੀਨ ਜੀ ਦੇ ਮੁਖਾਰਬਿੰਦ 'ਚੋਂ ਉਚਾਰੇ ਹੋਏ ਗੁਰੂ ਪਿਆਰ ਦੇ ਬਚਨ ਸੁਣ ਕੇ ਅਤੇ ਉਹਨਾਂ ਦੀ ਸੰਗਤ ਕਰਨ ਵਾਲੇ ਦਾ ਮਨ ਇਕ ਵਾਰ ਜ਼ਰੂਰ ਗੁਰੂ ਬਾਬੇ ਦੇ ਸ਼ਬਦ-ਰਸ ਨੂੰ ਮਾਨਣ ਲਈ ਲੋਚਿਆ। ਸਤਿਕਾਰਯੋਗ ਮਸਕੀਨ ਜੀ, ਜਿਨ੍ਹਾਂ ਨੇ ਗੁਰਬਾਣੀ ਦੀ ਅਗੰਮੀ ਵਿਚਾਰ ਕਥਾ ਰੂਪ ਵਿਚ ਜਿਥੇ ਸੰਸਾਰ ਵਿਚ ਵੰਡੀ, ਉਥੇ ਇਹ ਵਡਮੁੱਲਾ ਖ਼ਜ਼ਾਨਾ ਕਿਤਾਬਾਂ ਦੇ ਰੂਪ ਵਿਚ ਵੀ ਦਿੱਤਾ ਹੈ।

ਦਾਸ ਨੇ ਨਿੱਜੀ ਤੌਰ 'ਤੇ ਉਹਨਾਂ ਦੇ ਦਰਸ਼ਨ ਕਰ ਕੇ ਜੋ ਮਹਿਸੂਸ ਕੀਤਾ, ਉਸ ਨੂੰ ਇਸ ਤਰ੍ਹਾਂ ਹੀ ਕਹਿ ਸਕਦਾ ਹਾਂ ਕਿ ਜਿਵੇਂ ਪਹਾੜ 'ਤੇ ਗਿਆਂ ਸੀਤਲਤਾ ਮੰਗਣੀ ਨਹੀਂ ਪੈਂਦੀ, ਆਪੇ ਹੀ ਪ੍ਰਾਪਤ ਹੋ ਜਾਂਦੀ ਹੈ; ਕੁਝ ਇਸ ਤਰ੍ਹਾਂ ਦਾ ਅਹਿਸਾਸ ਹੀ ਮਾਣਿਆ। ਉਹਨਾਂ ਪਲਾਂ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਮੇਰੇ ਲਈ ਅਸੰਭਵ ਹੈ। ਏਡੀ ਵੱਡੀ ਨਾਮਣੇ ਵਾਲੀ ਸ਼ਖ਼ਸੀਅਤ ! ਨਾ ਮਾਣ ਨਾ ਗ਼ਰੂਰ। ਬੋਲਾਂ 'ਚ ਮਿਠਾਸ ਤੇ ਕਸ਼ਿਸ਼। ਜੀਵਨ 'ਚ ਹਲੀਮੀ ਤੇ ਸਹਿਜ। ਵਾਹ! ਗੁਰੂ ਪਿਆਰ 'ਚ ਗੁੱਧੇ ਹੋਏ ਸਨ ਮਸਕੀਨ ਜੀ। ਨਹੀਂ ਤੇ ਵੇਖਿਆ ਹੈ ਕਈ ਬੁਲਾਰਿਆਂ ਨੂੰ ਚਾਰ ਅੱਖਰ ਬੋਲਣੇ ਆ ਜਾਣ ਤਾਂ ਦਿਮਾਗ਼ ਸੱਤਵੇਂ ਅਸਮਾਨ 'ਤੇ ਚੜ੍ਹਾ ਲੈਂਦੇ ਹਨ। ਕਿਸੇ ਨਾਲ ਗੱਲ ਕਰ ਕੇ ਵੀ ਰਾਜ਼ੀ ਨਹੀਂ। ਕਬੀਰ ਜੀ ਨੇ ਕੇਹਾ ਸੁੰਦਰ ਫ਼ੁਰਮਾਨ ਕੀਤਾ ਹੈ :

**ਕਹੁ ਕਬੀਰ ਛੂਛਾ ਘਟੁ ਬੋਲੈ ॥**
**ਭਰਿਆ ਹੋਇ ਸੁ ਕਬਹੁ ਨ ਡੋਲੈ ॥**

*(ਰਾਗ ਗੋਂਡ ਭਗਤ ਕਬੀਰ ਜੀ, ਪੰਨਾ 870)*

ਅਕਸਰ ਜਿਹੜੇ ਭਾਂਡੇ ਅੰਦਰੋਂ ਊਣੇ (ਖ਼ਾਲੀ) ਹੁੰਦੇ ਹਨ, ਉਹ ਹੀ ਛਲਕਦੇ ਹਨ ਪਰ ਜਿਹੜੇ ਨੱਕੋ-ਨੱਕ ਭਰੇ ਹੋਏ ਹੁੰਦੇ ਹਨ, ਉਹ ਅਡੋਲ ਹੁੰਦੇ ਹਨ।

ਮਸਕੀਨ ਜੀ ਦੀ ਸੰਗਤ ਅਤੇ ਦਰਸ਼ਨ ਕਰ ਕੇ ਉਹਨਾਂ ਨੂੰ ਮਿਲਣ ਤੋਂ ਬਾਅਦ ਹਰ ਕੋਈ ਇਹ ਕਹਿਣ ਵਿਚ ਮਾਣ ਮਹਿਸੂਸ ਕਰਦਾ ਕਿ ਮਸਕੀਨ ਜੀ ਮੇਰੇ ਨੇ, ਮਸਕੀਨ ਜੀ ਸਾਡੇ ਨੇ, ਮਸਕੀਨ ਜੀ ਸਭ ਦੇ ਨੇ। ਦਾਸ ਵੀ ਕੀਰਤਨ ਦੀ ਸੇਵਾ ਕਰਨ ਦੂਰ-ਨੇੜੇ ਜਾਂਦੈ। ਜਦ ਕੋਈ ਪ੍ਰੇਮੀ ਗੁਰਬਾਣੀ ਦੇ ਕਿਸੇ ਵਿਸ਼ੇ 'ਤੇ ਗੱਲ ਕਰਦਾ ਤਾਂ ਲੰਮੀ ਵਿਚਾਰ ਤੋਂ ਬਾਅਦ ਗੱਲ ਇਥੇ ਹੀ ਮੁੱਕਦੀ ਹੈ ਕਿ ਗੁਰਬਾਣੀ ਦੇ ਇਸ ਵਿਚਾਰ ਦੀ ਵਿਆਖਿਆ ਜੋ ਮਸਕੀਨ ਜੀ ਨੇ ਕੀਤੀ ਹੈ ਉਹ ਸਭ ਤੋਂ ਵੱਧ ਪ੍ਰਭਾਵਸ਼ਾਲੀ, ਮੰਨਣਯੋਗ ਤੇ ਗਹਿਰੀ ਹੈ।

ਕੁਝ ਸਮਾਂ ਪਹਿਲਾਂ ਮੇਰਾ ਇਕ ਮਿੱਤਰ ਜੋ ਬਹੁਤ ਸਿਆਣਾ, ਪੜ੍ਹਿਆ-

ਲਿਖਿਆ ਅਤੇ ਇਸ ਸਮੇਂ ਪ੍ਰਿੰਸੀਪਲ ਦੀ ਪੋਸਟ 'ਤੇ ਹੈ, ਚੰਗਾ ਸਾਹਿਤਕਾਰ ਵੀ ਹੈ, ਮੇਰੇ ਨਾਲ ਗੁਰਬਾਣੀ ਵਿੱਚੋਂ ਕਿਸੇ ਨੁਕਤੇ 'ਤੇ ਵਿਚਾਰ ਕਰ ਰਿਹਾ ਸੀ। ਗੁਰੂ ਕਾ ਕੀਰਤਨੀਆ ਹੋਣ ਕਰਕੇ ਮੈਂ ਗੁਰਮਤਿ ਦੀ ਵਿਚਾਰਧਾਰਾ ਅਨੁਸਾਰ ਜਦ ਵੀ ਉਸ ਨਾਲ ਗੱਲ ਕਰਦਾ ਤਾਂ ਮੈਂ ਹੈਰਾਨ ਹੋ ਜਾਂਦਾ ਕਿ ਮੇਰਾ ਮਿੱਤਰ ਏਨੇ ਪਤੇ ਦੀ ਗੱਲ ਕਿਵੇਂ ਕਰ ਲੈਂਦਾ ਹੈ। ਕਿਉਂਕਿ ਜਦੋਂ ਦਾ ਮੈਂ ਉਸ ਨੂੰ ਜਾਣਦਾ ਸੀ, ਉਹ ਮਾਰਕਸਵਾਦੀ ਵਿਚਾਰਾਂ ਦਾ ਸੀ। ਵਿਚਾਰ ਕਰਦਿਆਂ ਮੈਂ ਉਸ ਨੂੰ ਕਿਹਾ ਕਿ ਜੇ ਤੇਰੀ ਤਸੱਲੀ ਮੇਰੇ ਵਿਚਾਰਾਂ ਨਾਲ ਨਹੀਂ ਹੁੰਦੀ ਤਾਂ ਟੀ.ਵੀ. 'ਤੇ ਮਸਕੀਨ ਜੀ ਦੀ ਕਥਾ ਸੁਣਿਆ ਕਰ। ਉਹਨਾਂ ਦੀਆਂ ਕੈਸਟਾਂ ਤੇ ਕਿਤਾਬਾਂ ਘਰ ਲਿਆ ਕੇ ਪੜ੍ਹੋ। ਏਨਾ ਕਹਿੰਦਿਆਂ ਜਦ ਮੈਂ ਮਿੱਤਰ ਦੇ ਚਿਹਰੇ ਵੱਲ ਵੇਖਿਆ ਤਾਂ ਉਸ ਦਾ ਚਿਹਰਾ ਕਿਸੇ ਗੰਭੀਰਤਾ ਵਿਚ ਡੁੱਬਿਆ ਹੋਇਆ ਨਜ਼ਰ ਆਇਆ। ਫਿਰ ਬੜੇ ਹੀ ਠਰ੍ਹੰਮੇ ਨਾਲ ਮਿੱਤਰ ਮੈਨੂੰ ਕਹਿਣ ਲੱਗਾ, "ਕੁਦਰਤ ਇਕ ਸਮੇਂ ਇਕ ਹੀ ਜ਼ਹੀਨ ਦੁਨੀਆ ਵਿਚ ਭੇਜਦੀ ਹੈ। ਇਸ ਸਮੇਂ ਉਹ ਅਸਥਾਨ ਕੁਦਰਤ ਨੇ ਮਸਕੀਨ ਜੀ ਨੂੰ ਦਿੱਤਾ ਹੈ।" ਉਹ ਹੋਰ ਵੀ ਕਈ ਕੁਝ ਕਹਿੰਦਾ ਰਿਹਾ, ਪਰ ਮੈਂ ਉਸ ਵੱਲ ਤੱਕਦਾ ਹੀ ਰਹਿ ਗਿਆ।

17 ਅਕਤੂਬਰ, 2004 ਈ: ਨੂੰ ਮਸਕੀਨ ਜੀ ਅੰਮ੍ਰਿਤਸਰ ਤੋਂ ਫ਼ਤਹਿਗੜ੍ਹ ਚੂੜੀਆਂ (ਜ਼ਿਲ੍ਹਾ ਗੁਰਦਾਸਪੁਰ) ਕਥਾ ਕਰਨ ਪਹੁੰਚੇ। ਗਿਆਨੀ ਗੁਰਵਿੰਦਰ ਸਿੰਘ ਕੋਮਲ ਵੀ ਉਸ ਸਮੇਂ ਨਾਲ ਸਨ। ਕੋਮਲ ਜੀ ਦਾ ਪਿੰਡ ਫ਼ਤਹਿਗੜ੍ਹ ਚੂੜੀਆਂ ਤੋਂ ਦਸ ਕੁ ਕਿਲੋਮੀਟਰ ਦੂਰੀ 'ਤੇ ਸੀ। ਕੋਮਲ ਜੀ ਨੇ ਮਸਕੀਨ ਜੀ ਨੂੰ ਗ੍ਰਹਿ ਵਿਖੇ ਦਰਸ਼ਨ ਬਖ਼ਸ਼ਣ ਦੀ ਬੇਨਤੀ ਕੀਤੀ ਜੋ ਮਸਕੀਨ ਜੀ ਨੇ ਪ੍ਰਵਾਨ ਕਰ ਕੇ ਉਹਨਾਂ ਦੇ ਗ੍ਰਹਿ ਪਿੰਡ ਪੰਨਵਾਂ ਵਿਖੇ ਚਰਨ ਪਾਏ। ਦਾਸ ਦਾ ਪਿੰਡ ਵੀ ਨਜ਼ਦੀਕ ਹੀ ਸੀ। ਬਚਪਨ ਦੇ ਸਾਥੀ ਹੋਣ ਕਰਕੇ ਕੋਮਲ ਜੀ ਨੇ ਇਹ ਖ਼ੁਸ਼ੀ ਮੇਰੇ ਨਾਲ ਸਾਂਝੀ ਕੀਤੀ ਕਿ ਮਹਾਂਪੁਰਸ਼ ਘਰ ਆ ਰਹੇ ਹਨ। ਗਿਆਨੀ ਗੁਰਵਿੰਦਰ ਸਿੰਘ ਜੀ ਕੋਮਲ ਦਾ ਮੈਂ ਜ਼ਿੰਦਗੀ ਭਰ ਰਿਣੀ ਰਹਾਂਗਾ ਕਿ ਉਸ ਸਮੇਂ ਸੰਗਤਾਂ ਦੀ ਸੇਵਾ ਦਾ ਮੌਕਾ ਜਿਥੇ ਇਹਨਾਂ ਦੇ ਪਰਿਵਾਰ ਨੂੰ ਨਸੀਬ ਹੋਇਆ, ਉਥੇ ਦਾਸ ਨੂੰ ਵੀ ਸੇਵਾ ਕਰਨ ਦਾ ਸੁਭਾਗ ਅਵਸਰ ਪ੍ਰਾਪਤ ਹੋ ਗਿਆ।

ਮੈਨੂੰ ਮਸਕੀਨ ਜੀ ਦੇ ਆਖ਼ਰੀ ਦਰਸ਼ਨ ਮਿਤੀ 23 ਅਕਤੂਬਰ, 2004 ਨੂੰ ਪਿੰਡ ਵਡਾਲਾ ਬਾਂਗਰ (ਗੁਰਦਾਸਪੁਰ) ਵਿਖੇ ਹੋਏ। ਦਾਸ ਦੇ ਜਥੇ ਤੋਂ ਬਾਅਦ ਗਿਆਨੀ ਪਿੰਦਰਪਾਲ ਸਿੰਘ ਜੀ ਲੁਧਿਆਣੇ ਵਾਲਿਆਂ ਕਥਾ ਸ੍ਰਵਣ ਕਰਾਈ। ਉਹਨਾਂ ਤੋਂ ਬਾਅਦ ਮਸਕੀਨ ਜੀ ਨੇ ਅਮੋਲਕ ਬਚਨਾਂ ਰਾਹੀਂ ਸੰਗਤਾਂ ਨੂੰ ਨਿਹਾਲ

ਕਰਨਾ ਸੀ। ਸਟੇਜ 'ਤੇ ਬੈਠਣ ਤੋਂ ਪਹਿਲਾਂ ਮਸਕੀਨ ਜੀ ਨੇ ਮੈਥੋਂ ਪੁੱਛਿਆ, "ਕਿਸ ਸੰਬੰਧ ਵਿਚ ਸਮਾਗਮ ਰੱਖਿਆ ਹੈ ?" ਤਾਂ ਮੈਂ ਏਨਾ ਹੀ ਕਿਹਾ, "ਸ਼ਬਦ-ਗੁਰੂ ਦੇ ਸੰਬੰਧ ਵਿਚ।" ਮਸਕੀਨ ਜੀ ਫਿਰ ਕਥਾ ਕਰਨ ਲੱਗ ਪਏ। ਉਹਨਾਂ ਦੇ ਮੁਖਾਰਬਿੰਦ 'ਚੋਂ ਗੁਰੂ ਪਿਆਰ ਦੇ ਫੁੱਲ ਕਿਰ ਰਹੇ ਸਨ। ਗਿਆਨ-ਲਬਰੇਜ਼ ਕਥਾ ਦੀ ਵਰਖਾ ਹੋ ਰਹੀ ਸੀ। ਗੁਰ-ਸੰਗਤਾਂ ਦੇ ਹਿਰਦੇ ਵਿਸਮਾਦੀ ਰਸ ਦੇ ਨਾਲ ਭਰ ਰਹੇ ਸਨ। ਮੇਰੇ ਲਈ ਮਸਕੀਨ ਜੀ ਦੇ ਉਪਰ ਬਿਆਨ ਕੀਤੇ ਬੋਲ ਇਕ ਸਦੀਵੀ ਯਾਦ ਬਣ ਕੇ ਜ਼ਿਹਨ ਅੰਦਰ ਟਿਕ ਗਏ ਹਨ।

ਅਖ਼ੀਰ ਵਿਚ ਏਨਾ ਹੀ ਕਹਾਂਗਾ ਕਿ ਅਜੋਕੀ ਸਦੀ ਅੰਦਰ ਗੁਰਮਤਿ ਦੀ ਸਰਬੋਤਮਤਾ ਕਥਾ ਵਿਖਿਆਨਾਂ ਰਾਹੀਂ ਜਿਸ ਤਰ੍ਹਾਂ ਮਸਕੀਨ ਜੀ ਨੇ ਪ੍ਰਗਟਾਈ ਹੈ; ਗ਼ਰੀਬ ਨਿਵਾਜ਼ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਇਹ ਵਡਿਆਈ ਸਿਰਫ਼ ਤੇ ਸਿਰਫ਼ ਉਹਨਾਂ ਦੀ ਹੀ ਝੋਲੀ ਪਾਈ ਹੈ। ਮਸਕੀਨ ਜੀ ਦੀ ਰਸਨਾ ਤੋਂ ਪ੍ਰਭਾਵਸ਼ਾਲੀ ਕਥਾ ਸੁਣਨ ਵਾਲਿਆਂ ਨੂੰ ਮਜ਼੍ਹਬ, ਧਰਮ, ਨਸਲ, ਗੋਤ ਆਦਿ ਦਾ ਕੋਈ ਬੰਧਨ ਨਹੀਂ ਸੀ। ਉਹਨਾਂ ਦੀ ਕਥਾ ਰੋਜ਼ਾਨਾ ਈ.ਟੀ.ਸੀ. ਪੰਜਾਬੀ ਚੈਨਲ ਤੋਂ ਸੁਣ ਕੇ ਹਰੇਕ ਬਸ਼ਰ ਆਪਣੇ ਆਪ ਨੂੰ ਵਡਭਾਗਾ ਸਮਝਦਾ ਹੈ। ਇਸ ਲਈ ਨਿਰਸੰਦੇਹ ਮਸਕੀਨ ਜੀ ਮਾਨਵਤਾ ਦੇ ਸਰਬ ਸਾਂਝੇ ਹਨ। ਜਦ ਇਹ ਸ਼ਬਦ ਸੁਣਨ ਨੂੰ ਮਿਲਦਾ ਹੈ ਕਿ ਮਸਕੀਨ ਜੀ ਸਦੀਵੀ ਵਿਛੋੜਾ ਦੇ ਗਏ ਹਨ ਤਾਂ ਮਨ ਕਹਿੰਦਾ ਹੈ ਕਿ ਉਹ ਵਿਛੜੇ ਨਹੀਂ, ਸਗੋਂ ਸਾਡੀਆਂ ਰੂਹਾਂ ਅੰਦਰ ਵੱਸ ਗਏ ਹਨ :

**ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥**
**ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥**

*(ਬਿਲਾਵਲ ਮਹਲਾ ੫, ਪੰਨਾ 846)*

# ਬ੍ਰਹਮ ਗਿਆਨ ਅਵਸਥਾ ਦੇ ਮਾਲਕ

*—ਗਿਆਨੀ ਜਸਵਿੰਦਰ ਸਿੰਘ ਦਰਦੀ*

ਗਿਆਨ ਅਜਿਹਾ ਪ੍ਰਕਾਸ਼ ਹੈ ਜਿਸ ਦੇ ਚਾਨਣ ਵਿਚ ਕੁਝ ਜਾਣਿਆ ਜਾਂਦਾ ਹੈ। ਗਿਆਨ ਇਕ ਅਜਿਹੀ ਰੌਸ਼ਨੀ ਹੈ ਜੋ ਮਾਰਗ-ਦਰਸ਼ਨ ਕਰਦੀ ਹੈ। ਜਿਵੇਂ ਇਕ ਬੰਦਾ ਗਿਆਨ ਹਾਸਲ ਕਰਦਾ ਹੈ ਕਿ ਮਨੁੱਖੀ ਸਰੀਰ ਦੀ ਬਣਤਰ ਕਿਸ ਤਰ੍ਹਾਂ ਦੀ ਹੈ ਅਤੇ ਇਸ ਮਨੁੱਖੀ ਸਰੀਰ ਅੰਦਰ ਕਿਹੜੇ ਕਿਹੜੇ ਪੁਰਜ਼ੇ ਕੰਮ ਕਰਦੇ ਹਨ। ਇਸ ਸਰੀਰ ਵਿਚ ਕਿਸ ਪੁਰਜ਼ੇ ਵਿਚ ਨੁਕਸ ਪੈਣ ਨਾਲ ਕੀ ਰੋਗ ਪੈਦਾ ਹੋ ਕੇ ਮਨੁੱਖ ਨੂੰ ਪ੍ਰਭਾਵਿਤ ਕਰ ਸਕਦਾ ਹੈ ਜਾਂ ਫਿਰ ਉਸ ਰੋਗ ਤੋਂ ਬਚਣ ਵਾਸਤੇ ਕੀ ਕੀ ਉਪਰਾਲੇ ਕੀਤੇ ਜਾ ਸਕਦੇ ਹਨ। ਇਸ ਮਨੁੱਖੀ ਤਨ ਦੀ ਸਾਰੀ ਜਾਣਕਾਰੀ ਰੱਖਣ ਵਾਲੇ ਨੂੰ ਅਸੀਂ ਡਾਕਟਰ ਆਖਦੇ ਹਾਂ। ਡਾਕਟਰ ਉਸ ਨੂੰ ਉਸ ਦੇ ਹਾਸਲ ਕੀਤੇ ਗਿਆਨ ਕਰਕੇ ਹੀ ਕਿਹਾ ਜਾਂਦਾ ਹੈ। ਅਸਲ ਵਿਚ ਉਸ ਦਾ ਨਾਮ ਭਾਵੇਂ ਕੋਈ ਹੋਰ ਹੋਵੇ, ਪਰ ਡਾਕਟਰ ਉਸ ਦੇ ਨਾਮ ਨਾਲ ਸਦਾ ਲਈ ਜੁੜ ਜਾਂਦਾ ਹੈ।

ਕੁਦਰਤ ਦੇ ਇਸ ਅਥਾਹ ਖ਼ਜ਼ਾਨੇ ਵਿੱਚੋਂ ਲੁਕੇ ਹੋਏ ਗੁਹਜ ਭੇਦ ਲੱਭ ਕੇ ਪ੍ਰਗਟ ਕਰਨ ਵਾਲੇ ਵਿਅਕਤੀ ਨੂੰ ਅਸੀਂ ਸਾਇੰਸਦਾਨ ਆਖਦੇ ਹਾਂ। ਇਸੇ ਤਰ੍ਹਾਂ ਹੀ ਜਿਸ ਵਿਅਕਤੀ ਨੇ ਗਿਆਨ ਹਾਸਲ ਕਰ ਲਿਆ, ਵਿਦਵਤਾ ਹਾਸਲ ਕਰ ਲਈ, ਉਸ ਨੂੰ ਵਿਦਵਾਨ ਜਾਂ ਗਿਆਨੀ ਆਖਿਆ ਜਾਂਦਾ ਹੈ। ਬਿਲਕੁਲ ਇਸੇ ਤਰ੍ਹਾਂ ਹੀ ਜਿਸ ਵੀ ਰੱਬੀ ਜਿਊੜੇ ਨੇ ਉਸ ਮਾਲਕ ਦੇ ਸਿਮਰਨ ਦੁਆਰਾ ਉਸ ਬ੍ਰਹਮ ਦਾ ਗਿਆਨ ਹਾਸਲ ਕਰ ਲਿਆ, ਉਸ ਨੂੰ ਹੀ ਅਸੀਂ ਬ੍ਰਹਮ ਗਿਆਨੀ ਆਖਦੇ ਹਾਂ।

ਭਾਵੇਂ ਰੱਬੀ ਗਿਆਨ ਅਤੇ ਦੁਨਿਆਵੀ ਗਿਆਨ ਦਾ ਆਪਸ ਵਿਚ ਬੜਾ ਅੰਤਰ ਹੈ। ਦੁਨਿਆਵੀ ਗਿਆਨ ਸਾਰਾ ਹੀ ਬਾਹਰੋਂ ਇਕੱਠਾ ਕੀਤਾ ਜਾਂਦਾ ਹੈ, ਇਸ ਵਾਸਤੇ ਮਨੁੱਖ ਨੂੰ ਬਾਹਰਮੁਖੀ ਹੋਣ ਦੀ ਲੋੜ ਪੈਂਦੀ ਹੈ, ਪਰ ਰੱਬੀ ਗਿਆਨ ਪ੍ਰਾਪਤ ਕਰਨ ਵਾਸਤੇ ਬਾਹਰਮੁਖੀ ਨਹੀਂ ਸਗੋਂ ਅੰਤਰਮੁਖੀ ਹੋਣ ਦੀ

ਲੋੜ ਪੈਂਦੀ ਹੈ। ਬਾਹਰੀ ਗਿਆਨ ਕੇਵਲ ਇਕ ਸੋਝੀ ਹੈ, ਪਰ ਅੰਦਰੂਨੀ ਰੱਬੀ ਗਿਆਨ ਨਾਲ ਇਹ ਜੀਵਨ ਵੀ ਸ਼ਿੰਗਾਰਿਆ ਜਾਂਦਾ ਹੈ।

ਜਿਵੇਂ ਡਾਕਟਰ ਹਜ਼ਾਰਾਂ ਮਰੀਜ਼ਾਂ ਦਾ ਇਲਾਜ ਕਰਦਾ ਹੈ। ਉਸ ਨੂੰ ਇਹ ਤਾਂ ਪਤਾ ਹੈ ਕਿ ਇਹ ਦਰਦ ਕਿਉਂ ਹੋਈ, ਇਸ ਦਾ ਕਾਰਨ ਕੀ ਬਣਿਆ ਹੈ ਅਤੇ ਇਸ ਨੂੰ ਠੀਕ ਕਿਸ ਤਰ੍ਹਾਂ ਕੀਤਾ ਜਾਵੇ; ਪਰ ਜਿਤਨੀ ਦੇਰ ਡਾਕਟਰ ਨੂੰ ਆਪ ਦਰਦ ਨਾ ਹੋਈ ਹੋਵੇ, ਉਤਨੀ ਦੇਰ ਤਕ ਡਾਕਟਰ ਇਹ ਮਹਿਸੂਸ ਨਹੀਂ ਕਰ ਸਕਦਾ ਕਿ ਪੀੜਾ ਹੁੰਦੀ ਕੀ ਹੈ ? ਭਾਵੇਂ ਉਸ ਨੇ ਆਪਣੀਆਂ ਅੱਖਾਂ ਸਾਹਮਣੇ ਹਜ਼ਾਰਾਂ ਮਰੀਜ਼ਾਂ ਨੂੰ ਵਿਲਕਦੇ ਵੇਖਿਆ ਹੋਵੇ, ਪਰ ਜਿਤਨੀ ਦੇਰ ਆਪ ਨੂੰ ਦਰਦ ਨਾ ਹੋਵੇ, ਦਰਦ ਦਾ ਬੋਧ ਨਹੀਂ ਹੋ ਸਕਦਾ। ਗੁਰਬਾਣੀ ਦਾ ਬਚਨ ਹੈ :

**ਸੋ ਕਤ ਜਾਨੈ ਪੀਰ ਪਰਾਈ॥**
**ਜਾ ਕੈ ਅੰਤਰਿ ਦਰਦੁ ਨ ਪਾਈ॥**

*(ਰਾਗ ਸੂਹੀ ਬਾਣੀ ਸ੍ਰੀ ਰਵਿਦਾਸ ਜੀ ਕੀ, ਪੰਨਾ 793)*

ਬਾਹਰੀ ਗਿਆਨ ਮਨੁੱਖ ਨੂੰ ਅਹੰਕਾਰ ਦੀ ਚੋਟੀ 'ਤੇ ਪਹੁੰਚਾ ਦਿੰਦਾ ਹੈ, ਪਰ ਅੰਦਰੋਂ ਚਸ਼ਮੇ ਦੀ ਤਰ੍ਹਾਂ ਫੁਟਿਆ ਹੋਇਆ ਗਿਆਨ ਨਿਰੰਕਾਰ ਨਾਲ ਮਿਲਾਪ ਕਰਵਾ ਦਿੰਦਾ ਹੈ। ਮਿਲਾਪ ਵੀ ਦੋ ਤਰ੍ਹਾਂ ਦਾ ਮੰਨਿਆ ਗਿਆ ਹੈ, ਇਕ ਉਹ ਮਿਲਾਪ ਜਿਵੇਂ ਕਿਸੇ ਨਾਲ ਮੁਲਾਕਾਤ ਹੋ ਗਈ, ਫਿਰ ਵਿਛੋੜਾ ਪੈ ਜਾਂਦਾ ਹੈ। ਕੋਈ ਮਿੱਤਰ ਮਿਲਿਆ ਫਿਰ ਵਿਛੜ ਗਿਆ, ਪਰ ਬ੍ਰਹਮ ਗਿਆਨੀ ਦਾ ਬ੍ਰਹਮ ਨਾਲ ਐਸਾ ਮਿਲਾਪ ਹੈ, ਜਿਸ ਵਿਚ ਫਿਰ ਕਦੇ ਵਿਛੋੜਾ ਨਹੀਂ ਹੁੰਦਾ :

**ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥**

*(ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪, ਪੰਨਾ 135)*

ਜੋ ਰੱਬੀ ਜਿਊੜਾ ਐਸੀ ਅਵਸਥਾ ਤਕ ਪਹੁੰਚ ਜਾਂਦਾ ਹੈ, ਉਸ ਨੂੰ ਹੀ ਬ੍ਰਹਮ ਗਿਆਨੀ ਆਖਿਆ ਜਾਂਦਾ ਹੈ। ਉਸ ਦੇ ਹਿਰਦੇ ਵਿਚ ਸੱਚ ਹੁੰਦਾ ਹੈ, ਉਸ ਦੀ ਜ਼ਬਾਨ 'ਤੇ ਸੱਚ ਦਾ ਨਿਵਾਸ ਹੁੰਦਾ ਹੈ। ਧੰਨ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨੀ ਦੀ ਪਹਿਚਾਣ ਇਹ ਹੀ ਦ੍ਰਿੜ੍ਹ ਕਰਵਾਈ ਹੈ :

**ਮਨਿ ਸਾਚਾ ਮੁਖਿ ਸਾਚਾ ਸੋਇ॥**
**ਅਵਰੁ ਨ ਪੇਖੈ ਏਕਸੁ ਬਿਨੁ ਕੋਇ॥**
**ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥**

*(ਗਉੜੀ ਸੁਖਮਨੀ ਮ: ੫, ਪੰਨਾ 272)*

ਐਸੇ ਰੱਬ ਦੇ ਪਿਆਰਿਆਂ ਨੂੰ ਪਰਮਾਤਮਾ ਆਪਣਾ ਰੂਪ ਬਣਾ ਲੈਂਦਾ ਹੈ ਅਤੇ ਆਪਣੇ ਵਿਚ ਹੀ ਸਮਾ ਲੈਂਦਾ ਹੈ :

**ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥**

*(ਰਾਗ ਆਸਾ ਮਹਲਾ ੪, ਪੰਨਾ 11)*

ਐਸੀ ਹੀ ਇਕ ਸ਼ਖ਼ਸੀਅਤ ਜਿਸ ਨੇ ਗੁਰੂ ਕਿਰਪਾ ਨਾਲ ਸਿਮਰਨ ਦੁਆਰਾ ਵਾਹਿਗੁਰੂ ਜੀ ਦੀ ਨੇੜਤਾ ਪ੍ਰਾਪਤ ਕੀਤੀ ਅਤੇ ਉਸ ਨੇੜਤਾ ਦਾ ਅਹਿਸਾਸ ਗੁਰ-ਸੰਗਤਾਂ ਵਿਚ ਸਾਂਝਾ ਕੀਤਾ, ਉਸ ਸ਼ਖ਼ਸੀਅਤ ਦਾ ਨਾਮ ਹੈ ਸਤਿਕਾਰ ਯੋਗ ਗਿਆਨੀ ਸੰਤ ਸਿੰਘ ਜੀ ਮਸਕੀਨ।

ਜਦੋਂ ਮੈਂ ਮਸਕੀਨ ਜੀ ਦੇ ਨਾਮ ਵੱਲ ਧਿਆਨ ਮਾਰਦਾ ਹਾਂ ਤਾਂ ਧਿਆਨ ਕਿਸੇ ਗਹਿਰੀ ਸੋਚ ਵਿਚ ਚਲਾ ਜਾਂਦਾ ਹੈ ਕਿ ਕੀ ਸੋਚ ਕੇ ਮਾਪਿਆਂ ਨਾਮ ਰੱਖਿਆ ਹੋਵੇਗਾ—ਸੰਤ ਸਿੰਘ। ਮਸਕੀਨ ਜੀ ਵਾਕਿਆ ਹੀ ਸੰਤ ਸੁਭਾਅ ਦੇ ਮਾਲਕ ਸਨ ਅਤੇ ਗਿਆਨ ਦੇ ਸਾਗਰ ਸਨ। ਸਿੰਘ ਦਾ ਅਰਥ ਹੈ ਸ਼ੇਰ। ਆਪ ਜੀ ਵਿਚ ਸ਼ੇਰ ਵਾਲੀ ਦਲੇਰੀ ਭਰੀ ਹੋਈ ਸੀ। ਸੱਚ ਨੂੰ ਮੂੰਹ 'ਤੇ ਕਹਿਣ ਦੀ ਦਲੇਰੀ ਕੇਵਲ ਮਸਕੀਨ ਜੀ ਕੋਲ ਹੀ ਸੀ। ਆਪ ਜੀ ਨੇ ਕਦੇ ਇਸ ਗੱਲ ਦੀ ਪਰਵਾਹ ਨਹੀਂ ਕੀਤੀ ਕਿ ਪ੍ਰਬੰਧਕ ਨਾਰਾਜ਼ ਹੋ ਜਾਣਗੇ ਜਾਂ ਹਾਕਮੀ ਜਮਾਤ ਦੀ ਨਾਰਾਜ਼ਗੀ ਝੱਲਣੀ ਪਏਗੀ। ਸੱਚ ਦੀ ਵਿਚਾਰ ਮੂੰਹ ਉਪਰ ਕਹਿ ਦੇਣੀ ਅਤੇ ਛਾਤੀ ਠੋਕ ਕੇ ਕਹਿ ਦੇਣੀ, ਇਹ ਗੁਣ ਮਸਕੀਨ ਜੀ ਦੇ ਹੀ ਪਾਸ ਸੀ। ਭਾਵੇਂ 1984 ਦੇ ਫ਼ੌਜੀ ਹਮਲੇ ਤੋਂ ਬਾਅਦ ਆਪ ਜੀ ਨੂੰ ਕਈ ਕੇਸਾਂ ਦਾ ਸਾਹਮਣਾ ਕਰਨਾ ਪਿਆ, ਪਰ ਕਦੀ ਵੀ ਆਪ ਜੀ ਨੇ ਝਵੀ ਨਹੀਂ ਖਾਧੀ। "ਸਚੁ ਸੁਣਾਇਸੀ ਸਚ ਕੀ ਬੇਲਾ" ਪਾਵਨ ਹੁਕਮ 'ਤੇ ਪਹਿਰਾ ਦਿੱਤਾ।

ਆਪ ਜੀ ਦਾ ਤਖ਼ੱਲਸ ਹੈ ਮਸਕੀਨ, ਜਿਸ ਦਾ ਅਰਥ ਹੈ—ਗ਼ਰੀਬੀ, ਨਿਮਰਤਾ। ਮਸਕੀਨ ਜੀ ਵਿਚ ਨਿਮਰਤਾ ਇਤਨੀ ਸੀ ਕਿ ਕਦੇ ਵੀ ਆਪ ਜੀ ਨੂੰ ਗ਼ੁੱਸੇ ਵਿਚ ਬੋਲਦਿਆਂ ਨਹੀਂ ਸੁਣਿਆ। ਕਦੇ ਆਪ ਜੀ ਨੇ ਆਪਣੀ ਰਸਨਾ ਤੋਂ ਕੌੜਾ ਬੋਲ ਨਹੀਂ ਬੋਲਿਆ। ਆਪ ਜੀ ਦੀ ਰਸਨਾ 'ਤੇ ਹਰ ਵੇਲੇ ਪ੍ਰਭੂ ਦਾ ਨਾਮ ਸਿਮਰਨ ਚੱਲਦਾ ਰਹਿੰਦਾ ਸੀ। ਹਿਰਦਾ ਨਾਮ-ਰਸ ਨਾਲ ਭਰਿਆ ਰਹਿੰਦਾ ਸੀ। ਚਿਹਰਾ ਅਲੌਕਿਕ ਨੂਰ ਨਾਲ ਖਿੜਿਆ ਨਜ਼ਰ ਆਉਂਦਾ। ਉਹ ਹਸਤੀ ਜਿਹਨਾਂ ਦੇ ਬੋਲਾਂ ਵਿਚ ਬਰਕਤ, ਕਦਮਾਂ ਵਿਚ ਕ੍ਰਾਂਤੀ, ਰਸਨਾ 'ਤੇ ਸਿਮਰਨ, ਨੇਤ੍ਰਾਂ ਵਿਚ ਨੂਰ, ਚਾਲ ਵਿਚ ਠਰ੍ਹੰਮਾ ਅਤੇ ਸਦੀਵੀ ਸਹਿਜ ਵਿਚ ਟਿਕੀ ਹੋਈ ਅਵਸਥਾ ਵਾਲੀ ਸ਼ਖ਼ਸੀਅਤ, ਉਹ ਸਨ ਗਿਆਨੀ ਸੰਤ ਸਿੰਘ ਜੀ ਮਸਕੀਨ।

ਮਾਲਕ ਵੱਲੋਂ ਬਖ਼ਸ਼ਿਸ਼ ਕੀਤਾ ਹੋਇਆ ਸੁੰਦਰ ਕੰਠ ਅਤੇ ਸਿਮਰਨ ਦੁਆਰਾ ਖਿੜੇ ਹੋਏ ਹਿਰਦੇ ਦੇ ਕੌਲ ਫੁੱਲ ਦਾ ਸਦਕਾ ਆਪ ਜੀ ਦੇ ਬੋਲਾਂ ਵਿਚ

ਖਿੱਚ ਸੀ, ਸ਼ਖ਼ਸੀਅਤ ਮਿਕਨਾਤੀਸੀ ਸੀ। ਜਿਹੜਾ ਵੀ ਆਪ ਜੀ ਦੇ ਸਾਹਮਣੇ ਬੈਠ ਕੇ ਇਕ ਵਾਰੀ ਆਪ ਜੀ ਦੇ ਬਖ਼ਸ਼ਿਸ਼ ਭਰੇ ਬੋਲ ਸਰਵਣ ਕਰ ਲੈਂਦਾ ਸੀ, ਉਹ ਫਿਰ ਸਦੀਵੀ ਮਸਕੀਨ ਜੀ ਦੇ ਬੋਲਾਂ ਦਾ ਸ਼ੈਦਾਈ ਹੀ ਬਣ ਜਾਂਦਾ।

ਦਾਸ ਨੂੰ ਛੋਟੀ ਉਮਰ ਤੋਂ ਹੀ ਮਾਣਯੋਗ ਮਸਕੀਨ ਜੀ ਦੀ ਬਰਕਤ-ਮਈ ਸੰਗਤ ਨਸੀਬ ਹੋਈ। ਦਾਸ ਦੇ ਪਿਤਾ ਜੀ ਸੱਚਖੰਡ ਵਾਸੀ, ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਦਲੀਪ ਸਿੰਘ ਦਰਦੀ ਹਨ, ਜਿਹਨਾਂ ਦਾ ਮਾਣਯੋਗ ਮਸਕੀਨ ਜੀ ਨਾਲ ਅਥਾਹ ਪਿਆਰ ਬਣਿਆ ਅਤੇ ਅਖ਼ੀਰੀ ਸਵਾਸਾਂ ਤਕ ਨਿਭ ਗਿਆ। ਮਸਕੀਨ ਜੀ ਦੀ ਸ਼ਖ਼ਸੀਅਤ ਐਸੀ ਕਿ ਉਸ ਰੱਬੀ ਰੰਗ ਨਾਲ ਭਰੇ ਹਿਰਦੇ ਪਾਸ ਜਿਹੜਾ ਵੀ ਇਕ ਵਾਰ ਆ ਗਿਆ, ਉਹ ਇਹ ਹੀ ਕਹਿੰਦਾ ਸੁਣਿਆ ਕਿ ਮੇਰਾ ਮਸਕੀਨ ਜੀ ਨਾਲ ਬਹੁਤ ਪਿਆਰ ਹੈ, ਪਰ ਫਿਰ ਵੀ ਸਤਿਕਾਰਯੋਗ ਪਿਤਾ ਜੀ ਨਾਲ ਗਿਆਨੀ ਜੀ ਦੀ ਹਰ ਗੱਲ ਸਾਂਝੀ ਹੁੰਦੀ ਸੀ। ਭਾਵੇਂ ਪੰਥਕ ਮਸਲਾ ਹੋਵੇ, ਭਾਵੇਂ ਘਰੇਲੂ ਜਾਂ ਕੋਈ ਗੁਰਮਤਿ ਪ੍ਰਚਾਰ ਵਹੀਰ ਦਾ, ਸਤਿਕਾਰਯੋਗ ਪਿਤਾ ਜੀ ਨਾਲ ਜ਼ਰੂਰ ਸਾਂਝਾ ਕਰ ਲੈਂਦੇ ਸਨ। ਉਹਨਾਂ ਕਰਕੇ ਹੀ ਸਾਨੂੰ ਮਸਕੀਨ ਜੀ ਦੀ ਨੇਕ ਸੁਹਬਤ ਪ੍ਰਾਪਤ ਹੋਈ।

ਆਪ ਜੀ ਦਾ ਸੁਭਾਅ ਐਸਾ ਕਰੁਣਾਮਈ ਕਿ ਜਿਹੜਾ ਵੀ ਉਹਨਾਂ ਪਾਸ ਆਇਆ, ਕਦੇ ਖ਼ਾਲੀ ਨਾ ਮੋੜਿਆ, ਸਗੋਂ ਗਲ ਨਾਲ ਲਾ ਲੈਂਦੇ ਸਨ ਅਤੇ ਕਹਿ ਦਿੰਦੇ ਕਿ ਹੌਲੀ-ਹੌਲੀ ਕਥਾ ਸਿੱਖ ਜਾਏਗਾ। ਬੋਲਾਂ 'ਚ ਬਰਕਤ ਸੀ। ਉਹਨਾਂ ਦੇ ਹਿਰਦੇ ਦੀ ਅਰਦਾਸ ਗੁਰੂ ਚਰਨਾਂ 'ਚ ਪਰਵਾਨ ਹੋ ਜਾਂਦੀ ਸੀ:

**ਜਾ ਕਾ ਕਹਿਆ ਦਰਗਹ ਚਲੈ ॥** *(ਗਉੜੀ ਮਹਲਾ ੫, ਪੰਨਾ 186)*

ਅਨੇਕਾਂ ਮਨੁੱਖ ਇਸ ਵਹੀਰ ਵਿਚ ਆ ਕੇ ਕਥਾ ਸਿੱਖ ਕੇ ਜਗਤ ਅੰਦਰ ਮਾਣ ਸਨਮਾਨ ਪ੍ਰਾਪਤ ਕਰਦੇ ਰਹੇ ਅਤੇ ਕਰ ਰਹੇ ਹਨ। ਮਸਕੀਨ ਜੀ ਦੇ ਗੁਰਮਤਿ ਪ੍ਰਚਾਰ ਵਹੀਰ ਨੇ ਸਫਲ ਕਥਾਵਾਚਕ ਤੇ ਰਾਗੀ ਸਿੱਖ ਸੰਗਤਾਂ ਦੇ ਸਾਹਮਣੇ ਲਿਆਂਦੇ। ਅੱਜ ਮੈਂ ਵੇਖਦਾ ਹਾਂ ਅਨੇਕਾਂ ਪੰਥ ਪ੍ਰਸਿੱਧ ਰਾਗੀ ਤੇ ਪ੍ਰਚਾਰਕ ਪਹਿਲਾ ਆਸਰਾ ਮਸਕੀਨ ਜੀ ਪਾਸ ਹੀ ਲੈਂਦੇ ਰਹੇ। ਗਿਆਨੀ ਜੀ ਅਕਸਰ ਕਿਹਾ ਕਰਦੇ ਸਨ ਕਿ ਮੈਨੂੰ ਪ੍ਰਸੰਨਤਾ ਹੁੰਦੀ ਹੈ ਜਦੋਂ ਕੋਈ ਬੋਟ ਆਪਣੇ ਖੰਭਾਂ ਨਾਲ ਉੱਡਣਾ ਸ਼ੁਰੂ ਕਰ ਦਿੰਦਾ ਹੈ। ਜਿਵੇਂ ਇਕ ਮਾਲੀ ਨੂੰ ਆਪਣਾ ਲਾਇਆ ਬੂਟਾ ਫਲੀਭੂਤ ਹੁੰਦਾ ਵੇਖ ਕੇ ਪ੍ਰਸੰਨਤਾ ਹੁੰਦੀ ਹੈ, ਇਸੇ ਤਰ੍ਹਾਂ ਹੀ ਗਿਆਨੀ ਜੀ ਆਪਣੇ ਲਾਏ ਬੂਟੇ ਰਾਗੀ ਪ੍ਰਚਾਰਕਾਂ ਵੱਲ ਵੇਖ ਕੇ ਬੜੇ ਪ੍ਰਸੰਨ ਹੁੰਦੇ ਸਨ, ਇਤਨਾ ਪਿਆਰ ਭਰਿਆ ਹਿਰਦਾ। ਕਈ ਵਾਰੀ ਮਸਕੀਨ ਜੀ ਨੇ ਬੜੇ ਥੱਕੇ

ਹੋਣਾ, ਕਿਉਂਕਿ ਆਪ ਜੀ ਨੂੰ ਸੁਣਨ ਦਾ ਬੜਾ ਸ਼ੌਕ ਸੀ। ਆਪ ਜੀ ਕਿਹਾ ਕਰਦੇ ਸਨ ਕਿ ਜਿੰਨਾ ਚਿਰ ਕੋਈ ਵੀ ਵਿਅਕਤੀ ਚੰਗਾ ਸਰੋਤਾ ਨਹੀਂ ਬਣਦਾ, ਉਹ ਚੰਗਾ ਵਕਤਾ ਵੀ ਨਹੀਂ ਬਣ ਸਕਦਾ। ਆਪ ਜੀ ਦੀ ਕੋਸ਼ਿਸ਼ ਇਹ ਹੀ ਹੁੰਦੀ ਕਿ ਮੇਰੇ ਤੋਂ ਪਹਿਲਾਂ ਸਾਰੇ ਰਾਗੀ ਤੇ ਪ੍ਰਚਾਰਕ ਸਮਾਂ ਲਗਾ ਲੈਣ ਅਤੇ ਮੈਂ ਉਹਨਾਂ ਨੂੰ ਸੁਣ ਲਵਾਂ।

ਫਿਰ ਆਪ ਜੀ ਨੇ ਬੋਲਣਾ, ਕਿਉਂਕਿ ਉਹਨਾਂ ਦੇ ਬੈਠਣ ਨਾਲ ਵਕਤਿਆਂ ਨੂੰ ਵੀ ਬਲ ਮਿਲਦਾ ਸੀ ਅਤੇ ਦੂਸਰਾ ਸੰਗਤ ਵੀ ਗਿਆਨੀ ਜੀ ਦੇ ਪ੍ਰਵਚਨ ਸੁਣਨ ਵਾਸਤੇ ਜੁੜ ਕੇ ਬੈਠੀ ਰਹਿੰਦੀ ਸੀ। ਜਦ ਗਿਆਨੀ ਜੀ ਆਪ ਪ੍ਰਵਚਨ ਆਰੰਭ ਕਰਦੇ ਸਨ ਤਾਂ ਇੰਜ ਮਹਿਸੂਸ ਹੁੰਦਾ ਕਿ ਜਿਵੇਂ ਸਮਾਂ ਰੁਕ ਗਿਆ ਹੋਵੇ।

ਗਿਆਨੀ ਜੀ ਨੇ ਸੰਸਾਰ ਭਰ ਵਿਚ ਜਾ ਕੇ ਗੁਰੂ ਪਾਤਸ਼ਾਹ ਜੀ ਦਾ ਮਿਸ਼ਨ ਪ੍ਰਚਾਰਿਆ। ਇਸ ਤਰ੍ਹਾਂ ਵੀ ਆਖਿਆ ਜਾ ਸਕਦਾ ਹੈ ਕਿ ਧੰਨ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੇ ਇਸ ਪਾਵਨ ਮਿਸ਼ਨ ਨੂੰ ਗੁਰਸਿੱਖਾਂ ਵਿੱਚੋਂ ਜੇਕਰ ਕਿਸੇ ਗੁਰਸਿੱਖ ਨੇ ਸਭ ਤੋਂ ਜ਼ਿਆਦਾ ਭਰਮਣ ਕਰ ਕੇ ਜਗਤ ਵਿਚ ਪ੍ਰਚਾਰਿਆ ਹੈ ਤਾਂ ਉਹ ਕੇਵਲ ਤੇ ਕੇਵਲ ਗਿਆਨੀ ਸੰਤ ਸਿੰਘ ਜੀ ਮਸਕੀਨ ਹੀ ਹਨ। ਮਾਣਯੋਗ ਮਸਕੀਨ ਜੀ ਨੇ ਗ੍ਰਿਹਸਤ ਮਾਰਗ 'ਤੇ ਚੱਲਦਿਆਂ ਹੋਇਆਂ ਦੁਨੀਆ ਵਿਚ ਰਹਿੰਦਿਆਂ ਦਾਤੇ ਨਾਲ ਸਾਂਝ ਬਣਾਈ ਰੱਖੀ। ਕਿਸੇ ਸ਼ਾਇਰ ਦੇ ਬੋਲਾਂ ਵਿਚ :

ਕੇਵਲ ਨਾਮ ਦੇ ਨਹੀਂ ਸਨ ਮਸਕੀਨ ਉਹ ਤਾਂ
ਹਿਰਦੇ ਵਿਚ ਗ਼ਰੀਬਾਂ ਦੇ ਵੱਸ ਗਏ ਨੇ।
ਦੁਨੀਆ ਵਿਚ ਮਸਕੀਨੀ ਦਾ ਅਰਥ ਕੀ ਏ
ਸਾਰੇ ਜਗਤ ਨਿਮਾਣੇ ਨੂੰ ਦੱਸ ਗਏ ਨੇ।
ਕੇਵਲ ਕਥਾ ਨੂੰ ਨਹੀਂ ਸੁਰਜੀਤ ਕੀਤਾ
ਚਾੜ੍ਹ ਗਏ ਗੁਰਬਾਣੀ ਦਾ ਰੰਗ ਸਾਨੂੰ।
ਗ੍ਰਿਹਸਤ ਵਿਚ ਵੀ ਕਿਵੇਂ ਉਦਾਸ ਰਹਿਣੈ,
ਦੇ ਗਏ ਇਕ ਅਨੋਖੜਾ ਢੰਗ ਸਾਨੂੰ।

ਕਥਾ ਗਿਆਨੀ ਜੀ ਦੀ ਬੰਦਗੀ ਸੀ, ਇਬਾਦਤ ਸੀ। ਗ੍ਰਿਹਸਤੀ ਹੁੰਦਿਆਂ ਵੀ ਆਪ ਜੀ ਨੇ ਪਹਿਲ ਗੁਰੂ ਜੀ ਦੀ ਬਖ਼ਸ਼ੀ ਹੋਈ ਸਿਮਰਨ ਦੀ ਦਾਤ ਅਤੇ ਕਥਾ ਨੂੰ ਹੀ ਦਿੱਤੀ। ਗੁਰਮਤਿ ਦਾ ਪ੍ਰਚਾਰ ਕਰਦਿਆਂ ਕਈ ਵਾਰੀ ਤਿੰਨ-ਚਾਰ ਮਹੀਨਿਆਂ ਬਾਅਦ ਆਪ ਜੀ ਨੇ ਵਿਦੇਸ਼ਾਂ ਤੋਂ ਵਾਪਸ ਆਉਣਾ ਤਾਂ ਸਿੱਧਾ

ਦਿੱਲੀ ਏਅਰਪੋਰਟ ਤੋਂ ਦੇਸ਼ ਅੰਦਰ ਉਲੀਕੇ ਪ੍ਰੋਗਰਾਮਾਂ ਵਿਚ ਹਾਜ਼ਰੀ ਭਰਨ ਲਈ ਪਹੁੰਚ ਜਾਣਾ। ਗਿਆਨੀ ਜੀ ਘਰ ਵਿਚ ਕਿੰਨਾ ਸਮਾਂ ਦਿੰਦੇ ਸਨ, ਇਸ ਗੱਲ ਦਾ ਅੰਦਾਜ਼ਾ ਇਸ ਵਿਚਾਰ ਤੋਂ ਲੱਗ ਜਾਂਦਾ ਹੈ ਕਿ ਆਪ ਜੀ ਦੇ ਛੋਟੇ ਸਪੁੱਤਰ ਭਾਈ ਭੁਪਿੰਦਰ ਸਿੰਘ ਜੀ ਦਾ ਬੇਟਾ ਅਤੇ ਆਪ ਜੀ ਦਾ ਸੁਪੋਤਰਾ ਆਪਣੀ ਮੰਮੀ ਦੀ ਗੋਦੀ ਵਿਚ ਬੈਠਾ ਈ.ਟੀ.ਸੀ. ਪੰਜਾਬੀ ਚੈਨਲ ਵੇਖ ਰਿਹਾ ਸੀ। ਜਿਉਂ ਹੀ ਉਸ ਨੰਨ੍ਹੇ ਜਿਹੇ ਬੱਚੇ ਦੀ ਨਜ਼ਰ ਕਥਾ ਕਰਦਿਆਂ ਮਸਕੀਨ ਜੀ ਵੱਲ ਗਈ ਤਾਂ ਇਕਦਮ ਆਪਣੀ ਮੰਮੀ ਦਾ ਮੂੰਹ ਟੀ.ਵੀ. ਵੱਲ ਕਰ ਕੇ ਕਹਿਣ ਲੱਗਾ, "ਮੰਮੀ, ਮੰਮੀ ਯਿਹ ਬਾਬਾ ਜੀ ਤੋ ਕਭੀ ਕਭੀ ਹਮਾਰੇ ਘਰ ਭੀ ਆਤੇ ਹੈਂ।" ਕਹਿਣ ਤੋਂ ਭਾਵ ਕਿ ਧਰਮ ਪ੍ਰਚਾਰ ਦੇ ਚਾਓ ਕਰਕੇ ਗਿਆਨੀ ਜੀ ਆਪਣੇ ਘਰ ਬਹੁਤ ਹੀ ਘੱਟ ਸਮਾਂ ਦਿੰਦੇ ਸਨ। ਇੰਜ ਪੰਥ ਦੀ ਫ਼ਖ਼ਰਯੋਗ ਮਹਾਨ ਹਸਤੀ ਮਸਕੀਨ ਜੀ ਨੇ ਵਾਹਿਗੁਰੂ ਜੀ ਦੇ ਲੜ ਅਨੇਕਾਂ ਪ੍ਰਾਣੀਆਂ ਨੂੰ ਲਾ ਕੇ ਗੁਰੂ-ਪੰਥ ਦੀ ਮਹਾਨ ਸੇਵਾ ਕੀਤੀ। ਆਪਣਾ ਜੀਵਨ ਸਫਲ ਕੀਤਾ ਅਤੇ ਹੋਰਨਾਂ ਨੂੰ ਗੁਰੂ ਚਰਨਾਂ ਨਾਲ ਜੋੜਨ ਲਈ ਹਮੇਸ਼ਾ ਹੀ ਤਤਪਰ ਰਹੇ। ਆਪ ਜੀ ਆਪਣੀ ਗੁਰਮਤਿ ਪ੍ਰਚਾਰ ਵਹੀਰ ਨਾਲ ਦੇਸ਼ ਦੇ ਕੋਨੇ-ਕੋਨੇ ਤਕ ਗਏ। ਮਸਕੀਨ ਜੀ ਕੇਵਲ ਪ੍ਰਚਾਰਕ ਹੀ ਨਹੀਂ, ਸਗੋਂ ਇਕ ਸੰਸਥਾ ਦੇ ਰੂਪ ਵਿਚ ਵਿਚਰਦੇ ਸਨ ਅਤੇ ਸਮਦ੍ਰਿਸ਼ਟ ਸਨ।

# ਗਿਆਨ ਪੁੰਜ—ਗਿ: ਸੰਤ ਸਿੰਘ ਜੀ 'ਮਸਕੀਨ'

*—ਗਿਆਨੀ ਜੋਗਿੰਦਰ ਸਿੰਘ ਆਜ਼ਾਦ*

ਸਰਵ-ਗੁਣ-ਸੰਪੰਨ ਕਾਦਰ ਦੀ ਵਿਸ਼ਾਲ ਕੁਦਰਤ ਦੇ ਕਿਸੇ ਵੀ ਕਿਨਾਰੇ ਤੋਂ ਸੁਰਤ-ਬਿਰਤੀ ਦੀ ਦ੍ਰਿਸ਼ਟੀ ਨਾਲ ਤੱਕਿਆਂ, ਇਸ ਅਨੰਤ ਖ਼ਲਾਅ 'ਚ ਕੇਵਲ ਤੇ ਕੇਵਲ ਇਕ ਹੀ ਕੁਦਰਤ ਦੇ ਸੰਪੂਰਨ ਸ਼ਾਹਕਾਰ ਦੀ ਝਲਕ ਪੈਂਦੀ ਹੈ। ਇਸ ਸ਼ਾਹਕਾਰ ਦੀ ਪੰਜ ਭੌਤਕ ਤੱਤਾਂ ਦੀ ਸੂਰਤ ਤੇ ਸੀਰਤ ਦਾ ਕਿਸੇ ਦੂਰ ਦ੍ਰਿਸ਼ਟੀ ਜਾਂ ਆਤਮਿਕ ਅਨੁਭਵੀ ਨਜ਼ਦੀਕੀ ਸਿਆਣੇ ਨੇ ਨਾਮ ਕਰਨ 'ਸੰਤ ਸਿੰਘ' ਕੀਤਾ ਹੋਵੇਗਾ ਤਾਂ ਜ਼ਰੂਰ ਹੀ ਰੱਬੀ ਰਹਿਮਤ ਵਰਤੀ ਹੋਵੇਗੀ, ਜਿਸ ਨੇ ਭਵਿੱਖ ਵਿਚ ਵਰਤਣ ਵਾਲੇ ਸੱਚ ਨੂੰ ਸਹਿਜੇ ਹੀ ਰੌਸ਼ਨ ਕਰ ਦਿੱਤਾ।

ਜਿਸ ਤਰ੍ਹਾਂ ਹਰ ਜੀਵ, ਕਰਮਗਤੀ ਅਨੁਸਾਰ ਜਨਮ-ਦਰ-ਜਨਮ ਆਪਣੀ ਕਰਮ-ਕ੍ਰਿਤ ਲੈ ਕੇ ਜੀਵਨ ਯਾਤਰਾ ਕਰਦਾ ਹੋਇਆ ਜਗਤ ਦੇ ਉੱਤਮ ਪੜਾਅ :

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥** *(ਆਸਾ ਮਹਲਾ ੫, ਪੰਨਾ 12)*

ਦੇ ਸਿਖਰ 'ਤੇ ਪੁੱਜਦਾ ਹੈ, ਜਿਥੇ ਉਹ ਆਤਮਾ-ਪਰਮਾਤਮਾ ਦੇ ਆਤਮ-ਸਾਤ ਹੋਣ ਵਿਚ ਰਹਿ ਗਈਆਂ ਤਰੁੱਟੀਆਂ ਨੂੰ ਦੂਰ ਕਰ ਸਕੇ। ਉੱਤਮ ਜੀਵਨ-ਜੁਗਤੀ ਅਪਨਾਅ ਕੇ ਯਾਤਰਾ ਨੂੰ ਸੰਪੂਰਨ ਕਰ ਲਏ, ਉਸੇ ਤਰ੍ਹਾਂ ਕੁਝ ਬਖ਼ਸ਼ੀਆਂ ਹੋਈਆਂ ਰੂਹਾਂ ਧੁਰ ਤੋਂ ਧੁਰ ਦੀ ਬਖ਼ਸ਼ਿਸ਼ ਲੈ ਕੇ ਵੀ ਆਉਂਦੀਆਂ ਹਨ :

**ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥**
**ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥**

*(ਜਪੁ ਜੀ)*

ਫਿਰ ਹੁਕਮ ਅਨੁਸਾਰ ਉਹਨਾਂ ਨੂੰ ਕਰਮ ਭੂਮੀ ਵੀ ਅਜਿਹੀ ਪ੍ਰਾਪਤ ਹੁੰਦੀ ਹੈ, ਜਿਥੇ :

**.....ਆਪਿ ਜਪੈ ਅਵਰਾ ਨਾਮੁ ਜਪਾਏ ॥** *(ਮਹਲਾ 8, ਪੰਨਾ 140)*

ਅਨੁਸਾਰ ਸਿਦਕ-ਦਿਲੀ, ਦਰਿਆ-ਦਿਲੀ ਨਾਲ ਅਤੇ ਮੇਰ-ਤੇਰ ਤੋਂ ਉਪਰ ਉੱਠ ਕੇ 'ਤੇਰਾ ਤੇਰਾ' ਕਰ ਕੇ ਗੁਰੂ ਹੁਕਮ ਦੀ ਖੇਡ ਵਿਚ ਲੀਨ ਰਹਿੰਦੇ ਹਨ।

## ਕੌਣ ਹੈ ਸੰਤ ਸਿੰਘ ?

ਤਾਂ ਤੇ ਅਜੋਕੇ ਪਾਕਿਸਤਾਨ ਵਿਚ ਅਫ਼ਗਾਨੀ ਪਹਾੜੀਆਂ ਦੀ ਤਲਹੱਟੀ; ਪਿਸ਼ਾਵਰ ਤੇ ਪਿੰਡੀ ਦੀਆਂ ਜੂਹਾਂ ਦੇ ਨਾਲ-ਨਾਲ ਫੈਲਿਆ ਬੰਨੂੰ। ਬੰਨੂੰ ਇਲਾਕੇ ਦਾ ਛੋਟਾ ਜਿਹਾ ਪਿੰਡ ਮਰਵੱਤ ਦੇ ਗਲੀ-ਬਾਜ਼ਾਰ ਦਾ ਘਰ ਪਰਿਵਾਰ ਹੀ ਜਾਣਦਾ ਹੋਵੇਗਾ। ਸੁਣਿਆ ਕਿ ਇਸ ਘਰ ਦੇ ਮਾਲਕ ਅਤੇ ਮੁਖੀ ਭਾਈ ਕਰਤਾਰ ਸਿੰਘ ਜੀ ਤੇ ਮਾਤਾ ਰਾਮ ਕੌਰ ਨੇ ਬਹੁਤ ਤਰਲਿਆਂ, ਅਰਦਾਸਾਂ, ਮਿੰਨਤਾਂ-ਮਨੌਤਾਂ ਨਾਲ ਸੰਤ ਨੂੰ ਮੰਗਿਆ ਸੀ। ਕਾਲ ਗਤੀ ਦੇ ਚੱਲਦੇ ਚੱਕਰ ਅਨੁਸਾਰ ਸੰਮਤ 1991 ਦੇ ਕੱਤਕ ਨੂੰ ਅਜੇ ਬੂਰ ਹੀ ਲੱਗਾ ਸੀ ਭਾਵ ਸੰਨ 1934 ਈ: ਦੇ ਅਕਤੂਬਰ ਦਾ ਅੱਧ ਬੀਤਿਆ ਸੀ, ਜਦੋਂ ਸੰਤ ਨੇ ਮਾਂ ਦੀ ਗੋਦ ਵਿਚ ਅੱਖ ਖੋਲ੍ਹ ਕੇ ਇਸ ਸੰਸਾਰ ਨੂੰ ਪਹਿਲੀ ਨਜ਼ਰੇ ਤੱਕਿਆ। ਵੱਡੀ ਭੈਣ ਬੀਬੀ ਸੁਜਾਨ ਕੌਰ ਨੇ ਬਾਲੜੀ ਉਮਰੇ ਉਸੇ ਤਰ੍ਹਾਂ ਪਛਾਣਿਆ, ਜਿਵੇਂ ਕਦੇ ਬੇਬੇ ਨਾਨਕੀ ਨੇ ਆਪਣੇ ਵੀਰ ਨਾਨਕ ਜੀ ਨੂੰ ਪਛਾਣਿਆ ਸੀ।

ਕਹਿੰਦੇ ਹਨ ਕਿ ਇਸ ਇਲਾਕੇ ਦੀ ਇਕ ਗੁਰਮੁਖ ਸ਼ਖ਼ਸੀਅਤ ਜੋ ਪੇਸ਼ੇ ਵਜੋਂ ਡਾਕ-ਵਿਭਾਗ ਵਿਚ ਉਪਜੀਵਕਾ ਖ਼ਾਤਰ ਕਰਮ-ਰਤ ਸਨ, ਪ੍ਰੰਤੂ ਆਤਮਿਕ ਤੌਰ 'ਤੇ ਜਿਥੇ ਆਪ ਆਪਣੇ ਮੂਲ ਨਾਲ ਜੁੜੇ ਹੋਏ ਸਨ, ਉਥੇ ਉਹ ਗੁਰਬਾਣੀ ਦੇ ਕੀਰਤਨ ਅਤੇ ਕਥਾ ਵਿਚਾਰ ਨਾਲ ਹੋਰਨਾਂ ਦਾ ਵੀ ਪਾਰ-ਉਤਾਰਾ ਕਰ ਰਹੇ ਸਨ। ਉਹਨਾਂ ਦੇ ਬੋਲਾਂ ਵਿਚ ਇਤਨੀ ਮਿਠਾਸ; ਅਕਸੀਰ ਤੇ ਖਿੱਚ ਹੁੰਦੀ ਸੀ ਕਿ ਇਕ ਵਾਰ ਜੋ ਵੀ ਉਹਨਾਂ ਦੀ ਸੰਗਤ ਵਿਚ ਆ ਜਾਂਦਾ ਫਿਰ ਉਸ ਨੂੰ ਹੋਰ ਸਾਰੇ ਰਾਹ ਭੁੱਲ ਜਾਂਦੇ ਸਨ। ਆਪਣੀ ਸਹਿਜ ਜੀਵਨ-ਜਾਚ ਅੰਦਰ ਸਬਰ-ਸੰਤੋਖ ਦੀ ਮੂਰਤੀ ਸਨ।

ਇਕ ਦਿਨ ਭਾਈ ਕਰਤਾਰ ਸਿੰਘ ਤੇ ਮਾਤਾ ਰਾਮ ਕੌਰ ਨੇ ਝੋਲੀ ਅੱਡ ਕੇ ਇਸ ਗੁਰਮੁਖ ਆਤਮਾ ਨੂੰ ਆਪਣੀ ਦਿਲੋਂ-ਪਾਰੋਂ ਭਿੱਜੀ ਫ਼ਰਿਆਦ ਨਾਲ ਗਹਿ-ਗੱਚ ਕਰ ਦਿੱਤਾ। (ਗਿਆਨੀ ਅਨੂਪ ਸਿੰਘ ਜੀ ਇੰਗਲੈਂਡ ਨਿਵਾਸੀ ਜੋ ਭਾਈਚਾਰਕ ਰਿਸ਼ਤੇ ਵਿਚ ਗਿਆਨੀ ਸੰਤ ਸਿੰਘ ਜੀ ਮਸਕੀਨ ਦੇ ਭਰਾ ਲੱਗਦੇ ਹਨ; ਉਹਨਾਂ ਦੀ ਜ਼ਬਾਨੀ ਇਹ ਜਾਣਕਾਰੀ ਇਸ ਕਲਮ ਕਰਤਾ ਨੂੰ ਸੁਣਨ ਵਿਚ ਮਿਲੀ।) ਇਸ ਫ਼ਰਿਆਦ ਦੇ ਅਮਲ ਤੋਂ ਤੀਜੇ ਦਿਨ ਉਹ ਗੁਰਮਤਿ-ਰੰਗੀ ਰੂਹ ਪਰਮ ਤੱਤ ਪ੍ਰਕਾਸ਼-ਪੁੰਜ ਵਿਚ ਲੀਨ ਹੋ ਗਈ। ਉਸ ਤੋਂ

ਕੁਝ ਕੁ ਦਿਨਾਂ ਬਾਅਦ ਫ਼ਰਿਆਦੀਆਂ ਦੀ ਇਸ ਫ਼ਰਿਆਦ ਨੂੰ ਬੂਰ ਪੈ ਗਿਆ। ਇਹ ਪ੍ਰਾਗ-ਬੂਰ ਅੱਗੇ ਜਾ ਕੇ ਉਸ ਬਾਲਕ ਦਾ ਰੂਪ ਧਾਰ ਗਿਆ, ਜਿਸ ਦਾ ਨਾਮ ਸੰਤ ਸਿੰਘ ਹੋਇਆ।

ਆਪਣੇ ਕਿਰਤ-ਸੋਮਿਆਂ ਨਾਲ ਗ੍ਰਿਹਸਤੀ ਜਿਊੜੇ ਨੇ ਬਾਲਕ ਸੰਤ ਸਿੰਘ ਦੀ ਸਾਂਭ-ਸੰਭਾਲ ਤਾਂ ਕੀਤੀ, ਪ੍ਰੰਤੂ ਬਾਲਕ ਦੀ ਗੰਭੀਰਤਾ, ਗਹਿਰੀ ਚੁੱਪ ਅਤੇ ਸਹਿਜ-ਕ੍ਰਿਆ ਤੋਂ ਬਹੁਤ ਖ਼ੁਸ਼ ਨਹੀਂ ਸਨ। ਖ਼ਾਸ ਕਰਕੇ ਪਿਤਾ ਭਾਈ ਕਰਤਾਰ ਸਿੰਘ, ਜੋ ਸਮੇਂ ਦੇ ਨਾਲ ਪੁੱਤਰ ਨੂੰ ਆਪਣੇ ਜੀਵਨ-ਬੋਝ ਦਾ ਸਾਂਝੀਵਾਲ ਚਿਤਵ ਰਹੇ ਸਨ। ਸਮਾਂ ਆਪਣੀ ਗਤੀ ਨਾਲ ਪਲੋ-ਪਲੀ ਤੋਂ ਦਿਨੋ-ਦਿਨੀ ਤੇ ਮਹੀਨਿਆਂ ਤੋਂ ਸਾਲਾਂ ਦੀ ਪੁਲਾਂਘ ਪੁੱਟਦਾ ਹੋਇਆ ਅਗਸਤ 1947 ਦੇ ਸਿਰ ਆਣ ਖਲੋਤਾ। ਭਾਰਤੀ ਪੰਜਾਬ ਸਾਰੇ ਦਾ ਸਾਰਾ ਹਿੱਲ ਗਿਆ। ਭਾਰਤ-ਪਾਕਿ ਵੰਡ ਦੀ ਗਰਦਿਸ਼ ਵਿਚ ਅਫਰਾ-ਤਫਰੀ ਫੈਲ ਗਈ। ਇਸ ਭੱਜੋ-ਨੱਸੀ ਦੇ ਆਲਮ ਵਿਚ ਇਸ ਪਰਿਵਾਰ ਦਾ ਕਾਫ਼ਲਾ ਪੜਾਅ-ਦਰ-ਪੜਾਅ ਲੰਘਦਾ ਰਾਜਸਥਾਨ ਦੇ ਜ਼ਿਲ੍ਹਾ ਅਲਵਰ ਦੇ ਬਹਾਦਰਪੁਰ ਪਿੰਡ ਪਹੁੰਚ ਗਿਆ। ਜੋ ਪਿੱਛੇ ਮੁਕਾਮ 'ਤੇ ਪੜ੍ਹਾਈ ਦਾ ਸਿਲਸਿਲਾ ਲਗਭਗ ਸਤਵੀਂ-ਅਠਵੀਂ ਤਕ ਚੱਲਿਆ ਸੀ, ਉਹ ਤਾਂ ਲਗਭਗ ਖ਼ਤਮ ਹੀ ਹੋ ਗਿਆ। ਪ੍ਰੰਤੂ ਏਨੀ ਕੁ ਪੜ੍ਹਾਈ, ਮੁੜ ਵਸੇਬਾ ਤੇ ਮਨੁੱਖੀ ਹਮਦਰਦੀ ਕਰਕੇ ਆਪ ਨੂੰ ਰੇਲਵੇ ਵਿਚ ਸਹਾਇਕ ਡਰਾਈਵਰ ਦੀ ਨੌਕਰੀ ਮਿਲ ਗਈ। ਇਸ ਤੋਂ ਪਹਿਲਾਂ ਪਿਤਾ-ਪੁਰਖੀ ਘੋੜੇ ਟਾਂਗੇ ਦੀਆਂ ਵਾਗਾਂ ਫੜ ਕੇ ਪਾਂਧੀਆਂ ਦੇ ਸਾਰਥੀ ਵੀ ਬਣੇ ਤੇ ਫਿਰ ਅੰਦਰੋਂ ਇਹੋ ਲਗਨ ਗੁਰਮਤਿ ਦੀਆਂ ਵਾਗਾਂ ਬਣ ਕੇ ਭੁੱਲੀ ਭਟਕੀ ਮਾਨਵਤਾ ਨੂੰ ਨਿਰੰਕਾਰ ਦਾ ਰਾਹ-ਦਸੇਰਾ ਬਣਨ ਦਾ ਕਾਰਨ ਬਣੀ।

ਅੰਦਰ ਦੀ ਭੁੱਖ ਕੁਝ ਹੋਰ ਸੀ; ਬਾਹਰ ਦੀ ਦੌੜ ਕੁਝ ਹੋਰ ਬਣ ਗਈ। ਤਾਲ-ਮੇਲ ਨਹੀਂ ਸੀ ਬੈਠ ਰਿਹਾ। ਕੋਈ ਢੋਅ ਨਹੀਂ ਸੀ ਬਣ ਰਿਹਾ ਕਿ ਅੰਦਰ ਦੀ ਭੁੱਖ ਨੂੰ ਤ੍ਰਿਪਤ ਕਰਨ ਵਾਲੀ ਕਿਰਤ ਨਾਲ ਜੋੜ ਬਣ ਜਾਏ। ਇਕ ਦਿਨ ਸਹਿਜ-ਸੁਭਾਅ ਬਿਨਾਂ ਕੁਝ ਦੱਸਿਆਂ ਇਹ ਸੰਤ ਸਿੰਘ ਜੋ ਬਚਪਨ ਨੂੰ ਛੱਡ ਕੇ ਜਵਾਨੀ ਦੀ ਦਹਿਲੀਜ਼ 'ਤੇ ਖੜਾ ਸੀ, ਘਰ ਪਰਿਵਾਰ ਛੱਡ ਕੇ ਰਮਤਾ ਹੋ ਗਿਆ—ਇਹ ਦੁਨੀਆਦਾਰਾਂ ਦਾ ਵਿਚਾਰ ਹੈ। ਸੰਤ ਸਿੰਘ ਤਾਂ ਆਪਣੇ ਅੰਦਰ ਦੇ ਪਰਮ ਅੰਸ਼ ਦੀ ਸੰਪੂਰਨਤਾ ਲਈ ਪਰਮ ਪੁੰਜ ਦੀ ਤਲਾਸ਼ ਵਿਚ ਦੁਨਿਆਵੀ ਲਹਿਰਾਂ ਵਿਚ ਵਿਚਰਦਿਆਂ, ਸਾਰੇ ਹੱਦਾਂ-ਬੰਨੇ ਟੱਪ ਜਾਣ ਲਈ ਰਮਤਿਆਂ ਵਰਗਾ ਹੋ ਗਿਆ ਸੀ। ਇਸ ਦਿਸ਼ਾਹੀਣ ਯਾਤਰਾ ਵਿਚ ਕਿਧਰੇ ਸੰਜੋਗ ਬਣ ਗਿਆ ਕਿ ਨਿਰਮਲੇ ਸਾਧੂ ਬਾਬਾ ਬਲਵੰਤ ਸਿੰਘ ਜੀ ਨੇ ਸੰਤ ਸਿੰਘ ਦੀ ਬਾਂਹ

ਫੜ ਲਈ। ਸੁਭਾਅ ਅਤੇ ਕਰਮ ਉੱਤੇ ਸਹਿਜਤਾ ਦਾ ਪਰਛਾਵਾਂ ਜਾਂ ਅਮਲ ਵੇਖ ਕੇ ਬਾਬਾ ਬਲਵੰਤ ਸਿੰਘ ਜੀ ਨੇ ਸਹਿਜੇ ਹੀ ਕਹਿਣਾ ਸ਼ੁਰੂ ਕਰ ਦਿੱਤਾ, "ਮਸਕੀਨੀਆ ਇਹ ਰਸਤਾ ਔਖਾ ਤੇ ਡਾਢਾ ਈ। ਮਸਕੀਨੀਆ, ਮੇਰੀ ਗੱਲ ਧਿਆਨ ਨਾਲ ਸੁਣੀਂ।" ਤੇ ਇਸ ਤਰ੍ਹਾਂ ਮਸਕੀਨੀਆ-ਮਸਕੀਨੀਆ ਆਖਦਿਆਂ ਸੰਤ ਸਿੰਘ ਨੂੰ ਮਸਕੀਨ ਬਣਾ ਦਿੱਤਾ—ਅਮਲ ਦਾ ਮਸਕੀਨ। ਸੋ ਇਸ ਤਰ੍ਹਾਂ ਸੰਤ ਸਿੰਘ ਮਸਕੀਨ ਹੋ ਗਿਆ।

ਬਾਬਾ ਬਲਵੰਤ ਸਿੰਘ ਸ਼ਬਦ-ਗੁਰੂ ਤੇ ਹੋਰ ਧਰਮ ਗ੍ਰੰਥਾਂ ਦੀ ਕਥਾ ਨਿਰਮਲੇ ਸੰਪਰਦਾ ਦਾ ਸਾਧੂ ਹੋਣ ਕਰਕੇ ਕੁਝ ਕੁਝ ਵੇਦਾਂਤਿਕ ਤਰੀਕੇ ਅਨੁਸਾਰ ਕਰਿਆ ਕਰਦੇ ਸਨ। ਇਸ ਤਰ੍ਹਾਂ ਜਿਥੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸਿੱਖ ਧਰਮ ਦੇ ਹੋਰ ਇਤਿਹਾਸਕ ਗ੍ਰੰਥਾਂ ਦੀ ਸਹਿਜ ਕਥਾ ਕਰਿਆ ਕਰਦੇ ਸਨ, ਉਥੇ ਉਹ ਹਿੰਦੂ ਅਤੇ ਇਸਲਾਮੀ ਧਰਮ ਗ੍ਰੰਥਾਂ ਦੇ ਇਤਿਹਾਸ ਅਤੇ ਮਿਥਿਹਾਸ ਦੇ ਵੀ ਸਫਲ ਵਕਤਾ ਸਨ। ਸੰਤ ਸਿੰਘ 'ਮਸਕੀਨ' ਇਸ ਵਿਦਿਆ ਦੇ ਸੋਮੇ ਦੀ ਸ਼ਰਨ ਵਿਚ ਅਜਿਹੇ ਟਿਕੇ ਕਿ ਫਿਰ ਬਾਬਾ ਜੀ ਦੇ ਹੁਕਮ ਦੀ ਜੁਗਤ ਨਾਲ ਬਾਣੀ ਵਿੱਚੋਂ ਰਸ ਕਿਵੇਂ ਪ੍ਰਾਪਤ ਕਰਨਾ ਹੈ, ਫਿਰ ਇਸ ਰਸ ਨੂੰ ਸੰਗਤ ਵਿਚ ਕਿਵੇਂ ਵੰਡਣਾ ਹੈ, ਦੀ ਜੁਗਤ-ਜਾਚ ਵਿਚ ਲੀਨ ਹੋ ਗਏ। ਗਹਿਰ-ਗੰਭੀਰਤਾ ਤੇ ਅੰਦਰ ਦੇ ਪਦਾਰਥ ਦੀ ਪ੍ਰਾਪਤੀ ਹੋਣ ਨਾਲ ਜਦੋਂ ਸਟੇਜ 'ਤੇ ਕਥਾ ਰਾਹੀਂ ਅੰਮ੍ਰਿਤ-ਰਸ ਦੀ ਭਿੰਨੀ-ਭਿੰਨੀ ਖ਼ੁਸ਼ਬੋ ਫੈਲਣ ਲੱਗੀ ਤਾਂ ਸੰਤ ਸਿੰਘ ਮਸਕੀਨ ਗਿਆਨੀ ਹੋ ਗਏ।

ਇਹ ਸਨ ਸਾਰੇ ਸੰਸਾਰ ਦੀਆਂ ਚਾਰੇ ਕੂੰਟਾਂ, ਦਸਾਂ ਦਿਸ਼ਾਵਾਂ ਤੇ ਸੱਤ ਸਮੁੰਦਰਾਂ ਤੋਂ ਵੀ ਪਾਰ ਦ੍ਰਿਸ਼ਟ ਪ੍ਰਭੂ-ਰਸ ਨੂੰ ਤਰਸਦੀਆਂ ਰੂਹਾਂ ਲਈ ਅੰਮ੍ਰਿਤ ਕਥਾ ਦੀ ਦਾਤ ਵੰਡਣ ਵਾਲੇ ਅਜੋਕੇ ਸਮੇਂ ਦੇ ਗੁਰਬਾਣੀ, ਗੁਰਮਤਿ ਦੇ ਵਿਲੱਖਣ ਕਥਾਵਾਚਕ, **"ਗਿਆਨੀ ਸੰਤ ਸਿੰਘ ਜੀ ਮਸਕੀਨ"** ਜਿਹਨਾਂ ਨੂੰ ਹੁਣ ਅਸੀਂ ਗਿਆਨੀ ਜੀ ਜਾਂ ਮਸਕੀਨ ਜੀ ਕਹਿ ਕੇ ਸੰਬੋਧਨ ਕਰਾਂਗੇ। ਗਿਆਨੀ ਜੀ ਨੇ ਲਗਭਗ 18 ਕੁ ਸਾਲ ਦੀ ਉਮਰ ਵਿਚ ਕਥਾਵਾਚਕ ਦੇ ਤੌਰ 'ਤੇ ਵਿਚਰਨਾ ਸ਼ੁਰੂ ਕੀਤਾ। ਪਹਿਲੇ ਪੜਾਵਾਂ ਵਿਚ ਕਿਧਰੇ ਉੜੀਸਾ ਪ੍ਰਾਂਤ ਦੇ ਪਰਗਨਾ ਸੰਭਲਪੁਰ ਦੇ ਛੋਟੇ ਜਿਹੇ ਪਿੰਡ 'ਬੁਰਲਾ' ਦੇ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਵਜੋਂ ਸੇਵਾ ਆਰੰਭ ਕੀਤੀ। ਕਿਸੇ ਪ੍ਰਬੰਧਕ ਦੇ ਤੱਤੇ ਸੁਭਾਅ ਨੂੰ ਸਹਿ ਨਾ ਸਕੇ ਤੇ ਸਭ ਕੁਝ ਛੱਡ ਖੁੱਲ੍ਹਾ ਵਿਚਰਨਾ ਸ਼ੁਰੂ ਕਰ ਦਿੱਤਾ। ਕੁਝ ਚਿਰ ਪਿੱਛੋਂ ਅਲਵਰ ਦੇ ਸੀਸ ਗਰਾਂ ਵਿਖੇ ਨਿਵਾਸ ਕਰ ਲਿਆ, ਜਿਥੇ ਫਿਰ ਪਰਿਵਾਰ, ਜਿਸ ਵਿਚ ਮਾਤਾ ਸੁੰਦਰ ਕੌਰ, ਤਿੰਨ ਸਪੁੱਤਰ, ਦੋ ਧੀਆਂ ਅਤੇ ਪੋਤੇ-ਪੋਤੀਆਂ ਨਾਲ ਜੀਵਨ ਬਸਰ ਕੀਤਾ।

ਗਿਆਨੀ ਜੀ ਦੇ ਸਮਕਾਲੀਨ ਧਾਰਮਿਕ ਜਗਤ ਵਿਚ ਵਿਚਰਦੇ ਵਿਦਵਾਨ, ਸਫਲ ਬੁਲਾਰੇ ਅਤੇ ਲਿਖਾਰੀ ਇਹਨਾਂ ਦਾ ਪ੍ਰਭਾਵ ਕਬੂਲਦੇ ਸਨ। ਇਹਨਾਂ ਦੇ ਦ੍ਰਿਸ਼ਟੀਕੋਣ ਭਾਵੇਂ ਵੱਖਰੇ-ਵੱਖਰੇ ਸਨ। ਕੁਝ ਗਿਆਨੀ ਜੀ ਨੂੰ ਉਮਰ ਦੀਆਂ ਜ਼ਰੀਬਾਂ ਨਾਲ ਨਾਪਦੇ ਸਨ ਤੇ ਕੁਝ ਕਾਲਜਾਂ, ਯੂਨੀਵਰਸਿਟੀਆਂ ਦੀਆਂ ਕਾਗ਼ਜ਼ੀ ਡਿਗਰੀਆਂ ਦੇ ਗਜ਼ਾਂ ਨਾਲ। ਕੁਝ ਵਿਦਿਅਕ ਆਸ਼ਰਮਾਂ ਤੇ ਵਿਦਿਆ ਗੁਰੂ ਦੀ ਮਸ਼ਹੂਰੀ ਦਾ ਨਾਪ ਨਾਪਦੇ ਰਹੇ। ਕੁਝ ਆਪਣੇ ਤਜਰਬਿਆਂ ਦੀ ਤੱਕੜੀ ਤੋਲਦੇ ਰਹੇ। ਇਹਨਾਂ ਵਿੱਚੋਂ ਬਹੁਤ ਸਾਰੇ ਸ਼ਰਧਾਲੂ ਸਨ, ਤਾਂ ਕੁਝ ਈਰਖਾਲੂਆਂ ਦਾ ਦਰਜਾ ਵੀ ਰੱਖਦੇ ਸਨ, ਪਰ ਹਰ ਪਾਸਿਓਂ ਗਿਆਨੀ ਜੀ ਦਾ ਗੁਰਮੁਖੀ ਦਰਸ਼ਨ ਤੇ ਕਥਨੀ ਕਰਨੀ ਦਾ ਸੁਮੇਲ ਭਾਰੂ ਰਹਿੰਦਾ ਰਿਹਾ।

## ਇਸ ਵਰਤਾਰੇ ਦੇ ਕਾਰਨ

ਅੰਦਰ ਦੀ ਪ੍ਰਕਾਸ਼ਤ ਚੇਤਨਾ; ਨਿਰਮਲੇ ਸਾਧੂ ਜੀ ਦੀ ਪਾਰਸ ਛੋਹ ਨੇ ਮਾਰਗ ਤੇ ਮੰਜ਼ਲ ਨੂੰ ਸਪੱਸ਼ਟ ਰੂਪ ਵਿਚ ਪ੍ਰਗਟ ਕਰ ਦਿੱਤਾ ਸੀ। ਇਸ ਪ੍ਰਕਾਸ਼ਮਈ ਮਾਰਗ 'ਤੇ ਚੱਲਦਿਆਂ ਕਥਨੀ ਤੇ ਕਰਨੀ ਇਕ ਦੂਜੇ ਵਿਚ ਕਦੋਂ ਇਕ-ਮਿਕ ਹੋ ਗਏ, ਜਾਨਣ ਦੀ ਲੋੜ ਹੀ ਨਹੀਂ ਪਈ। ਹੁਣ ਇਤਿਹਾਸ ਉਹਨਾਂ ਪੈਰ-ਚਿੰਨ੍ਹਾਂ ਨੂੰ ਲੱਭਦਾ ਫਿਰਦਾ ਹੈ ਤਾਂ ਕਿ ਇਹਨਾਂ ਨਿਸ਼ਾਨਾਂ ਨੂੰ ਆਉਣ ਵਾਲੀਆਂ ਇਨਸਾਨੀ ਨਸਲਾਂ ਲਈ ਪ੍ਰਭੂ ਦਰ ਲਈ ਰਾਹ-ਦਸੇਰਾ ਬਣਾ ਸਕੇ।

ਅੰਮ੍ਰਿਤ ਵੇਲੇ ਨਿਤਨੇਮ ਤੇ ਸਿਮਰਨ ਦੀ ਉਮਰ ਭਰ ਨਿਭੀ ਅਖੰਡ ਬਿਰਤੀ—"ਸੇਵਕ ਕੀ ਓੜਕਿ ਨਿਬਹੀ ਪ੍ਰੀਤਿ" ਦੱਸਿਆ ਕਰਦੇ ਸਨ ਕਿ ਨਿਤਨੇਮ, ਰੋਜ਼ ਦੇ ਰੋਜ਼ ਕਰਮ ਕਰਦਿਆਂ ਜੋ ਵੱਧ-ਘੱਟ ਵਿਕਾਰੀ ਗਰਦਾ ਜੰਮਦਾ ਰਹਿੰਦਾ ਹੈ, ਉਸ ਨੂੰ ਧੋਣ ਦਾ ਵਸੀਲਾ ਹੈ। ਸਿਮਰਨ ਅੰਮ੍ਰਿਤ-ਰਸ ਦੇ ਸੋਮੇ ਦਾ ਸਰੋਤ ਹੈ। ਸਮ-ਦ੍ਰਿਸ਼ਟੀ ਦੇ ਮਾਲਕ ਗਿਆਨੀ ਜੀ ਲਈ ਦੁਨਿਆਵੀ ਰਿਸ਼ਤੇ, ਸੰਬੰਧ, ਜਾਣ-ਪਛਾਣ ਦੇ ਆਧਾਰ ਛੋਟੀ ਗੱਲ ਸਨ। ਉਹਨਾਂ ਦਾ ਸਭ ਲਈ ਬਰਾਬਰ ਪਿਆਰ ਸਤਿਕਾਰ ਦਾ ਪਾਤਰ ਭਰਿਆ ਰਹਿੰਦਾ ਸੀ। ਜੋ ਵੀ ਇਕ ਵਾਰ ਇਹਨਾਂ ਨਜ਼ਰਾਂ ਵਿਚ ਆ ਗਿਆ, ਉਹ ਸਦਾ ਲਈ ਆਪਣੇ ਆਪ ਨੂੰ ਗਿਆਨੀ ਜੀ ਦੇ ਪ੍ਰਭਾ-ਮੰਡਲ ਦਾ ਵਿਸ਼ੇਸ਼ ਪਾਤਰ ਸਮਝਦਾ ਰਿਹਾ। ਇਹੀ ਕਾਰਨ ਹੈ ਕਿ ਕਰਤਾ ਦੇ ਵਿਧੀ-ਵਿਧਾਨ ਅਨੁਸਾਰ ਸਰੀਰਕ ਉਹਲਾ ਦੇ ਕੇ ਆਪਣੇ ਮੂਲ ਵਿਚ ਲੀਨ ਹੋ ਗਏ ਤਾਂ ਇਸ ਧਰਤੀ ਦੀਆਂ ਹੱਦਾਂ ਸੁੰਗੜ ਕੇ ਛੋਟੀਆਂ ਹੋ ਗਈਆਂ। ਵਾਯੂ ਮੰਡਲ ਦੀਆਂ ਹੱਦਾਂ ਵੀ ਸਿਮਟ ਕੇ ਰਹਿ ਗਈਆਂ। ਇਹ ਪ੍ਰਤਿਭਾ—ਧਰਮਾਂ, ਜਾਤਾਂ, ਪਾਤਾਂ, ਵਰਨਾਂ ਤੇ ਸੰਪਰਦਾਵਾਂ ਦੇ ਤਾਣੇ-

ਬਾਣੇ ਨੂੰ ਸਹਿਜੇ ਹੀ ਤਹਿਸ-ਨਹਿਸ ਕਰਦੀ ਹੋਈ ਸਭ ਦੇ ਹਿਰਦਿਆਂ ਦੇ ਦਰਪਣ 'ਤੇ ਮੂਰਤੀਮਾਨ ਹੋ ਗਈ। ਹਰ ਕਿਸੇ ਦਾ ਦਾਅਵਾ ਕਿ "ਮਸਕੀਨ ਜੀ ਤਾਂ ਕੇਵਲ ਮੇਰੇ ਹੀ ਸਨ", ਜਦੋਂ ਇਕ ਦੂਜੇ ਕੋਲੋਂ, ਦੂਜਾ-ਤੀਜੇ ਕੋਲੋਂ ਇਹੋ ਸੁਣਦਾ ਤਾਂ ਸਭ ਦੇ ਦਾਅਵੇ ਇਕ ਹੋ ਕੇ ਨਿਰਦਾਅਵੇ ਬਣ ਗਏ ਹਨ।

ਇਹ ਸੁਣਦੇ ਰਹੇ ਹਾਂ ਕਿ ਕਦੇ ਸਮਾਂ ਸੀ ਕਿ ਅੰਗਰੇਜ਼ਾਂ ਦੇ ਰਾਜ ਵਿਚ ਸੂਰਜ ਨਹੀਂ ਡੁੱਬਦਾ ਸੀ; ਭਾਵ ਕਿ ਪੱਛਮ ਤੋਂ ਪੂਰਬ, ਉੱਤਰ ਤੋਂ ਦੱਖਣ ਵਿਚ ਅੰਗਰੇਜ਼ਾਂ ਨੇ ਛਲ-ਕਪਟ, ਜ਼ੋਰ-ਜਬਰੀ ਅਤੇ ਲੋਭ-ਲਾਲਚ ਨਾਲ ਸਦੀਆਂ ਤਕ ਰਾਜ ਕੀਤਾ। ਪ੍ਰੰਤੂ ਸਮੇਂ ਦੇ ਅੰਤਰਾਲ ਨਾਲ ਇਹ ਸੁੰਗੜਦਾ-ਸੁੰਗੜਦਾ ਅੰਗਰੇਜ਼ਾਂ ਦੇ ਮੂਲ ਇੰਗਲੈਂਡ ਤਕ ਹੀ ਰਹਿ ਗਿਆ। ਪ੍ਰੰਤੂ ਨਿਰਪੱਖਤਾ ਨਾਲ ਵੇਖਿਆਂ ਅੱਜ ਦੁਨੀਆ ਭਰ ਦੇ ਗੁਰਮੁਖਾਂ ਦੇ ਹਿਰਦੇ 'ਤੇ ਗਿਆਨੀ ਸੰਤ ਸਿੰਘ ਜੀ ਮਸਕੀਨ ਹਲੇਮੀ ਰਾਜ ਤਖ਼ਤ 'ਤੇ ਬਿਰਾਜਮਾਨ ਹਨ; ਜੋ ਧਰਤੀ ਦੀਆਂ ਹੱਦਾਂ ਦਾ ਮੁਥਾਜ ਨਹੀਂ, ਜਿਥੇ ਸੱਚ ਦਾ ਸੂਰਜ ਸਦਾ ਪ੍ਰਕਾਸ਼ਮਾਨ ਰਹਿੰਦਾ ਹੈ। ਇਹ ਵਿਸ਼ਾਲਤਾ ਕਿਸੇ ਫ਼ਰੇਬ, ਜਬਰ ਜਾਂ ਲੋਭ-ਲਾਲਚ ਦੀ ਨਹੀਂ; ਕੇਵਲ ਤੇ ਕੇਵਲ ਤਿਆਗ, ਪਿਆਰ ਤੇ ਸਮਦ੍ਰਿਸ਼ਟੀ ਨਜ਼ਰ ਕਰਕੇ ਹੈ :

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥**

*(ਧਨਾਸਰੀ ਮ: ੫, ਪੰਨਾ 671)*

ਆਪ ਜੀ ਖ਼ੁਦ ਈਰਖਾ, ਦ੍ਵੈਸ਼ ਤੋਂ ਨਿਰਲੇਪ ਹੋ ਕੇ ਵਿਦਵਾਨਾਂ ਦਾ ਹੱਦੋਂ ਵੱਧ ਸਤਿਕਾਰ ਕਰਿਆ ਕਰਦੇ ਸਨ। ਸਥਾਪਤ ਵਿਦਵਾਨਾਂ ਦਾ ਤਾਂ ਸਤਿਕਾਰ ਹੈ ਹੀ ਸੀ। ਨਵੇਂ ਪ੍ਰਵਕਤਾ-ਬੁਲਾਰਿਆਂ ਨੂੰ ਵੀ ਜਿਥੇ ਨਿਵਾਜਦੇ, ਪਿਆਰਦੇ ਸਨ, ਉਥੇ ਇਕਾਗਰਤਾ ਨਾਲ ਸੁਣਿਆ ਵੀ ਕਰਦੇ ਸਨ। ਫਿਰ ਵਿਦਵਤਾ ਦਾ ਅਸਰ ਵੀ ਕਬੂਲਦੇ ਸਨ। ਲਗਭਗ 1962 ਤੋਂ ਹਰ ਸਾਲ ਮਾਰਚ ਮਹੀਨੇ ਦੀਆਂ ਆਰੰਭਿਕ ਤਾਰੀਖ਼ਾਂ 'ਤੇ ਅਲਵਰ ਵਿਖੇ ਪਹਿਲਾਂ ਘਰ ਸੀਸ ਗਰਾਂ ਤੇ ਫਿਰ ਮਾਰਗ ਨੰ: 2, ਗੁਰਮਤਿ ਸਮਾਗਮ ਸਥਾਨ ਵਿਖੇ ਵਿਸ਼ਾਲ ਪੱਧਰ 'ਤੇ ਗੁਰਮਤਿ ਸਮਾਗਮ ਕਰਵਾਇਆ ਕਰਦੇ ਸਨ, ਜੋ ਸਮੇਂ ਦੀ ਗਤੀ ਨਾਲ ਵਿਸ਼ਵ ਪੱਧਰੀ ਹੋ ਗਿਆ। ਜ਼ਿੰਦਗੀ ਦੇ ਅੰਤਮ ਮੋੜ 'ਤੇ ਅਲਵਰ ਤੋਂ ਬਾਹਰ ਬਾਈਪਾਸ 'ਤੇ ਬਹੁਤ ਵੱਡਾ ਗੁਰਮਤਿ ਸਥਾਨ ਬਣਾਉਣ ਦਾ ਉਲੀਕਿਆ ਸੁਪਨਾ ਸਾਕਾਰ ਰੂਪ ਧਾਰਨ ਕਰ ਗਿਆ ਤਾਂ ਅਛੋਪਲੇ ਜਿਹੇ ਪਹਿਲੇ ਸਮਾਗਮ ਨੂੰ ਆਪਣੀ ਅੰਤਮ ਅਰਦਾਸ ਸਮਾਗਮ ਬਣਾ ਕੇ ਸਦਾ ਲਈ ਇਸ ਦੀ ਮਿੱਟੀ ਨੂੰ ਆਪਣੀ ਅੰਤਮ ਛੋਹ ਦੇ ਕੇ ਮਸਤਕ ਦਾ ਚੰਦਨ ਬਣਾ ਦਿੱਤਾ।

## ਗਿਆਨੀ

ਜੇ ਗਿਆਨ ਦੀ ਸੀਮਾ ਨਿਰਧਾਰਤ ਕਰਨੀ ਹੋਵੇ ਤਾਂ ਇੰਜ ਕਹਿਣ ਵਿਚ ਸੰਕੋਚ ਨਹੀਂ ਕਿ ਨਿਰੰਕਾਰ ਗਿਆਨ-ਪ੍ਰਕਾਸ਼ ਹੈ। ਗੁਰੂ-ਸ਼ਬਦ ਗਿਆਨ-ਪ੍ਰਕਾਸ਼ ਦਾ ਵਾਹਕ ਹੈ। ਗੁਰੂ ਸਵਾਰੀਆਂ ਸਤਿਕਾਰੀਆਂ ਸਵੀਕਾਰੀਆਂ ਤੇ ਪਿਆਰੀਆਂ ਰੂਹਾਂ ਬ੍ਰਹਮ ਗਿਆਨੀ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਆਦਿ ਤੋਂ ਪ੍ਰਭਾਵਿਤ ਗਿਆਨ ਸੀਮਾ ਮਸਕੀਨ ਜੀ ਤੋਂ ਆਰੰਭ ਹੋ ਕੇ ਗਿਆਨ ਸਾਗਰ ਦਾ ਚੱਕਰ ਬਣਾ ਕੇ ਮੁੜ ਮਸਕੀਨ ਜੀ ਦੇ ਬਿੰਦੂ 'ਤੇ ਸਮਾਪਤ ਹੁੰਦੀ ਹੈ।

## ਸੰਤ

ਸਮ-ਦ੍ਰਿਸ਼ਟਤਾ, ਹੁਕਮੀ ਬੰਦਾ, ਗੁਰਮਤਿ ਰਹਿਣੀ-ਬਹਿਣੀ-ਕਹਿਣੀ, ਕਥਨੀ-ਕਰਨੀ ਦਾ ਜੋੜ, ਬਾਣੀ ਤੇ ਬਾਣੇ ਦੇ ਦਰਸ਼ਨੀ ਸਰੂਪ ਦੇ ਧਾਰਨੀ ਸੰਤ ਸਨ।

## ਸਿੰਘ

ਸਹਿਜ ਕ੍ਰਾਂਤੀ ਦਾ ਪ੍ਰਤੱਖ ਪ੍ਰਚੰਡ ਸਮੇਂ ਦੀ ਅੱਖ ਤੇ ਇਤਿਹਾਸ ਦੀ ਕਲਮ ਨੇ ਦੇਖਿਆ—ਸ੍ਰੀ ਕ੍ਰਿਸ਼ਨ ਜੀ ਦੀ ਸ਼ਾਂਤ ਤੇ ਸੁਰੀਲੀ ਬੰਸਰੀ ਤੋਂ ਸੁਦਰਸ਼ਨ ਚੱਕਰ ਦਾ ਪ੍ਰਚੰਡ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਬਾਬ ਦੀਆਂ ਤਾਰਾਂ ਤੋਂ ਨਿਕਲੀਆਂ ਭਗਤੀ ਤਰੰਗਾਂ ਕਦੋਂ ਨਗਾਰੇ ਦਾ ਯੁੱਧ-ਨਾਦ ਰੂਪ ਧਾਰਨ ਕਰ ਗਈਆਂ। ਸਮਾਂ ਤੇ ਇਤਿਹਾਸ ਗਵਾਹ ਹੈ ਕਿ ਗੁਰ-ਪ੍ਰਸਾਦਿ ਤੇ ਤ੍ਵ-ਪ੍ਰਸਾਦਿ ਇਕ ਹੀ ਗੁਰਮਤਿ ਦੇ ਦੋ ਪਾਸੇ ਹਨ। ਮਸਕੀਨ ਜੀ ਨੇ ਉਦੋਂ ਯੁੱਧ ਨਾਦ ਦਾ ਨਗਾਰਾ ਵੀ ਖੜਕਾਇਆ ਜਦੋਂ ਨਾ-ਉਮੀਦੀਆਂ 'ਚ ਘਿਰੀ ਕੌਮ ਸੱਚ ਦਾ ਮਾਰਗ ਲੱਭ ਰਹੀ ਸੀ। ਲੋੜ ਪੈਣ 'ਤੇ ਇਹ ਮਸਕੀਨ ਆਤਮਾ, ਲੋਕ-ਆਵਾਜ਼ ਨੂੰ ਕਿਤਨਾ ਬੁਲੰਦ ਤੇ ਚੜ੍ਹਦੀ ਕਲਾ ਦਾ ਰੂਪ ਦੇ ਸਕਦੀ ਹੈ, ਇਹ ਜੇਲ੍ਹ ਦੀਆਂ ਕੰਧਾਂ, ਅਦਾਲਤਾਂ ਦੇ ਅਦਲ ਅੱਜ ਵੀ ਗਵਾਹੀ ਦੇ ਰਹੇ ਹਨ। ਇਹ ਸਿੰਘ-ਨਾਦ ਦਾ ਕਮਾਲ ਸੀ।

## ਮਸਕੀਨ

ਗਿਆਨੀ ਦਾ ਗਿਆਨ, ਸੰਤ ਦੀ ਅਸੀਮਤਾ, ਵਿਸ਼ਾਲਤਾ, ਸਹਿਜ ਸਮਾਧੀ ਤੇ ਵਰਤਾਰੇ ਵਜੋਂ ਸਿੰਘ-ਨਾਦ ਦੀ ਗਰਜਨਾ ਰਣਭੂਮੀ ਵਿਚ ਮੱਕਾਰਾਂ ਵਿਰੁੱਧ ਅਤੇ ਮਨ ਭੂਮੀ ਵਿਕਾਰਾਂ ਵਿਰੁੱਧ ਲੋਹਾ ਲੈਂਦਿਆਂ ਵੀ ਦਾਅਵਿਆਂ ਤੋਂ ਮੁਕਤ, ਨਿਮਰਤਾ ਦੀ ਸਤ੍ਹਾ 'ਤੇ ਸਹਿਜ-ਟਿਕਾਅ ਦਾ ਨਾਮ ਹੈ।

## ਗਿਆਨੀ ਸੰਤ ਸਿੰਘ ਜੀ ਮਸਕੀਨ ਦੀ ਪਾਰਖੂ ਨਜ਼ਰ

ਸੰਸਥਾਵਾਂ ਵੱਲੋਂ ਕਿਤਾਬੀ ਗਿਆਨ ਦੇ ਬਸਤਾ ਬੰਦ ਵਿਦਿਆਰਥੀ ਜਦੋਂ ਸਟੇਜੀ ਦੁਨੀਆ ਵਿਚ ਉਤਰਦੇ ਸਨ ਤਾਂ ਕਿਸੇ ਨਾ ਕਿਸੇ ਵਿਸ਼ੇਸ਼ ਵਿਚਾਰਧਾਰਾ ਨਾਲ ਪਰਨਾਏ ਹੋਏ ਹੁੰਦੇ ਸਨ ਅਤੇ ਹਨ। ਜਿਵੇਂ ਕੋਈ ਸਾਧਾਂ ਦੇ ਡੇਰਿਆਂ ਦੀ ਪਰੰਪਰਾਗਤ ਰਹੁ-ਰੀਤੀ ਨਾਲ, ਕੋਈ ਵਿਆਕਰਣੀ ਮਿਸ਼ਨਰੀ ਰਸਹੀਣ ਭਾਵਨਾ ਜਾਂ ਵਿਸ਼ੇਸ਼ ਟਕਸਾਲੀ ਸੰਪਰਦਾਵਾਂ ਨਾਲ ਅੱਖਰ-ਦਰ-ਅੱਖਰ ਬੱਝੇ ਹੁੰਦੇ ਹਨ। ਇਹਨਾਂ ਸਾਰੀਆਂ ਧਾਰਾਵਾਂ ਦਾ ਨਿਚੋੜ ਸੀ ਗਿਆਨੀ ਜੀ ਦਾ ਚੱਲਦਾ ਫਿਰਦਾ ਵਿਸ਼ਾਲ ਗੁਰਮਤਿ ਵਿਦਿਆਲਾ। ਇਸ ਵਿਦਿਆਲੇ ਵਿਚ ਜੋ ਵੀ ਵਿਦਿਆਰਥੀ ਆਇਆ, ਉਸ ਦੇ ਗੁਣ-ਦੋਸ਼ ਵੇਖੇ ਬਗ਼ੈਰ ਆਪਣੀ ਵਿਸ਼ਾਲਤਾ ਦੀ ਬੁੱਕਲ ਵਿਚ ਲੈ ਲਿਆ। ਉਸ ਦੀ ਘਾੜਤ ਘੜਨੀ ਸ਼ੁਰੂ ਹੁੰਦੀ, ਸਬਰ ਸੰਤੋਖ ਦੇ ਧਰਾਤਲ 'ਤੇ। ਫਿਰ ਉਸ ਨੂੰ ਗੁਰਬਾਣੀ ਤੇ ਗੁਰਮਤਿ ਨਾਲ ਸ਼ਿੰਗਾਰਿਆ ਜਾਂਦਾ। (ਭਾਵੇਂ ਅੱਜ ਕੋਈ ਮੰਨੇ ਜਾਂ ਨਾ ਮੰਨੇ, ਅਜੋਕੇ ਸਥਾਪਤ ਵਿਦਵਾਨਾਂ ਵਿੱਚੋਂ ਬਹੁਤਿਆਂ ਨੇ ਇਸ ਵਿਦਿਆ ਵਹੀਰ ਵਿਦਿਆਲੇ 'ਚੋਂ ਗਿਆਨ ਗੁੜ੍ਹਤੀ ਜ਼ਰੂਰ ਹੀ ਲਈ ਹੈ।) ਫਿਰ ਭਾਵੇਂ ਉਹ ਆਪਣੇ ਹੀ ਅਉਗਣਾਂ, ਮੰਦੀਆਂ ਆਦਤਾਂ ਕਰਕੇ ਬਾਹਰ ਨਿਕਲਿਆ ਹੋਵੇ, ਗਿਆਨੀ ਜੀ ਵੱਲੋਂ ਕਦੇ ਧੱਕਿਆ ਨਹੀਂ ਗਿਆ। ਜੇਕਰ ਵਿਦਿਆਰਥੀਆਂ ਦੀ ਗਿਣਤੀ ਮਿਣਤੀ ਵਿਚ ਪੈਣ ਲੱਗੀਏ ਤਾਂ ਫਿਰ ਇਕ ਵੱਖਰਾ ਪੁਸਤਕ-ਢਾਂਚਾ ਤਿਆਰ ਕਰਨਾ ਪਏਗਾ। ਇਸੇ ਵਿਦਿਆਲੇ ਦੀ ਸਰਦਲ 'ਤੇ, ਵਿਦਿਆ ਦਾਤੇ ਦੇ ਕਦਮਾਂ ਵਿਚ ਇਸ ਕਲਮ-ਕਰਤਾ ਦਾ ਸਿਰ ਵੀ ਝੁਕਿਆ ਪਿਆ ਸੀ।

ਹੋਇਆ ਇਸ ਤਰ੍ਹਾਂ ਕਿ ਮਈ 1981 ਵਿਚ ਯਾਤਰਾ ਦੌਰਾਨ ਬੰਬਈ ਤੋਂ ਵਾਪਸ ਲਖਨਊ ਆਉਂਦਿਆਂ ਦਾਸ ਨਾਲ ਕੁਝ ਮੁਸਾਫ਼ਰਾਂ ਦੀ ਸਲਾਹ ਹੋਈ ਕਿ ਮਨਮਾੜ ਵਿਖੇ ਯਾਤਰਾ ਰੋਕ ਕੇ (ਜਰਨੀ ਬਰੇਕ ਕਰ ਕੇ) ਸ੍ਰੀ ਹਜ਼ੂਰ ਸਾਹਿਬ (ਨੰਦੇੜ) ਦੇ ਦਰਸ਼ਨ ਦੀਦਾਰੇ ਕਰ ਲਏ ਜਾਣ। ਇਸ ਤਰ੍ਹਾਂ ਮਨਮਾੜ ਤੋਂ ਨੰਦੇੜ ਪਹੁੰਚ ਗਏ। ਦਰਸ਼ਨ ਦੀਦਾਰਿਆਂ ਤੋਂ ਬਾਅਦ ਜਦ ਸਚਖੰਡ ਤੋਂ ਬਾਬਾ ਨਿਧਾਨ ਸਿੰਘ ਜੀ ਦੇ ਲੰਗਰ ਸਥਾਨ 'ਤੇ ਵਾਪਸ ਆ ਰਹੇ ਸਾਂ ਤਾਂ ਇਕ ਕੈਸਟਾਂ ਵੇਚਣ ਵਾਲੀ ਦੁਕਾਨ 'ਤੇ ਟੇਪ ਰਿਕਾਰਡਰ ਵੱਜ ਰਿਹਾ ਸੀ ਤੇ ਕੋਈ ਬਹੁਤ ਹੀ ਜਾਦੂਮਈ ਆਵਾਜ਼ ਵਿਚ ਕਥਾ ਚੱਲ ਰਹੀ ਸੀ। ਕੰਨਾਂ ਨੇ ਇਹ ਆਵਾਜ਼ ਪਹਿਲੀ ਵਾਰ ਸੁਣੀ ਤੇ ਫਿਰ ਉਸ ਆਵਾਜ਼ ਨੂੰ ਛੱਡ ਕੇ ਅੱਗੇ ਨਹੀਂ ਲੰਘਿਆ ਗਿਆ। ਦੁਕਾਨ ਵਾਲੇ ਨੂੰ ਪੁੱਛਿਆ ਕਿ ਇਹ ਕਥਾ ਕੌਣ ਕਰ ਰਹੇ ਹਨ ?

ਦੁਕਾਨਦਾਰ ਨੇ ਹੈਰਾਨ ਹੋ ਕੇ ਪੁੱਛਿਆ ਕਿ ਤੁਸੀਂ ਨਹੀਂ ਜਾਣਦੇ ? ਮੋੜਵਾਂ ਸਵਾਲ ਸੁਣ ਕੇ ਮੈਂ ਕੁਝ ਸ਼ਰਮਿੰਦਾ ਜਿਹਾ ਹੋ ਗਿਆ। ਦੁਕਾਨਦਾਰ ਕਹਿਣ ਲੱਗਾ ਕਿ ਇਹ ਕਥਾਵਾਚਕ ਗਿਆਨੀ ਸੰਤ ਸਿੰਘ ਜੀ ਮਸਕੀਨ ਹਨ।

ਬੱਸ ਉਸ ਆਵਾਜ਼ ਦੀ ਜਾਦੂ ਭਰੀ ਖਿੱਚ ਨੇ ਅਜਿਹਾ ਕੀਲਿਆ ਕਿ ਅੰਦਰ ਤਾਂਘ ਬਣ ਗਈ। ਗੁਰਮਤਿ ਕ੍ਰਿਤ-ਵ੍ਰਿਤ ਅਧੀਨ ਮੈਂ ਅੰਮ੍ਰਿਤਸਰ ਤੋਂ ਦਿੱਲੀ, ਆਗਰਾ, ਗਵਾਲੀਅਰ, ਭੋਪਾਲ ਫਿਰ ਝਾਂਸੀ, ਲਖਨਊ 1980-81 ਦੀ ਦੇਸ਼-ਕਾਲ ਯਾਤਰਾ ਕਰਦਿਆਂ ਸੀਤਾਪੁਰ ਯੂ.ਪੀ. ਦਾ ਸੰਜੋਗ ਬਣ ਗਿਆ। ਜਾਦੂਮਈ ਆਵਾਜ਼ ਦੀ ਤਾਂਘ ਅੰਦਰ ਦੀ ਪਿਆਸ ਬਣ ਚੁੱਕੀ ਸੀ। ਉਪਰਲੀ ਯਾਤਰਾ ਦਾ ਪੜਾਅ ਸੀਤਾਪੁਰ ਸ੍ਰੀ ਗੁਰੂ ਸਿੰਘ ਸਭਾ ਵਿਖੇ ਬਤੌਰ ਹੈੱਡ ਗ੍ਰੰਥੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਥੋਂ ਦੇ ਕੁਝ ਹਮ-ਖ਼ਿਆਲੀ ਗੁਰਮੁਖ ਵੀਰਾਂ ਦੀ ਸੰਗਤ ਬਣਾ ਕੇ 1982 ਦੇ ਗੁਰਮਤਿ ਸਮਾਗਮ ਦਾ ਆਨੰਦ ਮਾਨਣ ਤੇ ਉਸ ਜਾਦੂਮਈ ਆਵਾਜ਼ ਦੇ ਪ੍ਰਤੱਖ ਦਰਸ਼ਨ ਕਰਨ ਲਈ ਵਾਇਆ ਦਿੱਲੀ 28 ਫ਼ਰਵਰੀ ਦੀ ਘੁਸਮੁਸੀ ਸ਼ਾਮ ਨੂੰ ਅਲਵਰ ਦੇ ਮਾਰਗ ਨੰ: 2 ਗੁਰਮਤਿ ਸਮਾਗਮ ਸਥਾਨ 'ਤੇ ਪਹੁੰਚ ਗਏ। ਅੱਗੋਂ ਸਮਾਗਮ ਦੀਆਂ ਤਿਆਰੀਆਂ ਦੀ ਦੇਖ-ਰੇਖ, ਸਟੇਜ ਦੀ ਬਣਤਰ ਆਦਿ ਦਾ ਸਮੁੱਚਾ ਪ੍ਰਬੰਧ ਦੇਖ ਰਹੇ ਗੁਰਮੁਖ ਵਿਅਕਤੀ ਦੀ ਪਿੱਠ ਸਾਡੇ ਵੱਲ ਸੀ, ਪੁੱਛ-ਪੜਤਾਲ ਲਈ ਫ਼ਤਹਿ ਬੁਲਾਈ ਤਾਂ ਉਹਨਾਂ ਨੇ ਆਪਣਾ ਦਰਸ਼ਨੀ ਮੁਖ ਘੁਮਾ ਕੇ ਫ਼ਤਹਿ ਪ੍ਰਵਾਨ ਕੀਤੀ ਤੇ ਉੱਤਰ ਵੀ ਦਿੱਤਾ। ਬੱਸ! ਉਸ ਕੈਸਟ ਦੀ ਆਵਾਜ਼ ਅਤੇ ਇਸ ਆਵਾਜ਼ ਦੀ ਲੈਅਮਈ ਅੰਮ੍ਰਿਤ ਭਿੱਜੀ, ਧੁਰ ਤੋਂ ਆਈ ਕਸ਼ਿਸ਼ ਨੇ ਇਸ ਤਰ੍ਹਾਂ ਦਾ ਜਾਦੂ ਭਰਿਆ ਅਸਰ ਕੀਤਾ ਕਿ ਅੰਦਰੋਂ ਖਿੜੀ ਖਿੜੀ ਚੇਤਨਾ-ਬਿਰਤੀ ਦੀ ਆਵਾਜ਼ ਆਈ, "ਇਹ ਮਿਲਾਪ ਅੱਜ ਦਾ ਜਾਂ ਹੁਣ ਦਾ ਹੀ ਨਹੀਂ, ਇਹ ਤਾਂ ਅਜ਼ਲਾਂ ਤੋਂ ਹੀ ਮਿਲਾਪ ਚਲਿਆ ਆ ਰਿਹਾ ਸੀ। ਕੇਵਲ ਸਮੇਂ ਦੀ ਪਿੱਠ ਕਰਕੇ ਸਾਹਮਣੇ ਪ੍ਰਤੱਖ ਨਹੀਂ ਸੀ। ਅੱਜ ਸਮੇਂ ਦਾ ਉਹਲਾ ਵਿੱਚੋਂ ਖ਼ਤਮ ਹੋਇਆ ਹੈ। ਉਸ ਤੋਂ ਬਾਅਦ ਅੱਜ ਤਕ (ਸ਼ਾਇਦ ਰਹਿੰਦੀ ਉਮਰ ਤਕ) ਇਸ ਮਿਠਾਸ ਭਰੀ ਮਿਲਣੀ ਤੇ ਸੰਗਤ ਨੇ ਅਜਿਹਾ 22-23 ਸਾਲਾਂ ਵਿਚ ਸੰਤੁਸ਼ਟ ਕੀਤਾ ਕਿ ਗਿਆਨੀ ਜੀ ਦੇ ਸਰੀਰਕ ਉਹਲੇ ਨੇ ਵਿਚਲਤ ਨਹੀਂ ਕੀਤਾ। ਇੰਜ ਲੱਗਦਾ ਹੈ ਕਿ ਇਹ ਸਮੇਂ ਨੇ ਕਰਵਟ ਬਦਲੀ ਹੈ। ਕੇਵਲ ਪਿੱਠ ਦਾ ਉਹਲਾ ਹੀ ਹੈ। ਉਹ ਤਾਂ ਸਦਾ ਹਾਜ਼ਰ ਨਾਜ਼ਰ ਹਨ। ਅੰਦਰ ਭਰਪੂਰ ਤ੍ਰਿਪਤੀ ਦਾ ਸੋਮਾ ਪ੍ਰਗਟ ਕਰ ਗਏ ਹਨ। ਕਿਸੇ ਮੰਜ਼ਲ 'ਤੇ ਕਦੇ ਫਿਰ ਮਿਲਾਪ ਹੋਵੇ!

# ਮਸਕੀਨ ਜੀ ਦੀ ਆਖ਼ਰੀ ਕਥਾ

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

**ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ ॥**
**ਹੇ ਸੰਸਾਰ ਤਾਪ ਹਰਣਹ ਕਰੁਣਾ ਮੈ ਸਭ ਦੁਖ ਹਰੋ ॥**
**ਹੇ ਸਰਣਿ ਜੋਗ ਦਯਾਲਹ ਦੀਨਾ ਨਾਥ ਮਯਾ ਕਰੋ ॥**
**ਸਰੀਰ ਸ੍ਵਸਥ ਖੀਣ ਸਮਏ ਸਿਮਰੰਤਿ ਨਾਨਕ ਰਾਮ ਦਾਮੋਦਰ ਮਾਧਵਹ ॥**

*(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1358)*

ਗੁਰੂ-ਰੂਪ ਸਾਧ ਸੰਗਤ ਜੀ, ਫ਼ਤਹਿ ਪ੍ਰਵਾਨ ਕਰੋ,
ਵਾਹਿਗੁਰੂ ਜੀ ਕਾ ਖ਼ਾਲਸਾ ॥
ਵਾਹਿਗੁਰੂ ਜੀ ਕੀ ਫ਼ਤਹਿ ॥

"ਦੁਹੁ ਮਿਲਿ ਕਾਰਜੁ ਊਪਜੈ," ਜਗਤ ਵਿਚ ਕਿਸੇ ਵੀ ਕਾਰਜ ਦੀ ਸਿੱਧੀ, ਪੂਰਨਤਾ ਦੋਹਾਂ ਦੇ ਮਿਲਾਪ ਨਾਲ ਹੁੰਦੀ ਹੈ :

**ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ ॥**

*(ਰਾਗੁ ਗਉੜੀ ਪੂਰਬੀ ਕਬੀਰ ਜੀ, ਪੰਨਾ 335)*

ਈਸ਼ਵਰ ਨੇ ਆਪਣੀ ਪ੍ਰਕ੍ਰਿਤੀ ਵਿਚ ਐਸਾ ਨਿਯਮ ਬਣਾ ਰੱਖਿਆ, ਇਕ ਵਸਤੂ ਆਪਣੇ ਆਪ ਵਿਚ ਕਿਤਨੀ ਗੁਣਵਾਨ ਹੋਵੇ, ਸ਼ਕਤੀਸ਼ਾਲੀ ਹੋਵੇ, ਸਮਰੱਥ ਹੋਵੇ, ਉਹਨੂੰ ਆਪਣੇ ਗੁਣ ਨੂੰ, ਉਹਨੂੰ ਆਪਣੀ ਸ਼ਕਤੀ ਨੂੰ, ਉਸ ਨੂੰ ਆਪਣੀ ਕਲਾ ਨੂੰ ਪ੍ਰਗਟ ਕਰਨ ਲਈ, ਪ੍ਰਦਰਸ਼ਿਤ ਕਰਨ ਲਈ ਦੂਸਰੇ ਦੇ ਸਹਾਰੇ ਦੀ ਲੋੜ ਹੈ। ਇਹਦੇ ਉੱਤੇ ਜੋ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਉਦਾਹਰਣ ਨੇ ਔਰ ਇਸ ਸੰਬੰਧ ਵਿਚ ਭਾਈ ਗੁਰਦਾਸ ਜੀ ਨੇ ਜੋ ਵਿਚਾਰਾਂ ਪੇਸ਼ ਕੀਤੀਆਂ ਨੇ; ਉਹ ਮੈਂ ਤੁਹਾਡੇ ਸਾਹਮਣੇ ਰੱਖਾਂ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਮਹਾਂਵਾਕ :

**ਬਿਨੁ ਬਾਜੇ ਕੈਸੋ ਨਿਰਤਿਕਾਰੀ ॥** *(ਭੈਰਉ ਮਹਲਾ ੫, ਪੰਨਾ 1140)*

ਕੋਈ ਮਨੁੱਖ ਬਹੁਤ ਅੱਛਾ ਨਿਰਤਕ ਹੋਵੇ ਤੇ ਨ੍ਰਿਤ ਕਲਾ ਵਿਚ ਸੰਪੂਰਨ ਤੇ ਸਮਰੱਥ ਹੋਵੇ, ਜੈਸੇ ਨ੍ਰਿਤ ਕਲਾ ਦੀਆਂ ਬਹੁਤ ਸਾਰੀਆਂ ਪੱਧਤੀਆਂ ਨੇ ਸਾਡੇ ਦੇਸ਼ ਵਿਚ ਤੇ ਉਹ ਹਰ ਤਰ੍ਹਾਂ ਦੀ ਪੱਧਤੀ ਵਿਚ ਮਾਹਰ ਹੋਵੇ, ਸਿਖਿਆ ਹੋਵੇ, ਪਰ ਕਿਸੇ ਵੀ ਨਿਰਤਕ ਨੂੰ ਨ੍ਰਿਤ ਪ੍ਰਗਟ ਕਰਨ ਵਾਸਤੇ ਤਾਲ ਚਾਹੀਦਾ ਹੈ, ਸਾਜ਼ਾਂ ਦੀ ਧੁਨ ਚਾਹੀਦੀ ਹੈ। ਅਗਰ ਤਾਲ ਨਹੀਂ ਪੂਰਿਆ ਜਾ ਰਿਹਾ, ਵਾਜੇ ਨਹੀਂ ਵੱਜ ਰਹੇ। ਜੇ ਉਹ ਨੱਚ ਰਿਹਾ, ਨੱਚ ਨਹੀਂ ਰਿਹਾ, ਟੱਪ ਰਿਹਾ। ਉਹ ਨੱਚਣਾ ਨਹੀਂ ਹੋਵੇਗਾ, ਟੱਪਣਾ ਹੋਵੇਗਾ। ਨੱਚਣਾ ਉਹ ਹੁੰਦਾ ਹੈ ਜੋ ਤਾਲ ਵਿਚ ਹੋਵੇ। ਧੰਨ ਗੁਰੂ ਨਾਨਕ ਜੀ ਮਹਾਰਾਜ, ਚੂੰਕਿ ਹਰ ਤਰ੍ਹਾਂ ਦੀ ਕਲਾ ਦੇ ਗਿਆਨੀ ਹਨ। ਉਹ ਸੰਗੀਤਕਾਰ ਵੀ ਹਨ, ਉਹ ਮਹਾਨ ਸ਼ਾਇਰ ਤੇ ਕਵੀ ਵੀ ਨੇ, ਕਲਾ ਦੀਆਂ ਬਰੀਕ ਬੀਨੀਆਂ ਨੂੰ ਸਮਝਦੇ ਨੇ, ਤੇ ਸੰਗੀਤ ਤੇ ਕਾਵਿਕ ਕਲਾ—ਕਲਾ ਵਿੱਚੋਂ ਸਭ ਤੋਂ ਉੱਚੀ ਕਲਾ ਹੈ। ਔਰ ਐਸਾ ਕਿਉਂ ? ਪਰਮਾਤਮਾ ਕਿਉਂਕਿ ਸਰਬ-ਕਲਾ-ਸਮਰੱਥ ਹੈ, ਉਹ ਹਰ ਤਰ੍ਹਾਂ ਦੀ ਕਲਾ ਦਾ ਗਿਆਨੀ ਹੈ:

**ਹਮ ਮੂਰਖ ਤੁਮ ਚਤੁਰ ਸਿਆਣੇ ਤੂ ਸਰਬ ਕਲਾ ਕਾ ਗਿਆਤਾ॥**

*(ਸੋਰਠਿ ਮਹਲਾ ੫, ਪੰਨਾ 613)*

ਪਰਮਾਤਮਾ ਹਰ ਤਰ੍ਹਾਂ ਦਾ ਗਿਆਨੀ ਹੈ, ਹਰ ਕਲਾ ਵਿਚ ਸਮਰੱਥ ਹੈ। ਜਦ ਵੀ ਕੋਈ ਪ੍ਰਭੂ ਨਾਲ ਜੁੜਦਾ ਹੈ, ਉਹਦੇ ਅੰਦਰ ਵੀ ਕੋਈ ਨਾ ਕੋਈ ਕਲਾ ਪ੍ਰਗਟ ਹੁੰਦੀ ਹੈ। ਲਾਜ਼ਮੀ ਹੁੰਦੀ ਹੈ। ਕਿਉਂਕਿ ਉਹ (ਪ੍ਰਭੂ) ਮਹਾਨ ਕਲਾਕਾਰ ਹੈ। ਭਾਵੇਂ ਚੌਕ ਵਿਚ ਬੈਠ ਕੇ ਰਵਿਦਾਸ ਜੁੱਤੀਆਂ ਹੀ ਗੰਢਦਾ ਹੈ ਪਰ ਜੈਸੇ ਹੀ ਉਹ ਪ੍ਰਭੂ ਨਾਲ ਜੁੜਦਾ ਹੈ, ਉਹਦੇ ਅੰਦਰ ਵੀ ਗੀਤ ਪ੍ਰਗਟ ਹੁੰਦੇ ਹਨ, ਸੰਗੀਤ ਪ੍ਰਗਟ ਹੁੰਦਾ ਹੈ। ਗੀਤ ਕਿਸ ਦੇ ਪ੍ਰਗਟ ਹੁੰਦੇ ਹਨ ? ਭਗਵਾਨ ਦੇ। ਇਸ ਵਾਸਤੇ ਭਗਤਾਂ ਦੀ ਬਾਣੀ ਨੂੰ ਕਹਿੰਦੇ ਹਨ—ਭਾਗਵਤ ਗੀਤਾ। ਕਿਉਂਕਿ ਭਗਵਾਨ ਦੇ ਗੀਤ ਨੇ, ਉਹ ਤੇ ਪ੍ਰਭੂ ਦੇ ਗੀਤ ਨੇ। ਠੀਕ ਏ, ਕੁਰੂਕਸ਼ੇਤਰ ਦੇ ਮੈਦਾਨ ਵਿਚ ਇਕ ਵਕਤ ਦੇ ਅਵਤਾਰੀ ਪੁਰਸ਼ ਦੇ ਕੰਠ ਤੋਂ ਭਾਗਵਤ ਗੀਤਾ ਨਿਕਲੀ, ਭਗਵਾਨ ਦੇ ਗੀਤ ਨਿਕਲੇ ਪਰ ਹਰ ਜੁੜਿਆ ਹੋਇਆ ਰੱਬ ਨਾਲ ਮਨੁੱਖ, ਉਹਦੇ ਅੰਦਰੋਂ ਜਦ ਗੀਤ ਨਿਕਲਦੇ ਨੇ, ਭਾਗਵਤ ਗੀਤਾ ਹੀ ਨਿਕਲਦੀ ਏ। ਉਹ ਭਗਵਾਨ ਦੇ ਗੀਤ ਹੁੰਦੇ ਨੇ, ਪ੍ਰਭੂ ਦੇ ਗੀਤ ਹੁੰਦੇ ਨੇ। ਭਾਵੇਂ ਚੌਕ ਵਿਚ ਬੈਠ ਕੇ ਰਵਿਦਾਸ ਜੁੱਤੀਆਂ ਗੰਢਦਾ ਹੈ, ਪਰ ਉਹਦੇ ਤਮਾਮ ਬੋਲ ਭਾਗਵਤ ਗੀਤਾ ਨੇ; ਭਾਵੇਂ ਖੱਡੀ 'ਤੇ ਬੈਠ ਕੇ ਸਾਰਾ ਦਿਨ ਕਬੀਰ ਕੱਪੜੇ ਬੁਣਦਾ ਹੈ, ਪਰ ਉਹਦੇ ਬੋਲ—ਭਾਗਵਤ ਗੀਤਾ ਨੇ। ਭਗਵਾਨ ਦੇ ਗੀਤ ਨੇ। ਹਰ ਉਹ ਸੰਤ ਜੋ ਪ੍ਰਭੂ ਨਾਲ ਜੁੜਿਆ, ਉਹਦੇ ਕੋਲ ਬੋਲ ਫਿਰ ਆਪਣੇ ਬੋਲ

ਨਹੀਂ ਹੁੰਦੇ, ਪ੍ਰਭੂ ਦੇ ਹੁੰਦੇ ਹਨ। ਭਗਵਾਨ ਦੇ ਗੀਤ ਹੁੰਦੇ ਨੇ। ਮੁਹੰਮਦ ਸਾਹਿਬ ਨੇ ਤੇ ਐਲਾਨੀਆ ਕਹਿ ਦਿੱਤਾ ਸੀ ਕਿ ਕੁਰਾਨ ਮੇਰੇ 'ਤੇ ਨਾਜ਼ਲ ਹੋਈ ਏ, ਇਲਹਾਮ ਹੋਇਆ। ਮੈਂ ਨਹੀਂ ਉਚਾਰਨ ਕੀਤੀ। ਮੈਂ ਨਹੀਂ ਜਾਣਦਾ। ਹਰ ਜੁੜੀ ਹੋਈ ਆਤਮਾ ਅੰਦਰੋਂ ਜੋ ਬੋਲ ਨਿਕਲਦੇ ਨੇ, ਉਹ ਭਾਗਵਤ ਗੀਤਾ ਹੁੰਦੇ ਨੇ, ਉਹ ਗੀਤ ਸੰਗੀਤ ਵਿਚ ਪ੍ਰਗਟ ਹੁੰਦੇ ਨੇ। ਪਰਮਾਤਮਾ ਆਪ ਮਹਾਨ ਕਲਾਕਾਰ ਹੈ, ਜਦ ਵੀ ਕੋਈ ਉਸ ਨਾਲ ਜੁੜ ਜਾਂਦਾ ਹੈ, ਉਹ ਵੀ ਮਹਾਨ ਕਲਾਕਾਰ ਬਣ ਜਾਂਦਾ ਹੈ।

ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਹਰ ਤਰ੍ਹਾਂ ਦੀ ਕਲਾ ਵਿਚ ਮਾਹਿਰ ਨੇ, ਪ੍ਰਬੀਨ ਨੇ। ਆਪ ਉਦਾਹਰਣ ਵੀ ਵੈਸੀ ਦੇ ਰਹੇ ਨੇ ਔਰ ਕਹਿੰਦੇ ਨੇ ਜੈਸਾ ਮਨੁੱਖ ਦਾ ਸੁਭਾਅ ਹੋਵੇ, ਬੋਲ ਚਾਲ ਵਿਚ ਉਹ ਸੁਭਾਅ ਪ੍ਰਗਟ ਹੁੰਦਾ ਹੈ, ਲਾਜ਼ਮੀ ਪ੍ਰਗਟ ਹੁੰਦਾ ਹੈ। ਐਸਾ ਜੁ ਹੈ, ਦੇਖਿਆ ਗਿਆ ਹੈ। ਮੈਂ ਦੇਖਦਾਂ, ਜਦ ਢਾਬਿਆਂ ਉੱਤੇ ਟਰੱਕ ਡਰਾਈਵਰ ਚਾਹ ਪੀਂਦੇ ਨੇ ਤੇ ਢਾਬੇ ਵਾਲੇ ਨੂੰ ਕਹਿੰਦੇ ਨੇ 60 ਮੀਲ ਦੀ ਚਾਹ ਬਣਾ। ਹੁਣ ਚਾਹ ਦਾ 60 ਮੀਲ ਦੀ ਸਪੀਡ ਨਾਲ ਕੀ ਮਤਲਬ ? ਕੋਈ ਚਾਹ ਵੀ 60 ਮੀਲ ਦੀ ਸਪੀਡ ਨਾਲ ਚੱਲਦੀ ਹੁੰਦੀ ਏ ? ਪਰ ਹਰ ਵਕਤ ਜੁ ਸਪੀਡ ਵਿਚ ਰਹਿੰਦੇ ਨੇ। ਚੰਗੀ ਗਤੀ ਨਾਲ ਜਿਹੜਾ ਟਰੱਕ ਚੱਲੇ, ਸੋਹਣਾ ਚੱਲ ਪੈਂਦਾ ਏ। ਪਈ ਚੰਗੀ ਚਾਹ ਬਣਾਵੀਂ। ਉਦਾਹਰਣ ਕੀ ਦਿੰਦੇ ਨੇ, ਪਈ 60 ਮੀਲ ਦੀ ਸਪੀਡ ਦੀ ਬਣਾਈਂ। ਮੈਂ ਦੇਖਦਾਂ, ਚਾਹ ਵਧੀਆ ਬਣੀ ਹੋਵੇ; ਪਰ ਜਿਹੜਾ ਸੰਗੀਤਕਾਰ ਹੈ, ਰਾਗੀ ਸਿੰਘ ਹੈ, ਕਹਿ ਦਿੰਦਾ ਸੁਰ ਵਿਚ ਬਣੀ ਹੈ। ਹੁਣ ਚਾਹ ਦਾ ਸੁਰ ਨਾਲ ਕੀ ਮਤਲਬ ? ਸੁਰ ਵਿਚ ਬਣੀ ਏ। ਹਰ ਵਕਤ ਰਹਿੰਦਾ ਜੁ ਸੁਰ ਦੀ ਦੁਨੀਆ ਵਿਚ ਹੈ। ਮੈਂ ਅਰਜ਼ ਕਰਾਂ, ਮਨੁੱਖ ਦੀ ਰੋਜ਼ ਦੀ ਕਿਰਤ ਜਦ ਸੁਭਾਅ ਬਣ ਜਾਂਦੀ ਏ, ਸੁਭਾਅ ਬੋਲ ਚਾਲ ਵਿਚ ਪ੍ਰਗਟ ਹੁੰਦਾ ਹੈ। ਹਰ ਵਕਤ ਜੁ ਹੈ, ਪ੍ਰਗਟ ਹੁੰਦਾ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਫ਼ੁਰਮਾਨ ਕਰਦੇ ਨੇ :

**ਬਿਨੁ ਬਾਜੇ ਕੈਸੋ ਨਿਰਤਿਕਾਰੀ॥**

ਕੋਈ ਮਨੁੱਖ ਨ੍ਰਿਤ ਕਲਾ ਵਿਚ ਨਿਪੁੰਨ ਹੋਵੇ, ਪ੍ਰਬੀਨ ਹੋਵੇ, ਸਮਰੱਥ ਹੋਵੇ, ਪਰ ਉਹਨੇ ਨ੍ਰਿਤ ਪੇਸ਼ ਕਰਨਾ ਏ, ਪਰ ਸਾਜ਼ ਨਹੀਂ ਪੂਰੇ ਜਾ ਰਹੇ, ਤਾਲ ਨਹੀਂ ਪੂਰੇ ਜਾ ਰਹੇ। ਬਿਨਾਂ ਸਾਜ਼ਾਂ ਤੋਂ, ਬਿਨਾਂ ਤਾਲ ਤੋਂ ਨੱਚਣਾ—ਨੱਚਣਾ ਨਹੀਂ ਹੁੰਦਾ, ਟੱਪਣਾ ਹੁੰਦਾ ਏ; ਟੱਪ ਸਾਰੇ ਹੀ ਸਕਦੇ ਨੇ, ਨੱਚਣ ਵਾਸਤੇ ਤਾਂ ਕਲਾ ਚਾਹੀਦੀ ਏ :

**ਬਿਨੁ ਬਾਜੇ ਕੈਸੋ ਨਿਰਤਿਕਾਰੀ॥**
**ਬਿਨੁ ਕੰਠੈ ਕੈਸੇ ਗਾਵਨਹਾਰੀ॥**

ਕੋਈ ਮਨੁੱਖ ਸੰਗੀਤ ਸਮਰਾਟ ਹੋਵੇ, ਤੇ ਸੰਗੀਤ ਦੀਆਂ ਸਾਰੀਆਂ ਬਾਰੀਕੀਆਂ ਨੂੰ ਸਮਝਦਾ ਹੋਵੇ, ਹਰ ਰਾਗ ਦਾ ਉਸ ਕੋਲ ਪੂਰਾ ਗਿਆਨ ਹੋਵੇ, ਪਰ ਰਾਗ ਨੂੰ ਪ੍ਰਗਟ ਕਰਨ ਲਈ ਕੰਠ ਤੇ ਹੈ ਕੋਈ ਨਹੀਂ। ਸੁਰ ਦਾ ਉਹ ਗਿਆਨੀ ਹੈ, ਪਰ ਸੁਰੀਲਾ ਕੰਠ ਨਹੀਂ। ਸੁਰ ਦਾ ਬੋਧ ਹੈ ਪਰ ਸੁਰ ਵਿਚ ਕੰਠ ਨਹੀਂ। ਬੇਸੁਰੇ ਸੁਰ ਦੇ ਨਾਲ, ਬੇਸੁਰੇ ਕੰਠ ਦੇ ਨਾਲ ਉਹ ਸੁਰ ਨੂੰ ਕਿਵੇਂ ਪ੍ਰਗਟ ਕਰੇਗਾ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਇਸ ਲਈ ਕਹਿ ਰਹੇ ਨੇ:

**ਬਿਨੁ ਕੰਠੈ ਕੈਸੇ ਗਾਵਨਹਾਰੀ॥**

ਭਾਵੇਂ ਕੋਈ ਗਾਇਕੀ ਵਿਚ ਕਿੰਨਾ ਵੀ ਮਾਹਿਰ ਕਿਉਂ ਨਾ ਹੋਵੇ, ਕੰਠ ਤੋਂ ਬਿਨਾਂ ਕੀ ਗਾਣਾ। ਰਾਗ ਨੂੰ ਕੰਠ ਚਾਹੀਦਾ ਹੈ, ਕੰਠ ਨੂੰ ਰਾਗ ਚਾਹੀਦਾ ਹੈ। ਤਾਲ ਨੂੰ ਨ੍ਰਿਤ ਚਾਹੀਦਾ ਹੈ, ਨ੍ਰਿਤ ਨੂੰ ਤਾਲ ਚਾਹੀਦਾ ਹੈ। "ਦੁਹੁ ਮਿਲਿ ਕਾਰਜੁ ਊਪਜੈ" ਤਾਂ ਜਾ ਕੇ ਖੇਡ ਬਣਦੀ ਹੈ।

**ਜੀਲ ਬਿਨਾ ਕੈਸੇ ਬਜੈ ਰਬਾਬ॥**

ਰਬਾਬ ਈਰਾਨੀ ਸੂਫ਼ੀ ਫ਼ਕੀਰਾਂ ਦਾ ਸਾਜ਼ ਹੈ; ਉਂਜ ਕਰੀਬਨ ਕਰੀਬਨ ਜਿਤਨੇ ਪ੍ਰਾਚੀਨ ਸਾਜ਼ ਨੇ, ਇਹ ਸੰਤਾਂ, ਅਵਤਾਰਾਂ, ਮਹਾਂਪੁਰਸ਼ਾਂ ਦੀ ਦੇਣ ਨੇ। ਵੀਣਾ ਦੀ ਜਨਮ ਦਾਤੀ ਸਾਰੁਸਤੀ ਹੈ; ਇਕਤਾਰੇ ਦੇ ਜਨਮ ਦਾਤੇ ਨਾਰਦ ਨੇ; ਸਾਰੰਦੇ ਦੇ ਜਨਮ ਦਾਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ। ਰਬਾਬ ਦੇ ਜਨਮ ਦਾਤੇ ਸੂਫ਼ੀ ਸੰਤ ਨੇ। ਢੋਲਕ ਮਿਰਦੰਗ ਭਗਤਾਂ ਦੀ ਦੇਣ ਨੇ।

ਪ੍ਰਾਚੀਨ ਜਿਤਨੇ ਸਾਜ਼ ਨੇ, ਸਾਡੇ ਦੇਸ਼ ਦੇ ਇਹ ਭਗਤਾਂ ਨੇ ਪ੍ਰਗਟ ਕੀਤੇ ਨੇ, ਭਗਤਾਂ ਦੇ ਬਣਾਏ ਨੇ। ਉਹਨਾਂ ਨੇ ਜੋ ਅੰਦਰ ਸਾਜ਼ਾਂ ਦੀ ਆਵਾਜ਼ ਸੁਣੀ, ਉਹਨੂੰ ਸਾਜ਼ ਬਣਾ ਕੇ ਬਾਹਰ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ:

**ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥**

*(ਜਪੁ ਜੀ)*

ਪਰਮਾਤਮਾ ਦੀ ਜਿਹੜੀ ਆਵਾਜ਼ ਹੈ, ਅਨਾਹਦ ਨਾਦ:

**ਠਾਕੁਰੁ ਹਮਰਾ ਸਦ ਬੋਲੰਤਾ॥** *(ਮਹਲਾ ੫, ਪੰਨਾ 1160)*

ਮਹਾਰਾਜ ਦੀ ਬਾਣੀ ਕਹਿ ਰਹੀ ਏ, ਉਹ ਮੇਰਾ ਠਾਕੁਰ ਹਰ ਵੇਲੇ ਬੋਲਦਾ ਏ। ਉਹਦਾ ਬੋਲ ਅਨਾਹਦ ਨਾਦ ਹੈ। ਅਨਾਹਦ ਨਾਦ ਵਿਚ; ਇਕ ਤੇ ਆਹਤ ਚੋਟ ਨਾਲ ਜੋ ਆਵਾਜ਼ ਪੈਦਾ ਹੁੰਦੀ ਏ, ਦੋ ਚੀਜ਼ਾਂ ਦੇ ਟਕਰਾਓ ਤੋਂ ਪੈਦਾ ਹੁੰਦੀ

ਏ, ਉਹਨੂੰ ਸ਼ਬਦ ਕਹਿੰਦੇ ਨੇ। ਅਰ ਜੋ ਅਨਾਹਦ ਹੈ, ਜੋ ਦੋ ਚੀਜ਼ਾਂ ਦੇ ਟਕਰਾਓ ਤੋਂ ਨਹੀਂ ਪੈਦਾ ਹੁੰਦੀ, ਸਿੱਧੀ ਪ੍ਰਕਾਸ਼ ਤੋਂ ਆਈ ਏ, ਪਰਮਾਤਮਾ ਤੋਂ ਆਈ ਏ, ਉਹਨੂੰ ਅਨਾਹਦ ਨਾਦ ਕਹਿੰਦੇ ਨੇ। ਗੁਰੂ ਘਰ ਵਿਚ ਜੋ ਪ੍ਰਕਾਸ਼ ਹੈ, ਉਹ ਪਰਮਾਤਮਾ ਹੈ। ਜੋ ਨਾਦ ਹੈ, ਉਹ ਗੁਰੂ ਹੈ। ਚੂੰਕਿ ਪ੍ਰਕਾਸ਼ 'ਚੋਂ ਨਾਦ ਨਿਕਲੇ ਨੇ, ਨਾਦ ਪ੍ਰਕਾਸ਼ ਦੇ ਨਾਲ ਜੁੜਿਆ; ਇਸ ਵਾਸਤੇ ਗੁਰਬਾਣੀ ਕਹਿੰਦੀ ਏ, ਪਰਮਾਤਮਾ ਗੁਰੂ ਹੈ, ਗੁਰੂ ਪਰਮਾਤਮਾ ਹੈ:

**ਨਾਨਕ ਸੋਧੇ ਸਿੰਮ੍ਰਿਤਿ ਬੇਦ॥**
**ਪਾਰਬ੍ਰਹਮ ਗੁਰ ਨਾਹੀ ਭੇਦ॥** *(ਭੈਰਉ ਮਹਲਾ ੫, ਪੰਨਾ 1142)*

ਪਾਰਬ੍ਰਹਮ ਅਤੇ ਗੁਰੂ ਵਿਚ ਭੇਦ ਨਹੀਂ। ਜੋ ਪ੍ਰਕਾਸ਼ ਵਿਚ ਪਰਮਾਤਮਾ ਹੈ ਉਹੀ ਨਾਦ ਵਿਚ ਗੁਰੂ ਹੈ; ਅਰ ਜੋ ਨਾਦ ਵਿਚ ਗੁਰੂ ਹੈ ਉਹੀ ਪ੍ਰਕਾਸ਼ ਵਿਚ ਪਰਮਾਤਮਾ ਹੈ। ਫ਼ਰਕ ਸਿਰਫ਼ ਇਤਨਾ ਹੈ ਕਿ ਇਹ ਜੋ ਦੋ ਨਾਮ ਨੇ, ਉਹ ਇਸ ਫ਼ਰਕ ਦੇ ਨਾਲ ਨੇ—ਪ੍ਰਕਾਸ਼ ਦੇ ਰੂਪ ਵਿਚ ਪਰਮਾਤਮਾ ਘਰ ਹੈ—ਨਾਦ ਦੇ ਰੂਪ ਵਿਚ ਗੁਰੂ ਦਰ ਹੈ। ਔਰ ਦਰ ਘਰ ਨਾਲ ਜੁੜਿਆ ਹੋਇਆ ਹੈ:

**ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ॥**
**ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥**

*(ਜਪੁ ਜੀ)*

ਘਰ ਤੇ ਪ੍ਰਕਾਸ਼ ਹੈ, ਦਰ ਨਾਦ ਹੈ। ਦਰ ਸ਼ਬਦ ਹੈ। ਸੁਰਤ ਸ਼ਬਦ ਨਾਲ ਜੁੜ ਗਈ, ਦਰ ਤਕ ਪਹੁੰਚ ਗਏ, ਦਰ ਖੁੱਲ੍ਹ ਗਿਆ। ਮਨੁੱਖ ਘਰ ਵਿਚ ਪ੍ਰਵੇਸ਼ ਕਰ ਜਾਏਗਾ। ਚਾਨਣਾ ਹੋ ਜਾਏਗਾ। ਸੁਰਤ ਸ਼ਬਦ ਨਾਲ ਜੁੜੀ—ਸ਼ਬਦ ਨੇ ਚਾਨਣਾ ਕੀਤਾ, ਪ੍ਰਕਾਸ਼ ਕਰ ਦੇਣਾ। ਇਸ ਵਾਸਤੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿਅਕਤੀ ਨੂੰ, ਕਾਇਆਂ ਨੂੰ ਗੁਰੂ ਨਹੀਂ ਮੰਨਦੇ। ਇਹ ਤੇ ਕਾਇਆਂ ਮਿੱਟੀ ਦੀ ਢੇਰੀ ਹੈ। ਅੱਜ ਹੈ ਕੱਲ ਨਹੀਂ। ਫਿਰ ਗੁਰੂ ਅੱਜ ਹੈ ਕੱਲ ਨਹੀਂ। ਕਾਇਆਂ ਦਾ ਤਾਂ ਅੰਤ ਹੋ ਜਾਂਦਾ, ਮ੍ਰਿਤੂ ਹੋ ਜਾਂਦੀ ਏ। ਤੋ ਫਿਰ ਕਹਿਣਾ ਪਏਗਾ ਗੁਰੂ ਮਰ ਗਿਆ। ਗੁਰੂ ਦੀ ਮ੍ਰਿਤੂ ਹੋ ਗਈ ਏ। ਨਹੀਂ—ਵਿਆਪਕ ਹੈ ਪਰਮਾਤਮਾ—ਵਿਆਪਕ ਹੈ ਗੁਰੂ:

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥**

*(ਆਸਾ ਘਰੁ ੭, ਮਹਲਾ ੫, ਪੰਨਾ 394)*

ਪਰਮਾਤਮਾ:

**ਸਦਾ ਅੰਗ ਸੰਗੇ ਅਭੰਗੰ ਬਿਭੂਤੇ॥** *(ਜਾਪੁ ਸਾਹਿਬ)*

ਜੋ ਸਦਾ ਸੰਗ ਨਹੀਂ, ਪਰਮਾਤਮਾ ਨਹੀਂ। ਜੋ ਸਦਾ ਸੰਗ ਨਹੀਂ, ਉਹ ਗੁਰੂ ਵੀ ਨਹੀਂ ਏ:

**ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥**

*(ਸੂਹੀ ਮਹਲਾ 4, ਪੰਨਾ 733)*

ਕਿਸੇ ਜਗ੍ਹਾ ਵੀ ਸ਼ਬਦ ਦੀ ਧੁਨ ਅਲਾਪੋ ਅਰ ਪੁਕਾਰੋ, ਪਰਮਾਤਮਾ ਮੌਜੂਦ ਏ, ਹਰ ਜਗ੍ਹਾ ਮੌਜੂਦ ਹੈ। ਜੋ ਪ੍ਰਕਾਸ਼ ਦੇ ਰੂਪ ਵਿਚ ਪਰਮਾਤਮਾ ਹੈ, ਉਹੀ ਸ਼ਬਦ ਦੇ ਰੂਪ ਵਿਚ ਗੁਰੂ ਹੈ। ਔਰ ਜੋ ਸ਼ਬਦ ਦੇ ਰੂਪ ਵਿਚ ਗੁਰੂ ਹੈ, ਉਹੀ ਪ੍ਰਕਾਸ਼ ਦੇ ਰੂਪ ਵਿਚ ਪਰਮਾਤਮਾ ਹੈ। ਪਰਮਾਤਮਾ ਤੋਂ ਜੋ ਆਵਾਜ਼ ਪ੍ਰਗਟ ਹੋਈ, ਉਹ ਗੀਤ ਮਈ ਏ, ਸੰਗੀਤ ਮਈ ਏ। ਅਨੰਤ ਸਾਜ਼ਾਂ ਦੀ ਧੁਨ ਉਸ ਦੇ ਵਿਚ ਹੈ:

**ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ॥**
**ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ॥**

*(ਜਪੁ ਜੀ)*

ਸ਼ਾਸਤਰੀ ਸੰਗੀਤ ਦੇ ਜਨਮ ਦਾਤੇ ਵੀ ਸੰਤ ਲੋਕ ਨੇ। ਪ੍ਰਾਚੀਨ ਸਾਜ਼ਾਂ ਦੇ ਜਨਮ ਦਾਤੇ ਵੀ ਅਵਤਾਰ ਨੇ, ਸੰਤ ਨੇ। ਉਹਨਾਂ ਨੇ ਜੋ ਨਾਦ ਸੁਣਿਆ, ਆਵਾਜ਼ ਸੁਣੀ, ਗੀਤ ਮਈ, ਸੰਗੀਤ ਮਈ, ਉਹਨੂੰ ਬਾਹਰ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ। ਭਗਤ ਨਾਮਦੇਵ ਕਹਿ ਰਹੇ ਨੇ:

**ਅਣਮੜਿਆ ਮੰਦਲੁ ਬਾਜੈ॥ ਬਿਨੁ ਸਾਵਣ ਘਨਹਰੁ ਗਾਜੈ॥**
**ਬਾਦਲ ਬਿਨੁ ਬਰਖਾ ਹੋਈ॥ ਜਉ ਤਤੁ ਬਿਚਾਰੈ ਕੋਈ॥**

*(ਪੰਨਾ 657)*

ਚਮੜੇ ਦਾ ਮੜਿਆ ਹੋਇਆ ਤੇ ਨਹੀਂ ਏ, ਪਰ ਨਾਮਦੇਵ ਕਹਿੰਦੇ, ਮੇਰੇ ਅੰਦਰ ਢੋਲ ਵੱਜਦੇ ਪਏ ਨੇ। 'ਮੰਦਲੁ' ਢੋਲ ਨੂੰ ਕਹਿੰਦੇ ਨੇ:

**ਅਣਮੜਿਆ ਮੰਦਲੁ ਬਾਜੈ॥**

ਮੜਿਆ ਹੋਇਆ ਤੇ ਨਹੀਂ ਏ ਚਮੜੇ ਦਾ ਪਰ ਢੋਲ ਮੇਰੇ ਅੰਦਰ ਵੱਜਦੇ ਨੇ। ਮ੍ਰਿਦੰਗ ਹੈ, ਢੋਲ ਹੈ, ਬਾਅਦ ਵਿਚ ਇਹ ਤਬਲਾ ਹੈ। ਜਿਤਨੇ ਇਹ ਚਮੜੇ ਦੇ ਸਾਜ਼ ਨੇ, ਭਗਤਾਂ ਦੀ ਦੇਣ ਨੇ। ਇਹ ਵੀ ਮੈਂ ਅਰਜ਼ ਕਰ ਦਿਆਂ, ਮੁਰਲੀ ਸ਼੍ਰੀ ਕ੍ਰਿਸ਼ਨ ਜੀ ਦੀ ਦੇਣ ਹੈ; ਇਕਤਾਰਾ ਨਾਰਦ ਨੇ ਬਣਾਇਆ; ਵੀਣਾ ਨੂੰ ਸਾਰੁਸਤੀ ਨੇ ਬਣਾਇਆ। ਸਾਰੰਦੇ ਦੇ ਜਨਮ ਦਾਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ। ਰਬਾਬ ਸੂਫ਼ੀ ਫ਼ਕੀਰਾਂ ਦੀ ਦੇਣ ਹੈ:

**ਜੀਲ ਬਿਨਾ ਕੈਸੇ ਬਜੈ ਰਬਾਬ॥**

ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ, ਰਬਾਬ ਕਿਤਨੀ ਵਧੀਆ ਕਿਉਂ ਨਾ ਹੋਵੇ, ਤੰਤੀ ਸਾਜ਼ਾਂ ਵਿੱਚੋਂ ਰਬਾਬ ਵਜਾਉਣਾ ਬੜਾ ਔਖਾ ਹੈ। ਇਹ ਵੀ ਮੈਂ ਅਰਜ਼ ਕਰਾਂ, ਇਸ ਕਰਕੇ ਸਮੁੱਚੇ ਭਾਰਤ ਵਿਚ ਕੋਈ ਦੋ-ਚਾਰ ਵਾਜੰਤ੍ਰੀ ਨੇ, ਜ਼ਿਆਦਾ ਨਹੀਂ ਨੇ। ਇਹ ਵੀ ਮੈਂ ਅਰਜ਼ ਕਰ ਦਿਆਂ। ਹਾਂ, ਅਫ਼ਗਾਨਿਸਤਾਨ, ਇਰਾਨ ਵਿਚ ਹੈਗੇ ਨੇ। ਇਹ ਇਕ ਐਸਾ ਸਾਜ਼ ਹੈ ਜੀਹਦੇ ਵਿਚ ਸੁਰ ਵੀ ਹੈ ਤੇ ਤਾਲ ਵੀ ਹੈ। ਲੰਬੀ ਯਾਤਰਾ ਕਰਨੀ ਸੀ ਤੇ ਦੋ ਸਾਜ਼ਾਂ ਨੂੰ ਨਾਲ ਲੈ ਕੇ ਲੰਬੀ ਯਾਤਰਾ ਕਰਨੀ, ਇਹ ਧੰਨ ਗੁਰੂ ਨਾਨਕ ਦੇਵ ਜੀ ਲਈ ਔਖੀ ਸੀ। ਰਬਾਬ ਇਕ ਛੋਟਾ ਜਿਹਾ ਸਾਜ਼, ਜੀਹਦੇ ਵਿਚ ਸੁਰ ਵੀ ਹੈ, ਤਾਲ ਵੀ ਹੈ, ਇਹ ਸਤਿਗੁਰੂ ਨੂੰ ਪਿਆਰਾ ਲੱਗਿਆ। ਸਿਰਫ਼ ਰਬਾਬ ਦੀ ਧੁਨ ਵੱਜ ਰਹੀ ਹੁੰਦੀ ਏ, ਅਫ਼ਗਾਨੀ ਲੋਕ ਨੱਚ ਰਹੇ ਹੁੰਦੇ ਨੇ। ਕੋਈ ਢੋਲਕ ਨਹੀਂ ਵੱਜ ਰਿਹਾ ਹੁੰਦਾ, ਕੋਈ ਤਬਲਾ ਨਹੀਂ—ਸਿਰਫ਼ ਰਬਾਬ। ਉਹਦੇ ਵਿਚ ਸੁਰ ਵੀ ਹੈ, ਤਾਲ ਵੀ ਹੈ। ਉਹ ਗਾਈ ਜਾਂਦੇ ਨੇ, ਨੱਚੀ ਜਾਂਦੇ ਨੇ।

ਪਰ ਰਬਾਬ ਵਜਾਣ ਵਾਸਤੇ ਹੱਥ ਵਿਚ ਇਕ ਜ਼ੀਲ, ਲੋਹੇ ਦਾ ਟੁਕੜਾ ਚਾਹੀਦਾ ਹੈ, ਉਹਦੇ ਨਾਲ ਵਜਾਂਦੇ ਨੇ। ਅਗਰ ਉਹ ਨਹੀਂ ਏ, ਉਹ ਨਿੱਕਾ ਜਿਹਾ ਟੁੱਕੜਾ ਨਹੀਂ ਏ, ਰਬਾਬ ਨਹੀਂ ਵੱਜੇਗੀ। ਨਹੀਂ ਵੱਜੇਗੀ :

**ਜੀਲ ਬਿਨਾ ਕੈਸੇ ਬਜੈ ਰਬਾਬ ॥**

ਹੁਣ ਜ਼ੀਲ ਤੇ ਹੋਵੇ, ਰਬਾਬ ਨਾ ਹੋਵੇ, ਤਾਂ ਵੀ ਸੰਗੀਤ ਨਹੀਂ ਨਿਕਲਣਾ। ਰਬਾਬ ਹੈ ਤੇ ਜ਼ੀਲ ਨਹੀਂ ਏ ਤਾਂ ਵੀ ਰਾਗ ਦਾ ਜਨਮ ਨਹੀਂ ਹੋਵੇਗਾ। ਸੰਗੀਤ ਦਾ ਜਨਮ ਨਹੀਂ ਹੋਵੇਗਾ। ਇਹ ਤਾਂ :

**ਦੁਹੁ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗੁ ॥**

ਇਸ ਨੂੰ ਇਸ ਢੰਗ ਨਾਲ ਬਿਆਨ ਕੀਤਾ ਭਗਤ ਕਬੀਰ ਨੇ; ਉਹ ਵੀ ਮੈਂ ਤੁਹਾਡੇ ਸਾਹਮਣੇ ਰੱਖਾਂ :

**ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ ॥** *(ਗੋਂਡ ਕਬੀਰ ਜੀ, ਪੰਨਾ 872)*

ਮਨੁੱਖ ਕੋਲ ਬੜੀ ਵਧੀਆ ਜ਼ਮੀਨ ਹੈ; ਧਰਤੀ ਬਹੁਤ ਵਧੀਆ ਹੈ। ਬੀਜ ਨਹੀਂ ਹੈ, ਹਲ ਨਹੀਂ ਹੈ ਤੇ ਬੀਜ ਨੂੰ ਕਿਥੇ ਬੋਵੇਗਾ ? ਧਰਤੀ 'ਤੇ ਹੈ ਕੋਈ ਨਹੀਂ। ਇਹ ਤੇ ਸਿਰਫ਼ ਕਹਾਵਤਾਂ ਹੀ ਹੁੰਦੀਆਂ ਨੇ ਭਈ ਉਹਨੇ ਤੇ ਹਥੇਲੀ 'ਤੇ ਸਰਸੋਂ ਉਗਾ ਦਿੱਤੀ। ਹਥੇਲੀ 'ਤੇ ਸਰਸੋਂ ਨਹੀਂ ਉੱਗਦੀ, ਜ਼ਮੀਨ 'ਚ ਉੱਗਦੀ ਹੈ।

ਕੋਈ ਕੰਮ ਛੇਤੀ ਹੋ ਗਿਆ, ਜਲਦੀ ਹੋ ਗਿਆ; ਭਈ ਉਹਨੇ ਤੇ ਹਥੇਲੀ 'ਤੇ ਸਰਸੋਂ ਪੈਦਾ ਕਰ ਦਿੱਤੀ। ਕੋਈ ਵੀ ਬੀਜ ਉੱਗਦਾ—ਧਰਤੀ 'ਚ ਉੱਗਦਾ

ਹੈ। ਧਰਤੀ ਬੜੀ ਵਧੀਆ—ਬੀਜ ਕੋਈ ਨਹੀਂ ਏ। ਬੀਜ ਨਹੀਂ ਏ। ਬੀਜ ਕੋਲ ਹੈ ਪਰ ਧਰਤੀ ਨਹੀਂ ਏ। ਕਿਥੇ ਬੀਜੋਗੇ ? ਬੀਜ ਨੂੰ ਧਰਤੀ ਚਾਹੀਦੀ ਏ, ਧਰਤੀ ਨੂੰ ਬੀਜ ਚਾਹੀਦਾ ਤਾਂ ਹੀ ਬੀਜ ਪ੍ਰਫੁੱਲਤ ਹੁੰਦਾ ਹੈ—ਧਰਤੀ ਵੀ ਪ੍ਰਫੁੱਲਤ ਹੁੰਦੀ ਹੈ। ਬੀਜ ਤੇ ਧਰਤੀ ਦਾ ਸੰਜੋਗ—ਧਰਤੀ ਨੂੰ ਹਰਾ ਭਰਾ ਕਰਦਾ ਹੈ, ਬੀਜ ਨੂੰ ਪ੍ਰਫੁੱਲਤ ਕਰਦਾ। ਬੀਜ ਇਕੱਲਾ ਪ੍ਰਫੁੱਲਤ ਨਹੀਂ ਹੋ ਸਕਦਾ। ਧਰਤੀ ਇਕੱਲੀ ਹਰੀ ਭਰੀ ਨਹੀਂ ਹੋ ਸਕਦੀ। ਇਹ ਤਾਂ :

**ਦੁਹ ਮਿਲਿ ਕਾਰਜੁ ਊਪਜੈ ਰਾਮ ਨਾਮ ਸੰਜੋਗ ॥**

ਅਗਾਂਹ ਚੱਲ ਕੇ ਭਗਤ ਕਬੀਰ ਜੀ ਕਹਿੰਦੇ ਨੇ :

**ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥**

*(ਗੋਂਡ ਕਬੀਰ ਜੀ, ਪੰਨਾ 872)*

ਕੋਈ ਇਸਤਰੀ ਮਾਂ ਬਣਨਾ ਚਾਹੁੰਦੀ ਏ ਭਈ ਮੈਂ ਮਾਂ ਹੋਵਾਂ ਔਰ ਮਨੋਚਿੰਤਕ ਕਹਿੰਦੇ ਨੇ, ਮਾਂ ਹੋਏ ਬਿਨਾਂ ਕਿਸੇ ਇਸਤਰੀ ਦੀ ਤ੍ਰਿਪਤੀ ਵੀ ਨਹੀਂ। ਇਕ ਕਮੀ ਰਹਿ ਜਾਂਦੀ ਏ। ਪਰ ਪੁਰਸ਼ ਤੋਂ ਬਿਨਾਂ ਮਾਂ ਕਿਵੇਂ ਬਣੇ ? ਕਿਸ ਤਰ੍ਹਾਂ ਬਣੇ ? ਪਰ ਕੋਈ ਪੁਰਸ਼ ਪਿਤਾ ਬਣਨਾ ਚਾਹੁੰਦਾ, ਮੈਂ ਪਿਉ ਬਣਾਂ, ਅੰਦਰ ਉਸ ਦੇ ਵੀ ਮਮਤਾ ਏ। ਪਰ ਇਸਤਰੀ ਤੋਂ ਬਿਨਾਂ ਕਿਵੇਂ ਪਿਤਾ ਬਣੇਗਾ ? ਕਿਵੇਂ ਬਣੇਗਾ ? ਈਸ਼ਵਰ ਨੇ ਨਿਯਮ ਬਣਾ ਦਿੱਤਾ ਏ, ਇਕੱਲੀ ਕੋਈ ਵੀ ਚੀਜ਼, ਕੋਈ ਵੀ ਵਸਤੂ, ਕੋਈ ਵੀ ਹਸਤੀ, ਕਿਤਨੀ ਸਮਰੱਥ ਕਿਉਂ ਨਾ ਹੋਵੇ, ਉਹਨੂੰ ਆਪਣੀ ਕਲਾ ਪ੍ਰਗਟ ਕਰਨ ਵਾਸਤੇ ਦੂਸਰੇ ਦਾ ਸਹਾਰਾ ਚਾਹੀਦਾ ਹੈ :

**ਬਿੰਬ ਬਿਨਾ ਕੈਸੇ ਕਪਰੇ ਧੋਈ ॥** *(ਗੋਂਡ ਕਬੀਰ ਜੀ, ਪੰਨਾ 872)*

ਕਬੀਰ ਹੋਰ ਉਦਾਹਰਣਾਂ ਦਿੰਦੇ ਨੇ, ਇਕ ਬੰਦੇ ਕੋਲ ਵਧੀਆ ਤੋਂ ਵਧੀਆ ਸਾਬਣ ਹੋਵੇ, ਕੱਪੜੇ ਦੀ ਮੈਲ ਕੱਢਣ ਦਾ ਵਾਸ਼ਿੰਗ ਪਾਊਡਰ ਹੋਵੇ, ਵਧੀਆ ਸਾਬਣ ਹੋਵੇ ਪਰ ਪਾਣੀ ਕੋਈ ਨਹੀਂ। ਪਾਣੀ ਤੋਂ ਬਿਨਾਂ ਇਹ ਸਾਬਣ ਕੱਪੜੇ ਦੀ ਮੈਲ ਕਿਸ ਤਰ੍ਹਾਂ ਕੱਢੇਗਾ। 'ਬਿੰਬ' ਪਾਣੀ ਨੂੰ ਕਹਿੰਦੇ ਨੇ। ਪਾਣੀ ਤੇ ਹੈ ਪਰ ਸਾਬਣ ਕੋਈ ਨਹੀਂ। ਵਾਸ਼ਿੰਗ ਪਾਊਡਰ ਕੋਈ ਨਹੀਂ। ਇਕੱਲਾ ਪਾਣੀ ਵੀ ਕੱਪੜੇ ਦੀ ਮੈਲ ਨਹੀਂ ਕੱਢ ਸਕੇਗਾ। ਇਕੱਲਾ ਸਾਬਣ ਵੀ ਕੱਪੜੇ ਦੀ ਮੈਲ ਨਹੀਂ ਕੱਢ ਸਕਦਾ। ਸਾਬਣ ਨੂੰ ਪਾਣੀ ਚਾਹੀਦਾ, ਪਾਣੀ ਨੂੰ ਸਾਬਣ ਚਾਹੀਦਾ। ਦੋਹਾਂ ਦੇ ਮਿਲਾਪ ਨਾਲ ਕਾਰਜ ਦੀ ਸਿਧੀ ਹੁੰਦੀ ਹੈ। ਉਂਜ ਨਹੀਂ। ਵੇਖੋ ਸਾਜ਼ ਪਏ ਹੋਵਣ ਪਰ ਕੋਈ ਸਾਜ਼ਿੰਦਾ ਈ ਨਹੀਂ ਏ। ਵਜਾਣ ਵਾਲਾ ਹੀ ਨਹੀਂ ਏ,

ਤੇ ਤਬਲਾ ਆਪੇ ਥੋੜ੍ਹੀ ਵੱਜੇਗਾ, ਹਾਰਮੋਨੀਅਮ ਵਿੱਚੋਂ ਆਪੇ ਥੋੜ੍ਹੀ ਧੁਨ ਨਿਕਲੇਗੀ। ਕੋਈ ਵਾਜੰਤ੍ਰੀ ਤੇ ਚਾਹੀਦਾ ਏ। ਅਰ ਸਾਜ਼ਿੰਦੇ 'ਤੇ ਬੈਠੇ ਨੇ ਸਾਜ਼ ਈ ਕੋਈ ਨਹੀਂ। ਵਾਜਾ ਈ ਕੋਈ ਨਹੀਂ। ਤਬਲਾ ਈ ਕੋਈ ਨਹੀਂ। ਫਿਰ ਸਾਜ਼ਾਂ ਦੀ ਧੁਨ ਕੋਈ ਕਿਥੋਂ ਕੱਢੇਗਾ ?

ਉਹਦੇ ਨਿਜ਼ਾਮ 'ਤੇ ਤੁਸੀਂ ਦ੍ਰਿਸ਼ਟੀ ਮਾਰੋ, ਇਕ ਵਸਤੂ ਦੂਸਰੇ ਦੀ ਸਹਾਇਤਾ ਨਾਲ ਚੱਲ ਰਹੀ ਏ ਸੂਖਮ ਦੁਨੀਆ 'ਚ ਵੀ—ਅਸਥੂਲ ਦੁਨੀਆ ਵਿਚ ਵੀ। ਇਹਨੂੰ ਬੜੇ ਮਹਾਨ ਰੂਪ ਵਿਚ ਖੋਲ੍ਹਿਆ ਭਾਈ ਸਾਹਿਬ ਗੁਰਦਾਸ ਜੀ ਨੇ। ਗੁਰੂ ਘਰ ਦੇ ਉਹ ਮਹਾਨ ਦਾਰਸ਼ਨਿਕ, ਚਿੰਤਕ ਸੰਤ ਨੇ, ਸ਼ਾਇਰ ਨੇ, ਕਵੀ ਨੇ। ਬੜੇ ਬਾ-ਕਮਾਲ ਉਦਾਹਰਣ ਉਹਨਾਂ ਨੇ ਦਿੱਤੇ ਨੇ :

**ਜੈਸੇ ਬਿਨੁ ਪਵਨ ਕਵਨ ਗੁਨ ਚੰਦਨ ਸੈ,**
**ਬਿਨੁ ਮਲਿਆਗਰ ਪਵਨ ਕਤ ਬਾਸਿ ਹੈ॥**

ਕਹਿੰਦੇ ਨੇ, ਚੰਦਨ ਵਿਚ ਖ਼ੁਸ਼ਬੂ ਤੇ ਬੜੀ ਏ। ਚੰਦਨ ਦੀ ਮਹਿਮਾ ਉਸਦੀ ਮਹਿਕ ਕਰਕੇ ਹੈ। ਚੰਦਨ ਦੀ ਮਹਿਮਾ ਉਸ ਦੀ ਸੁਗੰਧੀ ਕਰਕੇ ਹੈ। ਪਰ ਭਾਈ ਸਾਹਿਬ ਕਹਿੰਦੇ ਨੇ, ਹਵਾ ਈ ਨਾ ਚੱਲੇ ਤੇ ਚੰਦਨ ਦੀ ਮਹਿਕ ਚੰਦਨ ਦੇ ਵਿਚ ਹੀ ਰਹਿ ਜਾਵੇਗੀ। ਦੂਰ-ਦੁਰਾਡੇ ਨਹੀਂ ਫੈਲੇਗੀ। ਸਾਰੀ ਬਨਸਪਤੀ ਮੁਅੱਤਰ ਨਹੀਂ ਹੋ ਸਕੇਗੀ। ਚੰਦਨ ਦੀ ਖ਼ੂਬੀ ਪ੍ਰਗਟ ਨਹੀਂ ਹੋ ਸਕਦੀ। ਮਹਾਰਾਜ ਦੇ ਰੁਮਾਲਿਆਂ ਨੂੰ ਵਧੀਆ ਤੋਂ ਵਧੀਆ ਸੈਂਟ ਲਾਓ ਤੁਸੀਂ, ਹਵਾ ਈ ਨਹੀਂ ਹੈ। ਕਿਸੇ ਨੂੰ ਸੁਗੰਧ ਨਹੀਂ ਆਉਣੀ। ਤੁਸੀਂ ਆਪਣੇ ਕੱਪੜਿਆਂ ਨੂੰ ਸੈਂਟ ਲਾਓ, ਹਵਾ ਈ ਨਹੀਂ ਏ। ਨਾ ਤੁਹਾਨੂੰ ਮਹਿਕ ਆਉਣੀ ਏ, ਨਾ ਦੂਸਰੇ ਨੂੰ। ਚੰਦਨ ਨੂੰ ਆਪਣੀ ਮਹਿਕ ਖਿਲੇਰਨ ਵਾਸਤੇ, ਵੰਡਣ ਵਾਸਤੇ, ਦੂਰ-ਦੁਰੇਡੇ ਬਨਸਪਤੀ ਨੂੰ ਮੁਅੱਤਰ ਕਰਨ ਵਾਸਤੇ ਪਵਨ ਦੀ ਲੋੜ ਹੈ :

**ਜੈਸੇ ਬਿਨੁ ਪਵਨ ਕਵਨ ਗੁਨ ਚੰਦਨ ਸੈ..... ॥**

ਪਵਨ ਤੋਂ ਬਿਨਾਂ ਚੰਦਨ ਦਾ ਕੀ ਗੁਣ ਏ, ਕੁਝ ਵੀ ਨਹੀਂ। ਪਤਾ ਹੀ ਨਹੀਂ ਚੱਲੇਗਾ ਕਿ ਆਮ ਦਰੱਖ਼ਤ ਹੈ ਕਿ ਚੰਦਨ ਹੈ, ਕਿਉਂਕਿ ਖ਼ੁਸ਼ਬੂ ਤੇ ਆ ਹੀ ਨਹੀਂ ਰਹੀ। ਅਰਬੀ ਵਿਚ ਚੰਦਨ ਨੂੰ ਊਦ ਕਹਿੰਦੇ ਨੇ। ਸਾਅਦੀ ਬੜਾ ਸੁੰਦਰ ਉਦਾਹਰਣ ਦਿੰਦੇ ਨੇ :

ਇਨਸਾਨ ਰਾ ਇਨਸਾਨੀਅਤ ਲਾਜ਼ਮ ਅਸਤ।
ਊਦ ਗਰ ਨ ਬੂਦ ਬਾਸ਼ਦ ਹੈਜ਼ਮ ਅਸਤ।

ਅਗਰ ਚੰਦਨ ਵਿਚ ਮਹਿਕ ਹੀ ਨਹੀਂ ਤੇ ਫਿਰ ਚੰਦਨ ਨੂੰ ਚੰਦਨ ਕਹਿਣ ਦੀ ਲੋੜ ਹੀ ਨਹੀਂ, ਲੱਕੜ ਏ। ਆਮ ਲੱਕੜ ਏ:

ਊਦ ਗਰ ਨ ਬੂਦ ਬਾਸ਼ਦ ਹੈਜ਼ਮ ਅਸਤ।

ਭਾਈ ਸਾਹਿਬ ਕਹਿੰਦੇ ਨੇ, ਅਗਰ ਹਵਾ ਨਹੀਂ ਚੱਲਦੀ, ਚੰਦਨ ਦੀ ਮਹਿਕ ਚੰਦਨ ਦੇ ਵਿਚ ਰਹਿ ਜਾਵੇਗੀ। ਚੰਦਨ ਨੂੰ ਪਵਨ ਦੇ ਸਹਾਰੇ ਦੀ ਲੋੜ ਹੈ, ਆਪਣੀ ਮਹਿਕ ਨੂੰ ਖਿਲੇਰਨ ਵਾਸਤੇ, ਵੰਡਣ ਵਾਸਤੇ। ਪਰ ਜੇ ਚੰਦਨ ਨਹੀਂ ਏ ਤੇ ਹਵਾ ਵੀ ਖ਼ੁਸ਼ਬੂਦਾਰ ਨਹੀਂ ਹੋ ਸਕਦੀ। ਹਵਾ ਵੀ ਮਹਿਕੀ-ਮਹਿਕੀ ਨਹੀਂ ਹੋ ਸਕਦੀ। ਹਵਾ ਵੀ ਕਿਸੇ ਨੂੰ ਮੁਅੱਤਰ ਨਹੀਂ ਕਰ ਸਕਦੀ। ਕਿਉਂਕਿ ਚੰਦਨ ਈ ਨਹੀਂ ਏ, ਅਤਰ ਤੇ ਸੈਂਟ ਈ ਨਹੀਂ ਏ। ਫੁੱਲ ਈ ਨਹੀਂ ਏ। ਚੰਦਨ ਨੂੰ ਆਪਣੀ ਮਹਿਕ ਦੂਰ ਦਰਾਜ ਤਕ ਖਿਲੇਰਨ ਵਾਸਤੇ ਪਵਨ ਚਾਹੀਦੀ ਏ। ਤੇ ਪਵਨ ਨੂੰ ਸੁਗੰਧਿਤ ਹੋਣ ਵਾਸਤੇ ਚੰਦਨ ਚਾਹੀਦਾ ਏ। ਭਾਈ ਸਾਹਿਬ ਨੇ ਉਦਾਹਰਣ ਦਿੱਤਾ। ਇਹਨਾਂ ਦੋਵਾਂ ਨੂੰ ਅੱਡੋ-ਅੱਡਰਾ ਕਰ ਦਿਓ, ਨਿਗੁਣੇ ਹੋ ਜਾਣਗੇ। ਨਾ ਹਵਾ ਮੁਅੱਤਰ ਹੋ ਸਕੇਗੀ, ਨਾ ਚੰਦਨ ਵਿੱਚੋਂ ਮਹਿਕ ਪ੍ਰਗਟ ਹੋ ਸਕੇਗੀ। ਦੂਸਰਾ ਉਦਾਹਰਣ:

**ਜੈਸੇ ਬਿਨੁ ਬੈਦ ਅਵਖਦ ਗੁਨ ਗੋਪਿ ਹੋਤ,**
**ਅਵਖਦ ਬਿਨੁ ਬੈਦ ਰੋਗਹਿ ਨ ਗ੍ਰਾਸ ਹੈ॥**

ਜੜੀ-ਬੂਟੀਆਂ ਵਿਚ ਗੁਣ ਬੜੇ ਨੇ, ਔਸ਼ਧੀਆਂ ਵਿਚ ਬੜੇ ਗੁਣ ਨੇ। ਵੈਦ ਹੀ ਨਾ ਹੋਵੇ, ਤੇ ਜੜੀ ਬੂਟੀਆਂ ਦੇ ਗੁਣ, ਜੜੀ-ਬੂਟੀਆਂ ਵਿਚ ਹੀ ਰਹਿ ਜਾਣਗੇ। ਜੜੀ-ਬੂਟੀਆਂ ਦੇ ਗੁਣ ਬਾਹਰ ਪ੍ਰਗਟ ਨਹੀਂ ਹੋਣਗੇ। ਜੈਸੇ ਕੋਈ ਬਿਮਾਰ ਵੈਦ ਪਾਸ ਚਲਾ ਜਾਏ, ਵੈਦ ਉਹਦੀ ਨਬਜ਼ ਵੇਖੇ। ਉਹਦੀ ਪੂਰੀ ਜਾਂਚ ਪੜਤਾਲ ਕਰੇ। ਉਹਨੂੰ ਰੋਗ ਦੀ ਵੀ ਸਮਝ ਆ ਜਾਏ, ਰੋਗ ਦੇ ਕਾਰਨ ਦੀ ਵੀ ਸਮਝ ਆ ਜਾਏ, ਉਸ ਦੀ ਨਵਿਰਤੀ ਹੋ ਸਕੇ, ਉਸ ਦੇ ਕੋਲ ਜੜੀ-ਬੂਟੀ ਨਹੀਂ, ਦਵਾਈ ਨਹੀਂ; ਤੇ ਵੈਦ ਤੋਂ ਬਿਨਾਂ ਜੜੀ-ਬੂਟੀ ਨਿਗੁਣੀ ਹੋ ਜਾਂਦੀ ਏ। ਜੜੀ-ਬੂਟੀ ਤੋਂ ਬਿਨਾਂ, ਦਵਾਈਆਂ ਤੋਂ ਬਿਨਾਂ, ਹਕੀਮ ਤੇ ਵੈਦ ਬੇ-ਮਾਇਨੇ ਹੋ ਜਾਂਦੇ ਨੇ। ਔਸ਼ਧੀ ਨਹੀਂ ਕੋਲ, ਦਵਾਈ ਨਹੀਂ ਕੋਲ, ਦਵਾਈਆਂ ਦੇ ਗੁਣ ਵੈਦ ਪ੍ਰਗਟ ਕਰਦਾ ਏ, ਹਕੀਮ ਪ੍ਰਗਟ ਕਰਦਾ ਏ। ਤੇ ਹਕੀਮ ਦੀ ਹਿਕਮਤ, ਵੈਦਾਂ ਦੀ ਸਿਆਣਪ ਬੂਟੀਆਂ ਪ੍ਰਗਟ ਕਰਦੀਆਂ ਨੇ, ਦਵਾਈਆਂ ਪ੍ਰਗਟ ਕਰਦੀਆਂ ਨੇ। ਦੋਹਾਂ ਨੂੰ ਅਲੱਗ-ਅਲੱਗ ਕਰ ਦਿਓ, ਦੋਵੇਂ ਨਿਗੁਣੇ ਹੋ ਜਾਂਦੇ ਨੇ। ਤੇ ਦੋਹਾਂ ਦੇ ਗੁਣ ਬਾਹਰ ਪ੍ਰਗਟ ਨਹੀਂ ਹੋਣਗੇ। ਠੀਕ ਏ ਰੋਗ ਨੂੰ ਸਮਝ

ਗਿਆ, ਰੋਗ ਵੇਖ ਲਿਆ ਵੈਦ ਨੇ, ਨਬਜ਼ ਵੇਖ ਕੇ ਪਹਿਚਾਣ ਕਰ ਲਈ ਏ, ਦਵਾਈ ਤੇ ਹੈ ਈ ਨਹੀਂ ਉਸ ਕੋਲ। ਜੜੀ-ਬੂਟੀ ਤੇ ਹੈ ਈ ਨਹੀਂ ਉਹਦੇ ਕੋਲ। ਪਰ ਜੜੀ-ਬੂਟੀਆਂ ਸਾਰੀਆਂ ਮੌਜੂਦ ਨੇ, ਵੈਦ ਈ ਕੋਈ ਨਹੀਂ ਬੈਠਾ। ਦੋਹਾਂ ਦੇ ਸੰਜੋਗ ਦੇ ਨਾਲ ਵੈਦ ਤੇ ਦਵਾਈਆਂ ਗੁਣਵਾਨ ਬਣਦੀਆਂ ਨੇ :

**ਜੈਸੇ ਬਿਨੁ ਬੈਦ ਅਵਖਦ ਗੁਨ ਗੋਪਿ ਹੋਤ,**
**ਅਵਖਦ ਬਿਨੁ ਬੈਦ ਰੋਗਹਿ ਨ ਗ੍ਰਾਸ ਹੈ ॥**

ਤੀਸਰਾ ਉਦਾਹਰਣ ਦਿੱਤਾ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ, ਉਹ ਵੀ ਬੜਾ ਕਮਾਲ ਏ :

**ਜੈਸੇ ਬਿਨੁ ਬੋਹਿਥ ਨ ਪਾਰਿ ਪਰੈ ਖੇਵਟ ਸੈ,**
**ਖੇਵਟ ਬਿਹੂੰਨ ਕਤ ਬੋਹਿਥ ਬਿਸ੍ਵਾਸੁ ਹੈ ॥**

ਮਨੁੱਖ ਨੇ ਦਰਿਆ ਤੋਂ ਪਾਰ ਹੋਣਾ, ਉਥੇ ਬੇੜੀ ਤੇ ਹੈ, ਮਲਾਹ ਕੋਈ ਨਹੀਂ। ਮਲਾਹ ਨਹੀਂ। ਤੇ ਮਲਾਹ ਤੋਂ ਬਿਨਾਂ ਬੇੜੀ ਕਿਵੇਂ ਚੱਲੇਗੀ। ਭਾਈ ਸਾਹਿਬ ਕਹਿੰਦੇ ਨੇ, ਮਲਾਹ ਉਥੇ ਹੋਵੇ ਪਰ ਬੇੜੀ ਨਾ ਹੋਵੇ ਤੇ ਮੁਸਾਫ਼ਰਾਂ ਨੂੰ ਇਕੱਲਾ ਮਲਾਹ ਕਿਸ ਤਰ੍ਹਾਂ ਪਾਰ ਕਰੇਗਾ। ਬੇੜੀ ਦੇ ਗੁਣ ਪ੍ਰਗਟ ਕਰਦਾ ਹੈ ਮਲਾਹ। ਤੇ ਮਲਾਹ ਦੇ ਗੁਣ ਪ੍ਰਗਟ ਕਰਦੀਆਂ ਨੇ ਬੇੜੀਆਂ, ਨੌਕਾ। ਇਹ ਕੁਝ ਹੀ ਥੋੜੇ ਜਿਹੀਆਂ ਨੇ ਉਦਾਹਰਣਾਂ, ਵਰਨਾ ਸੰਸਾਰ 'ਤੇ ਤੁਸੀਂ ਨਿਗਾਹ ਮਾਰੋ, ਇਕ ਵਸਤੂ ਦੂਸਰੇ ਦੇ ਸਹਿਯੋਗ ਨਾਲ ਕੰਮ ਕਰਦੀ ਏ। ਵਰਨਾ ਨਹੀਂ ਕਰ ਸਕਦੀ। ਇਹ ਮਾਈਕ ਭਾਵੇਂ ਕਿਤਨੇ ਵਧੀਆ ਤੇ ਕੀਮਤੀ ਹੋਵਣ, ਪਿੱਛੋਂ ਪਾਵਰ ਨਾ ਆਵੇ, ਕਰੰਟ ਨਾ ਹੋਵੇ, ਦੋ ਕੌਡੀਉਂ ਖੋਟੇ ਨੇ। ਕਿਸੇ ਕੰਮ ਦੇ ਨਹੀਂ। ਤੇ ਪਿੱਛੋਂ ਪਾਵਰ ਆ ਰਿਹਾ ਹੋਵੇ, ਕਰੰਟ ਆ ਰਿਹਾ ਹੋਵੇ, ਮਾਈਕਰੋਫੋਨ ਹੀ ਨਹੀਂ ਤਾਂ ਵੀ ਆਪਣੀ ਆਵਾਜ਼ ਨੂੰ ਦੂਰ ਤਕ ਲੈ ਜਾਣਾ ਬੜਾ ਔਖਾ ਹੋਵੇਗਾ। ਇਸੇ ਤਰੀਕੇ ਨਾਲ ਇਕ ਵਸਤੂ ਪ੍ਰਕ੍ਰਿਤੀ ਵਿਚ ਦੂਜੇ ਦੇ ਸਹਿਯੋਗ ਨਾਲ ਕੰਮ ਕਰਦੀ ਏ।

ਮਨੁੱਖ—ਰੂਇ ਜ਼ਮੀਨ ਵਿਚ ਅਸ਼ਰੁਫੁੱਲ ਮਖ਼ਲੂਕਾਤ ਹੈ। ਭਾਵ ਜਿਤਨੀ ਮਖ਼ਲੂਕ ਪ੍ਰਭੂ ਨੇ ਬਣਾਈ ਏ ਸਾਰਿਆਂ ਵਿਚ ਸਿਰਮੌਰ ਏ। ਗੁਰਬਾਣੀ ਦਾ ਫ਼ੁਰਮਾਨ ਹੈ :

**ਅਵਰ ਜੋਨਿ ਤੇਰੀ ਪਨਿਹਾਰੀ ॥**
**ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥** *(ਆਸਾ ਮਹਲਾ ੫, ਪੰਨਾ 374)*

ਤੂੰ ਸਿਰਮੌਰ ਹੈਂ ਇਸ ਧਰਤੀ ਵਿਚ। ਕਿਸ ਪੱਖ ਤੋਂ ਸਿਰਮੌਰ ਹੈਂ, ਸਰੀਰਕ ਬਲ ਕਰਕੇ ! ਕਤੱਈ ਨਹੀਂ। ਸਰੀਰਕ ਬਲ ਵਿਚ ਘੋੜੇ ਅੱਗੇ ਨੇ। ਹਾਥੀ ਅੱਗੇ ਨੇ।

ਕਿਸ ਕਰਕੇ ਇਹ ਮਨੁੱਖ ਮਹਾਨ ਹੈ ? ਕਿਆ ਸਾਹਸ ਕਰਕੇ ? ਸਾਹਸ ਸ਼ੇਰ ਵਿਚ ਮਨੁੱਖ ਨਾਲੋਂ ਜ਼ਿਆਦਾ ਹੈ। ਆਪਣੇ ਤੋਂ ਜ਼ਿਆਦਾ ਵਜ਼ਨੀ ਪਸ਼ੂ ਨਾਲ, ਭਾਰੀ ਪਸ਼ੂ ਨਾਲ ਔਰ ਸ਼ਕਤੀਸ਼ਾਲੀ ਪਸ਼ੂ ਨਾਲ ਵੀ ਉਹ ਭਿੜ ਜਾਂਦਾ ਹੈ। ਹਮਲਾ ਕਰ ਦਿੰਦਾ ਹੈ। ਸਾਹਸ—ਦਲੇਰੀ ਏ। ਉਹ ਹਾਥੀ ਦੀ ਵੀ ਗਰਦਨ 'ਤੇ ਸਵਾਰ ਹੋ ਜਾਂਦਾ ਹੈ। ਸਾਹਸ ਵਿਚ ਸ਼ੇਰ ਅੱਗੇ ਨੇ। ਮਨੁੱਖ ਕਿਸ ਗੱਲ ਕਰਕੇ ਮਹਾਨ ਹੈ, ਸੁਹੱਪਣ ਦੇ ਵਿਚ। ਭਾਈ ਸਾਹਿਬ ਕਹਿੰਦੇ ਨੇ, ਸੁੰਦਰਤਾ ਵਿਚ ਮੋਰ ਅੱਗੇ ਨੇ, ਮਨੁੱਖ ਨਾਲੋਂ। ਬੇਸ਼ਤਰ ਪੰਛੀ ਅੱਗੇ ਨੇ :

**ਜੈਸੇ ਨੈਨ ਬੈਨ ਪੰਖ ਸੁੰਦਰ ਸਰਬੰਗ ਮੋਰ..... ॥**

ਉਹਦੀਆਂ ਅੱਖਾਂ ਖ਼ੂਬਸੂਰਤ ਨੇ, ਉਹਦੀ ਆਵਾਜ਼ ਵਿਚ ਮਿਠਾਸ ਹੈ। ਉਹਦੇ ਪੰਖ ਅਤੀ ਸੁੰਦਰ ਨੇ। ਫਿਰ ਮਨੁੱਖ ਕਿਹੜੀ ਗੱਲ ਵਿਚ ਅੱਗੇ ਐ ! ਦੌੜਨ ਵਿਚ ? ਜਿਤਨੀ ਤੇਜ਼ੀ ਨਾਲ ਹਿਰਨ ਦੌੜ ਲੈਂਦੇ ਨੇ, ਮਨੁੱਖ ਨਹੀਂ ਦੌੜ ਸਕਦਾ। ਜਿਤਨੀ ਸੁਤੰਤਰਤਾ ਨਾਲ ਮਛਲੀਆਂ ਪਾਣੀ ਵਿਚ ਤੈਰ ਲੈਂਦੀਆਂ ਨੇ, ਇਸ ਢੰਗ ਨਾਲ ਮਨੁੱਖ ਨਹੀਂ ਤੈਰ ਸਕਦਾ। ਜਿਤਨੀ ਸੁਤੰਤਰਤਾ ਦੇ ਨਾਲ ਪੰਛੀ ਆਕਾਸ਼ ਵਿਚ ਉੱਡ ਲੈਂਦੇ ਨੇ, ਮਨੁੱਖ ਇਸ ਤਰ੍ਹਾਂ ਨਹੀਂ ਉੱਡ ਸਕਦਾ। ਅਗਰ ਸਰੀਰਕ ਬਲ ਨੂੰ ਲਓ, ਸਰੀਰਕ ਸਮਰੱਥਾ ਨੂੰ ਲਓ, ਸਰੀਰਕ ਕਲਾ ਨੂੰ ਲਓ, ਪਸ਼ੂ-ਪਕਸ਼ੀ ਮਨੁੱਖ ਨਾਲੋਂ ਅੱਗੇ ਨੇ, ਬਹੁਤ ਅੱਗੇ ਨੇ। ਫਿਰ ਇਹ ਧਰਤੀ ਦਾ ਸਰਦਾਰ ਹੈ ਔਰ ਇਹਨੂੰ ਇਸਲਾਮ ਅਸ਼ਰੁਫੁੱਲ ਮਖ਼ਲੂਕਾਤ ਕਹਿੰਦਾ ਹੈ। ਕਿਸ ਬਿਨਾਅ 'ਤੇ ਕਹਿੰਦਾ ਹੈ ? ਇਹਦੇ ਕੋਲ ਅਕਲ ਹੈ। ਇਹਦੇ ਕੋਲ ਬੁੱਧ ਹੈ। ਔਰ ਇਸ ਬੁੱਧ ਬਲ ਦੇ ਨਾਲ ਮਹਾਨ ਹਾਥੀ ਜੈਸੇ ਨੂੰ ਵੀ ਇਸਨੇ ਆਪਣੇ ਕਾਬੂ ਵਿਚ ਰੱਖਿਆ ਹੈ। ਕਈ ਗੁਣਾ ਸ਼ਕਤੀਸ਼ਾਲੀ ਹਾਥੀ—ਇਕ ਮਹਾਵਤ ਉਸਨੂੰ ਚਲਾ ਰਿਹੈ। ਮਨੁੱਖ ਨੇ ਕਾਬੂ ਕੀਤਾ ਏ। ਸਰਕਸ ਵਿਚ ਤਰ੍ਹਾਂ ਤਰ੍ਹਾਂ ਦੇ ਕੌਤਕ ਕਰਦਾ ਪਿਆ ਏ। ਬੌਧਿਕ ਬਲ ਦੇ ਨਾਲ ਹੀ ਮਨੁੱਖ ਨੇ ਸ਼ੇਰ ਨੂੰ ਪਿੰਜਰੇ ਵਿਚ ਪਾਇਆ ਹੈ। ਚਿੜੀਆ ਘਰਾਂ ਵਿਚ ਡੱਕ ਕੇ ਰੱਖਿਆ ਔਰ ਸਰਕਸ ਵਿਚ ਤਰ੍ਹਾਂ ਤਰ੍ਹਾਂ ਦੇ ਤਮਾਸ਼ੇ ਕਰਦੇ ਸ਼ੇਰ ਦੇਖੇ ਨੇ। ਇਹ ਕਿਆ ਸਰੀਰਕ ਬਲ ਦੇ ਨਾਲ ਕਾਬੂ ਕੀਤਾ ਮਨੁੱਖ ਨੇ ? ਨਹੀਂ, ਬੌਧਿਕ ਬਲ ਨਾਲ ਕਾਬੂ ਕੀਤਾ। ਸ਼ਕਤੀਸ਼ਾਲੀ ਨੂੰ ਬੌਧਿਕ ਬਲ ਨਾਲ ਕਾਬੂ ਕੀਤਾ। ਬੌਧਿਕ ਬਲ ਨੇ ਵਗਦੇ ਹੋਏ ਦਰਿਆਵਾਂ ਦੇ ਵਹਿਣ ਰੋਕੇ ਨੇ। ਡੈਮ ਬਣਾਏ, ਬੰਨ੍ਹ ਬਣਾਏ ਨੇ। ਉਹਨਾਂ ਦੇ ਰੁਖ਼ ਬਦਲ ਕੇ ਰੱਖ ਦਿੱਤੇ ਨੇ। ਦਰਿਆਵਾਂ ਦੇ ਰੁਖ਼ ਮੋੜ ਕੇ ਰੱਖ ਦਿੱਤੇ ਨੇ। ਮਨੁੱਖ ਦੀ ਸਿਆਣਪ ਬੜੀ ਅਜ਼ੀਮ ਹੈ। ਮਨੁੱਖ ਦੇ ਕੋਲ ਬੌਧਿਕ ਬਲ ਬੜਾ ਮਹਾਨ ਹੈ। ਇਸ ਵਾਸਤੇ ਬਹਾਦਰ ਸ਼ਾਹ ਜ਼ਫ਼ਰ ਕਹਿੰਦੇ ਨੇ :

ਬਨਾਇਆ ਹੈ ਜ਼ਫ਼ਰ ਮਾਲਕ ਨੇ।

ਉਸ ਪਰਵਰਦਗਾਰ ਨੇ, ਉਸ ਖ਼ੁਦਾ ਨੇ ਇਨਸਾਨ ਤੋਂ ਅੱਗੇ ਕੁਝ ਨਹੀਂ ਬਣਾਇਆ। ਬਹੁਤ ਕੁਝ ਬਣਾਇਆ ਪਰ ਸਿਖਰ ਦੀ ਜਿਹੜੀ ਬਣਤਰ ਹੈ, ਉਹ ਇਨਸਾਨ ਹੈ:

ਬਨਾਇਆ ਹੈ ਜ਼ਫ਼ਰ ਮਾਲਕ ਨੇ ਕਬ ਇਨਸਾਂ ਸੇ ਬੜ੍ਹਕਰ,
ਪਰੀ ਕੋ ਦੇਵ ਕੋ ਜਿਨ ਕੋ ਫ਼ਰਿਸਤੋ ਹੂਰੋ ਗਿਲਮਾ ਕੋ।

ਇਨਸਾਨ ਤੋਂ ਸਭ ਕੁਝ ਥੱਲੇ ਹੈ। ਦੇਵਤੇ ਵੀ ਥੱਲੇ ਹਨ। ਸਭ ਕੁਝ ਥੱਲੇ ਹੈ:

**ਅਵਰ ਜੋਨਿ ਤੇਰੀ ਪਨਿਹਾਰੀ ॥**
**ਇਸੁ ਧਰਤੀ ਮਹਿ ਤੇਰੀ ਸਿਕਦਾਰੀ ॥**

ਮਨੁੱਖ ਅਸ਼ਰੁਫ਼ੁੱਲ ਮਖ਼ਲੂਕਾਤ ਹੈ। ਇਤਨੀ ਗੱਲ ਤਾਂ ਗੁਰਬਾਣੀ ਚੇਤੇ ਕਰਾਂਦੀ ਏ, ਤੂੰ ਇਸ ਧਰਤੀ ਉੱਤੇ ਮਹਾਨ ਏਂ, ਸਭ ਤੋਂ ਵੱਡਾ ਏਂ। ਆਪਣੇ ਤੋਂ ਉੱਚੇ ਦਾ ਆਸਰਾ ਪਕੜੇਂਗਾ, ਉੱਚਾ ਹੋ ਜਾਵੇਂਗਾ। ਆਪਣੇ ਤੋਂ ਨੀਵੇਂ ਦਾ ਆਸਰਾ ਪਕੜੇਂਗਾ, ਛੋਟਾ ਹੋ ਜਾਵੇਂਗਾ। ਥੱਲੇ ਚਲਾ ਜਾਵੇਂਗਾ। ਇਸ ਵਾਸਤੇ ਸਹਾਰਾ ਲੱਭਣ ਵਿਚ ਸਿਆਣਪ ਵਰਤੀਂ, ਉਥੇ ਵੀ ਬੌਧਿਕ ਬਲ ਵਰਤੀਂ।

ਕਹਿੰਦੇ ਨੇ, ਛੋਟੇ ਸਾਧਨਾਂ ਦੇ ਨਾਲ ਵੱਡੇ ਕਾਰਜ ਨਹੀਂ ਹੁੰਦੇ। ਇਹਨੂੰ ਕਵੀ ਰਹੀਮ ਇਕ ਉਦਾਹਰਣ ਨਾਲ ਸਪੱਸ਼ਟ ਕਰਦੇ ਨੇ। ਕਹਿੰਦੇ ਨੇ, ਨਗਾਰਾ ਬਣਾਣਾ, ਔਰ ਸੌ ਚੂਹਿਆਂ ਦੀ ਖੱਲ ਵੀ ਹੋਵੇ ਤਾਂ ਨਹੀਂ ਮੜ੍ਹਿਆ ਜਾਵੇਗਾ। ਇਕ ਊਠ ਦੀ ਖੱਲ ਚਾਹੀਦੀ ਹੈ, ਨਗਾਰੇ ਨੂੰ ਮੜ੍ਹਨ ਵਾਸਤੇ। ਨਗਾਰੇ 'ਤੇ ਜਿਹੜੀ ਖੱਲ ਲਾਂਦੇ ਨੇ, ਊਠ ਦੀ ਹੁੰਦੀ ਹੈ। ਪਰ ਰਹੀਮ ਕਹਿੰਦੇ ਨੇ, ਸੌ ਚੂਹਿਆਂ ਦੀ ਖੱਲ ਲਾਹ ਦੇਈਏ, ਕਿਆ ਨਗਾਰਾ ਮੜ੍ਹਿਆ ਜਾਏਗਾ? ਵੱਡੇ ਕੰਮ, ਵੱਡੇ ਸਾਧਨਾਂ ਨਾਲ ਹੁੰਦੇ ਨੇ, ਛੋਟੇ ਸਾਧਨਾਂ ਨਾਲ ਨਹੀਂ। ਛੋਟੇ ਸਾਧਨਾਂ ਦੇ ਨਾਲ ਵੱਡੇ ਮਕਸਦ ਨਹੀਂ ਹੱਲ ਕੀਤੇ ਜਾ ਸਕਦੇ। ਦਰਿਆ ਤੋਂ ਪਾਰ ਹੋਣਾ ਏ, ਕਾਗ਼ਜ਼ ਦੀ ਬੇੜੀ ਵਿਚ ਬੈਠ ਕੇ ਪਾਰ ਨਹੀਂ ਹੋ ਸਕਦੇ। ਭਾਵੇਂ ਬੇੜੀਆਂ ਹੀ ਪਾਰ ਕਰਦੀਆਂ ਨੇ ਪਰ ਕਾਗ਼ਜ਼ ਦੀ ਬੇੜੀ ਨਹੀਂ ਪਾਰ ਕਰ ਸਕਦੀ। ਹਾਂ, ਕਾਗ਼ਜ਼ ਦੀ ਬੇੜੀ ਵਿਚ ਕੋਈ ਕੀੜੀ ਬੈਠ ਗਈ ਤੇ ਸ਼ਾਇਦ ਪਾਰ ਹੋ ਜਾਏ। ਮਨੁੱਖ ਬੈਠ ਕੇ ਪਾਰ ਨਹੀਂ ਹੋ ਸਕਦਾ। ਨਹੀਂ ਬੈਠ ਸਕਦਾ। ਵੱਡੇ ਕੰਮਾਂ ਦੀ ਪੂਰਤੀ ਲਈ ਸਾਧਨ ਵੱਡੇ ਚਾਹੀਦੇ ਨੇ।

ਮਨੁੱਖ ਮਹਾਨ ਹੋਣਾ ਚਾਹੁੰਦਾ ਏ। ਔਰ ਇਤਨਾ ਮਹਾਨ ਹੋਣਾ ਚਾਹੁੰਦਾ ਏ ਕਿ:

**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥** *(ਜਪੁ ਜੀ)*

**ਗਿਰਤ ਅਕਾਸ ਤੇ ਪਰਤ ਪ੍ਰਿਥੀ ਪਰ ਜਉ,**
**ਗਹੈ ਆਸਰੋ ਪਵਨੁ ਕਵਨਹਿ ਕਾਜ ਹੈ॥**

ਆਸਰਾ ਪਕੜੇ ਪਵਨ ਦਾ, ਹਵਾ ਦਾ, ਪਈ ਮੈਂ ਗਿਰਨ ਤੋਂ ਬਚ ਜਾਵਾਂ। ਨਹੀਂ ਗਿਰੇਗਾ। ਗਿਰਦੇ ਹੋਏ ਮਨੁੱਖ ਨੂੰ ਪਵਨ ਨਹੀਂ ਥੰਮ੍ਹ ਸਕਦੀ। ਇਹ ਗਿਰਦੇ ਹੋਏ ਮਨੁੱਖ ਨੂੰ ਪਵਨ ਨਹੀਂ ਬਚਾ ਸਕਦੀ। ਭਾਵੇਂ ਪਵਨ ਦੀ ਆਪਣੀ ਹੋਂਦ ਹੈ ਪਰ ਗਿਰਦੇ ਹੋਏ ਮਨੁੱਖ ਨੂੰ ਨਹੀਂ ਥੰਮ੍ਹ ਸਕਦੀ। ਭਾਵੇਂ ਪਵਨ ਦਾ ਆਪਣਾ ਵਜੂਦ ਹੈ, ਆਪਣੀ ਗੱਲ ਹੈ, ਲੇਕਿਨ ਗਿਰਦੇ ਹੋਏ ਮਨੁੱਖ ਨੂੰ ਪਵਨ ਨਹੀਂ ਥੰਮ੍ਹ ਸਕਦੀ। ਮਨੁੱਖ ਗਿਰੇਗਾ, ਗਿਰੇਗਾ।

ਦੂਸਰਾ ਉਦਾਹਰਣ—ਜੋ ਭਾਈ ਗੁਰਦਾਸ ਜੀ ਦੇ ਰਹੇ ਨੇ ਔਰ ਇਕ-ਇਕ ਉਦਾਹਰਣ ਬੜਾ ਖ਼ਾ-ਕਮਾਲ ਹੈ:

**ਜਰਤ ਬੈਸੰਤਰ ਜਉ ਧਾਇ ਧਾਇ ਧੂਮ ਗਹੈ,**
**ਨਿਕਸਿਓ ਨ ਜਾਇ ਖਲ ਬੁਧਿ ਉਪਰਾਜ ਹੈ॥**

ਕੋਈ ਮਨੁੱਖ ਜਵਾਲਾਮੁਖੀ ਅੱਗ ਵਿਚ ਗਿਰ ਜਾਏ, ਭਿਅੰਕਰ ਅੱਗ ਵਿਚ ਗਿਰ ਜਾਏ। ਤੇ ਹੁਣ ਧੂੰਏਂ ਨੂੰ ਪਕੜ ਕੇ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਲਦੇ ਹੋਏ ਮਨੁੱਖ ਦਾ ਧੂੰਆਂ ਆਸਰਾ ਨਹੀਂ ਬਣ ਸਕਦਾ। ਤੇ ਧੂੰਆਂ ਉਸ ਨੂੰ ਅੱਗ ਵਿੱਚੋਂ ਨਹੀਂ ਕੱਢ ਸਕਦਾ। ਗਿਰਦੇ ਹੋਏ ਮਨੁੱਖ ਨੂੰ ਪਵਨ ਨਹੀਂ ਥੰਮ੍ਹ ਸਕਦੀ। ਮਨੁੱਖ ਦਾ ਗਿਰਨਾ ਸਿਰਫ਼ ਕਿਸੇ ਉੱਚੀ ਥਾਂ ਤੋਂ ਹੀ ਨਹੀਂ ਹੁੰਦਾ। ਇਕ ਸ਼ਾਇਰ ਦਾ ਕਹਿਣਾ:

ਗਿਰ ਜਾਏ ਹਿਮਾਲਾ ਸੇ ਤੋ ਭੀ ਗ਼ਮ ਨਹੀਂ।
ਗਿਰ ਜਾਏ ਨਾ ਇਨਸਾਂ ਕਭੀ ਇਨਸਾਂ ਕੀ ਨਜ਼ਰ ਸੇ।

ਮਨੁੱਖ ਦੀਆਂ ਨਜ਼ਰਾਂ ਤੋਂ ਗਿਰ ਗਿਆ। ਹੁਣ ਲੋਕਾਂ ਦੀਆਂ ਨਜ਼ਰਾਂ ਤੇ ਉਪਰ ਨੇ, ਇਹ ਨਜ਼ਰਾਂ ਤੋਂ ਥੱਲੇ ਚਲਾ ਗਿਆ। ਮਨੁੱਖਾਂ ਦੀਆਂ ਨਜ਼ਰਾਂ ਤੋਂ ਗਿਰ ਗਿਆ। ਕੁਝ ਐਸਾ ਕਰ ਬੈਠਾ, ਨਜ਼ਰਾਂ ਤੋਂ ਗਿਰ ਗਿਆ। ਜਲਨਾ, ਗਿਰਨਾ; ਇਕ ਹੋਰ ਵੀ ਉਦਾਹਰਣ ਦਿੱਤਾ ਏ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ। ਸਲੋਕ ਸਹਸਕ੍ਰਿਤੀ ਮਹਲਾ ੫, ਮਹਾਰਾਜ ਜੀ ਕਹਿੰਦੇ ਨੇ:

**ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪ੍ਯ ਬੈਸ੍ਵਾਂਤਰਹ॥**
**ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰ ਤ ਮਰਣਹ॥**

*(ਸਲੋਕ ਸਹਸਕ੍ਰਿਤੀ ਮਹਲਾ ੫, ਪੰਨਾ 1355)*

ਬੜਾ ਕੀਮਤੀ ਸਲੋਕ ਹੈ ਗੁਰੂ ਅਰਜਨ ਦੇਵ ਜੀ ਦਾ, "ਗਿਰੰਤ ਗਿਰਿ..."

ਕੋਈ ਬਹੁਤ ਉੱਚੀ ਪਹਾੜ ਦੀ ਚੋਟੀ ਤੋਂ ਗਿਰ ਰਿਹਾ ਹੋਵੇ, "ਗਿਰੰਤ ਗਿਰਿ ਪਤਿਤ ਪਾਤਾਲੰ"; ਥੱਲੇ ਖੱਡ ਵਿਚ ਵਹਿ ਰਿਹਾ ਹੋਵੇ, ਉਪਰੋਂ ਬੁਲੰਦੀ ਤੋਂ ਗਿਰ ਰਿਹਾ ਹੋਵੇ :

**ਜਲੰਤ ਦੇਦੀਪ੍ਯ ਬੈਸ੍ਵਾਂਤਰਹ ॥**

ਭਿਅੰਕਰ ਅੱਗ ਦਿਪਤ ਹੋਵੇ, ਉਹਦੇ ਵਿਚ ਗਿਰ ਕੇ ਕੋਈ ਜਲੇ :

**ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰ ਤ ਮਰਣਹ ॥**

ਅਥਾਹ ਸਾਗਰ ਬੜਾ ਗਹਿਰਾ, ਬਹਾਓ ਬੜਾ ਤਿਖਾ, ਉਹਦੇ 'ਚ ਕੋਈ ਗਿਰ ਜਾਏ। ਇਹ ਤਿੰਨ ਉਦਾਹਰਣ ਕਿਸ ਪ੍ਰਥਾਇ ਦਿੱਤੇ ਨੇ। ਬਹੁਤ ਬੁਲੰਦੀ ਤੋਂ ਗਿਰਨਾ, ਭਿਅੰਕਰ ਅਗਨ ਵਿਚ ਜਲਨਾ, ਔਰ ਬਹੁਤ ਗਹਿਰੇ ਪਾਣੀ ਦੇ ਬਹਾਓ 'ਚ ਡੁਬਣਾ :

**ਗਿਰੰਤ ਗਿਰਿ ਪਤਿਤ ਪਾਤਾਲੰ ਜਲੰਤ ਦੇਦੀਪ੍ਯ ਬੈਸ੍ਵਾਂਤਰਹ ॥**
**ਬਹੰਤਿ ਅਗਾਹ ਤੋਯੰ ਤਰੰਗੰ ਦੁਖੰਤ ਗ੍ਰਹ ਚਿੰਤਾ ਜਨਮੰ ਤ ਮਰਣਹ ॥**

'ਗ੍ਰਹ ਚਿੰਤਾ'—ਘਰ ਦਾ ਕਲੇਸ਼। ਇਤਨੀ ਭਿਅੰਕਰ ਅੱਗ ਹੈ, ਇਤਨੀ ਭਿਅੰਕਰ ਗਿਰਾਵਟ ਹੈ, ਇਤਨਾ ਭਿਅੰਕਰ ਡੁੱਬਣਾ ਹੈ। ਮਹਾਰਾਜ ਕਹਿੰਦੇ ਨੇ, ਇਹਦੇ ਸਾਹਮਣੇ ਹਿਮਾਲਿਆ ਤੋਂ ਗਿਰਨਾ, ਜ਼ਿੰਦਾ ਅੱਗ ਵਿਚ ਜਲਣਾ ਔਰ ਭਿਅੰਕਰ ਗਹਿਰੇ ਪਾਣੀ ਵਿਚ ਡੁੱਬਣਾ, ਕੁਝ ਵੀ ਨਹੀਂ, ਕੁਝ ਵੀ ਨਹੀਂ।

ਭਾਈ ਸਾਹਿਬ ਭਾਈ ਗੁਰਦਾਸ ਜੀ ਇਸੇ ਭਾਵ ਨੂੰ ਲੈ ਕੇ ਸਮਝਾ ਰਹੇ ਨੇ।

**ਗਿਰਤ ਅਕਾਸ ਤੇ..... ॥**

ਬੜੀ ਮਾਣ-ਮਰਯਾਦਾ ਸੀ, ਬੜੀ ਸ਼ਾਨੋ-ਸ਼ੌਕਤ ਸੀ, ਬੜੀ ਇੱਜ਼ਤ ਸੀ, ਬੜੀ ਸੰਪਦਾ ਸੀ, ਬਹੁਤ ਕੁਝ ਸੀ—ਗਿਰ ਗਿਆ, ਗਿਰ ਗਿਆ। ਉਤਰਾਓ-ਚੜ੍ਹਾਅ ਚੱਲਦੇ ਨੇ ਫਿਰ। ਚੱਲਦੇ ਨੇ। ਇਕ ਆਲਮ ਦਾ ਇੰਜ ਕਹਿਣਾ :

ਮਿਟੇ ਜ਼ਿੰਦਗੀ ਕੇ ਨਿਸ਼ਾਂ ਕੈਸੇ ਕੈਸੇ।
ਜ਼ਮੀਂ ਖਾ ਗਈ ਆਸਮਾਂ ਕੈਸੇ ਕੈਸੇ।

ਅਸਮਾਨਾਂ ਦੀ ਤਰ੍ਹਾਂ ਜਿਹਨਾਂ ਦੀ ਸ਼ਾਨੋ-ਸ਼ੌਕਤ ਸੀ, ਜ਼ਮੀਨ ਖਾ ਗਈ। ਥੱਲੇ ਆ ਗਏ, ਥੱਲੇ ਆ ਗਏ :

**ਗਿਰੰਤ ਗਿਰਿ ਪਤਿਤ ਪਾਤਾਲੰ..... ॥**

ਭਾਈ ਸਾਹਿਬ ਕਹਿੰਦੇ ਨੇ, ਉਹਨਾਂ ਦਾ ਬੜਾ ਸੁੰਦਰ ਫ਼ੁਰਮਾਨ :

**ਗਿਰਤ ਅਕਾਸ ਤੇ ਪਰਤ ਪ੍ਰਿਥੀ ਪਰ ਜਉ,**
**ਗਹੈ ਆਸਰੋ ਪਵਨ ਕਵਨਹਿ ਕਾਜ ਹੈ॥**

ਬੜੀ ਬੁਲੰਦੀ ਤੋਂ ਗਿਰ ਰਿਹਾ ਹੋਵੇ ਤੇ ਗਿਰਦਿਆਂ-ਗਿਰਦਿਆਂ ਹਵਾ ਨੂੰ ਪਕੜੇ ਤੇ ਆਖੇ ਮੈਂ ਗਿਰਨ ਤੋਂ ਬਚ ਜਾਵਾਂ, ਨਹੀਂ ਹੋ ਸਕਦਾ। ਇਹ ਮਿਥਿਆ ਸਹਾਰਾ ਏ। ਇਹ ਫ਼ਜ਼ੂਲ ਸਹਾਰਾ ਏ:

**ਜਰਤ ਬੈਸੰਤਰ ਜਉ ਧਾਇ ਧਾਇ ਧੂਮ ਗਹੈ,**
**ਨਿਕਸਿਓ ਨ ਜਾਇ ਖਲ ਬੁਧਿ ਉਪਰਾਜ ਹੈ॥**

ਜਵਾਲਾਮੁਖੀ ਦੀ ਅੱਗ ਵਿਚ ਜਲ ਰਿਹਾ ਹੋਵੇ ਤੇ ਧੂੰਏਂ ਨੂੰ ਪਕੜ ਕੇ ਬਾਹਰ ਨਿਕਲਣ ਦੀ ਕੋਸ਼ਿਸ਼ ਕਰੇ, ਵਿਅਰਥ ਆਸਰਾ ਏ, ਫ਼ਜ਼ੂਲ ਆਸਰਾ ਏ। ਮੂਰਖਤਾ ਏ। ਧੂੰਆਂ ਇਸ ਨੂੰ ਅੱਗ ਵਿੱਚੋਂ ਨਹੀਂ ਕੱਢ ਸਕਦਾ:

**ਜਰਤ ਬੈਸੰਤਰ ਜਉ ਧਾਇ ਧਾਇ ਧੂਮ ਗਹੈ,**
**ਨਿਕਸਿਓ ਨ ਜਾਇ ਖਲ ਬੁਧਿ ਉਪਰਾਜ ਹੈ॥**
**ਸਾਗਰ ਅਪਾਰ ਧਾਰ ਬੂਡਤ ਜਉ ਫੇਨ ਗਹੈ,**
**ਅਨਿਥਾ ਬੀਚਾਰ ਪਾਰ ਜੈਬੇ ਕਉ ਨ ਸਾਜ ਹੈ॥**

ਅਥਾਹ ਸਮੁੰਦਰ ਦੀਆਂ ਲਹਿਰਾਂ ਵਿਚ ਡੁੱਬ ਰਿਹਾ ਹੋਵੇ ਤੇ ਡੁੱਬਦਿਆਂ ਡੁੱਬਦਿਆਂ ਸੋਚੇ ਮੈਂ ਸਮੁੰਦਰ ਦੀ ਝੱਗ ਨੂੰ, ਫੇਨ ਨੂੰ ਪਕੜ ਲਵਾਂ, ਸਮੁੰਦਰ ਦੀ ਝੱਗ ਨੂੰ; ਇਹ ਝੱਗ ਮੈਨੂੰ ਕਿਨਾਰੇ 'ਤੇ ਲਾ ਦਏਗੀ। ਨਹੀਂ, ਡੁੱਬਦੇ ਹੋਏ ਮਨੁੱਖ ਦਾ ਝੱਗ ਸਹਾਰਾ ਨਹੀਂ ਹੋ ਸਕਦੀ। ਗਿਰਦੇ ਹੋਏ ਮਨੁੱਖ ਦਾ ਪਵਨ ਸਹਾਰਾ ਨਹੀਂ ਹੋ ਸਕਦੀ। ਜਲਦੇ ਹੋਏ ਮਨੁੱਖ ਦਾ ਧੂੰਆਂ ਸਹਾਰਾ ਨਹੀਂ ਬਣ ਸਕਦਾ। ਭਾਈ ਸਾਹਿਬ ਕਹਿੰਦੇ ਨੇ, ਤੂੰ ਅਸ਼ਰੁਫੁੱਲ ਮਖ਼ਲੂਕਾਤ ਏਂ। ਸਿਰਮੌਰ ਏਂ। ਆਪਣੇ ਤੋਂ ਛੋਟੇ ਦਾ ਸਹਾਰਾ ਪਕੜਨਾ ਇੰਜ ਹੈ ਜਿਵੇਂ ਕੋਈ ਗਿਰਦਾ ਹੋਇਆ ਪਵਨ ਨੂੰ ਪਕੜੇ, ਜਲਦਾ ਹੋਇਆ ਧੂੰਏਂ ਨੂੰ ਪਕੜੇ, ਡੁੱਬਦਾ ਹੋਇਆ ਝੱਗ ਨੂੰ ਪਕੜੇ:

**ਸਾਗਰ ਅਪਾਰ ਧਾਰ ਬੂਡਤ ਜਉ ਫੇਨ ਗਹੈ,**
**ਅਨਿਥਾ ਬੀਚਾਰ ਪਾਰ ਜੈਬੇ ਕਉ ਨ ਸਾਜ ਹੈ॥**
**ਤੈਸੇ ਆਵਾ ਗਵਨ ਦੁਖਤ ਆਨ ਦੇਵ ਸੇਵ,**
**ਬਿਨੁ ਗੁਰ ਸਰਨਿ ਨ ਮੋਖ ਪਦੁ ਰਾਜ ਹੈ॥੪੭੩॥**

ਇਕ ਪਰਮਾਤਮਾ ਗੁਰੂ ਨੂੰ ਛੱਡ ਕੇ ਹੋਰ ਹੋਰ ਜਿਹੜੇ ਆਸਰੇ ਪਕੜਦਾ ਹੈ, ਨਾ ਇਹ ਗਿਰਨ ਤੋਂ ਬਚੇਗਾ, ਨਾ ਇਹ ਡੁੱਬਣ ਤੋਂ ਬਚੇਗਾ, ਨਾ ਇਹ ਜਲਨ ਤੋਂ ਬਚੇਗਾ। ਸਾਰੇ ਆਸਰੇ ਵਿਅਰਥ। ਉਸ ਦਾ ਆਸਰਾ ਪਕੜ, ਜੋ ਹਰ ਜਗ੍ਹਾ ਹੈ।

"ਜਿਥੈ ਹਰਿ ਆਰਾਧੀਐ" ਵਿਆਪਕ ਹੈ ਪਰਮਾਤਮਾ ਪ੍ਰਕਾਸ਼ ਦੇ ਰੂਪ ਵਿਚ। ਵਿਆਪਕ ਹੈ ਪਰਮਾਤਮਾ ਸ਼ਬਦ ਦੇ ਰੂਪ ਵਿਚ:

**ਠਾਕੁਰੁ ਹਮਰਾ ਸਦ ਬੋਲੰਤਾ॥** *(ਮਹਲਾ ੫, ਪੰਨਾ 1160)*

ਮੇਰਾ ਠਾਕੁਰ ਹਰ ਵਕਤ ਬੋਲ ਰਿਹੈ ਔਰ ਉਹਦਾ ਬੋਲ ਵਿਆਪਕ ਹੈ। ਉਹ ਠਾਕੁਰ ਹਰ ਜਗਹ ਦੇਖ ਰਿਹੈ ਕਿਉਂਕਿ ਵਿਆਪਕ ਹੈ:

**ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥**
*(ਸੋਰਠਿ ਮਹਲਾ ੫, ਪੰਨਾ 612)*

ਸਦਾ ਸੁਣਦਾ ਪਿਆ ਏ, ਸਭ ਨੂੰ ਸੁਣਦਾ ਪਿਆ ਏ। ਸਦਾ ਵੇਖਦਾ ਪਿਆ ਏ, ਸਭ ਨੂੰ ਵੇਖਦਾ ਪਿਆ ਏ। ਸਦਾ ਬੋਲਦਾ ਵੀ ਪਿਆ ਏ। ਮਹਾਰਾਜ ਕਹਿੰਦੇ ਨੇ, ਉਹਦਾ ਆਸਰਾ ਪਕੜ। ਜ਼ਿੰਦਗੀ 'ਚ ਕਦੇ ਬੇਆਸਰਾ ਨਹੀਂ ਹੋਵੇਂਗਾ। ਬਾਕੀ ਕੋਈ ਵੀ ਆਸਰਾ ਪਕੜ, ਬੇਆਸਰਾ ਹੋ ਜਾਏਂਗਾ। ਅਕਲ ਵਧਦੀ ਏ। ਜਿਹੜਾ ਮਨੁੱਖ ਪਰਮਾਤਮਾ ਦਾ ਆਸਰਾ ਪਕੜ ਲੈਂਦਾ ਏ, ਜ਼ਿੰਦਗੀ 'ਚ ਕਦੇ ਨਿਆਸਰਾ ਨਹੀਂ ਹੁੰਦਾ। ਜੀਵਨ ਵਿਚ ਕਦੀ ਬੇਆਸਰਾ ਨਹੀਂ ਹੁੰਦਾ। ਨਾ ਪਰਮਾਤਮਾ ਮਰਦਾ, ਨਾ ਉਹ ਕਦੀ ਬੇਆਸਰਾ ਹੁੰਦਾ। ਉਹਦਾ ਆਸਰਾ ਸਦਾ ਬਣਿਆ ਰਹਿੰਦਾ ਏ। ਉਹਦੀ ਟੇਕ ਸਦਾ ਬਣੀ ਰਹਿੰਦੀ ਏ।

ਗੁਰੂ ਘਰ ਦੀ ਇਹ ਮਰਯਾਦਾ, ਕੋਈ ਵੀ ਕਾਰਜ ਕਰਨਾ ਏ, ਆਸਰਾ ਗੁਰੂ ਦਾ, ਆਸਰਾ ਪ੍ਰਭੂ ਦਾ।

ਇਸ ਪਰਿਵਾਰ ਦਾ ਫ਼ਰਜ਼ੰਦ ਛੋਟਾ, ਇਕ ਤੇ ਨਾਂ ਅਸੀਂ ਹੋਰ ਦੇ ਹੋਰ ਰੱਖ ਲੈਂਨੇ ਆਂ। ਪ੍ਰਚਲਿਤ ਉਹੀ ਕਰਨੇ ਚਾਹੀਦੇ ਨੇ, ਜਿਹੜੇ ਗੁਰੂ ਗ੍ਰੰਥ ਸਾਹਿਬ ਜੀ ਤੋਂ ਰੱਖੇ ਨੇ। ਚਿੰਟੂ ਕਹਿੰਦੇ ਨੇ, ਪਰ ਮੈਨੂੰ ਤੇ ਕੇਹਿਣ ਵਿਚ ਵੀ ਸ਼ਰਮ ਆਉਂਦੀ ਏ—ਚਿੰਟੂ-ਚਿੰਟੂ। ਪਤਾ ਨਹੀਂ ਕੀ ਨਾਂ ਰੱਖਿਆ ਗਿਆ ਸੀ.....ਮਨਜੀਤ ਸਿੰਘ। ਕਿੰਨਾ ਸੋਹਣਾ ਪਿਆਰਾ ਨਾਮ ਹੈ। ਤੇ ਸਤਿਗੁਰ ਦੇਵ ਜੀ ਮਹਾਰਾਜ ਰਹਿਮਤ ਕਰਨ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਹਾਰਾ ਪਕੜਿਆ ਔਰ ਇਹ ਪਰਿਵਾਰ ਮਾਤਾ ਪਿਤਾ ਤੋਂ ਹੀ ਗੁਰਮੁਖ ਹੈ। ਉਹਨਾਂ ਦਾ ਹਰ ਵਕਤ ਬਾਣੀ ਦੀ ਟੇਕ ਤੇ ਆਸਰਾ ਰਿਹਾ। ਔਰ ਜਗਹ-ਜਗਹ ਗੁਰਮਤਿ ਸਮਾਗਮਾਂ ਵਿਚ ਉਹ ਪਹੁੰਚਦੇ ਰਹੇ। ਅਰਦਾਸ ਹੈ ਇਹ ਸਹਾਰਾ ਸਦੀਵੀ ਬਣਿਆ ਰਹੇ। ਇਹ ਟੇਕ ਸਦੀਵੀ ਬਣੀ ਰਹੇ, ਤਾਂ ਕਿ ਜ਼ਿੰਦਗੀ 'ਚ ਇਹ ਕਦੀ ਬੇ-ਆਸਰਾ ਨਾ ਹੋਵਣ, ਬੇ-ਸਹਾਰਾ ਨਾ ਹੋਵਣ।

ਦੂਸਰੀ ਬੇਨਤੀ: ਕੱਲ ਦਾ ਜੋ ਸਮਾਗਮ ਹੈ ਅਨੰਦ ਕਾਰਜ ਦਾ..... ?